ਹਫਤਾਵਾਰੀ
# ਦੇਸ਼ ਦੁਆਬਾ
VOL - 4 ISSUE - 40
January 6, 2016
Postal Address
5101 Doe Hollow Pl, Antelope, CA-95843
www.deshdoaba.com
www.ambedkartimes.com
ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

GR Video Production

Where precious moments are captured
Gurinder Purewal
Videographer/Photographer
grvideoproductionOl@gmail.com
www.grvideoproduction.com
For bookings. Call (510) 921-6626 or Kash Fabrics (510) 538-1138

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

## ਕਿਸੇ ਵੇਲੇ ਵੀ ਹੋ ਸਕਦੀ ਹੈ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਗ੍ਰਿਫਤਾਰੀ

**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਵਿਚ ਰਹਿ ਰਹੇ ਗੈਰ ਕਾਨੂੰਨ ਪ੍ਰਵਾਸੀਆਂ ਦੇ ਸਿਰ ਤੇ ਗ੍ਰਿਫਤਾਰੀਆਂ ਦੀ ਤਲਵਾਰ ਆ ਲਟਕੀ ਹੈ, ਕਿਉਂਕਿ ਅਮਰੀਕਾ ਸਰਕਾਰ ਕਿਸੇ ਵੇਲੇ ਵੀ ਉਹਨਾਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਦੇ ਮੁਲਕ ਵਾਪਸ ਭੇਜ ਸਕਦੀ ਹੈ।ਇਨ੍ਹਾਂ ਵਿੱਚੋਂ ਜ਼ਿਆਦਾਤਰ ਲੋਕ ਦੱਖਣੀ ਸਰਹੱਦ ਰਾਹੀਂ ਦੇਸ਼ ਵਿੱਚ ਦਾਖ਼ਲ ਹੋਏ ਸਨ ਅਤੇ ਸ਼ਰਨ ਸਬੰਧੀ ਕੇਸ ਹਾਰ ਗਏ ਹਨ। ਅਮਰੀਕਾ ਦੇ ਅੰਦਰੂਨੀ ਸੁਰੱਖਿਆ ਮੰਤਰੀ ਜੇਅ ਜੌਹਨਸਨ ਨੇ ਕਿਹਾ ਕਿ ਪਿਛਲੇ ਹਫ਼ਤੇ ਆਵਾਸ ਅਤੇ ਆਬਕਾਰੀ ਏਜੰਸੀ (ਆਈਸੀਈ) ਨੇ ਬੱਚਿਆਂ ਸਮੇਤ ਦੇਸ਼ ਵਿੱਚ ਗ਼ੈਰਕਾਨੂੰਨੀ ਢੰਗ ਨਾਲ ਵੜੇ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈਣ ਅਤੇ ਉਨ੍ਹਾਂ ਆਪਣੇ ਆਪਣੇ ਮੁਲਕ ਵਾਪਸ ਭੇਜਣ ਲਈ ਮੁਹਿੰਮ ਵਿੱਢੀ ਹੈ। ਉਨ੍ਹਾਂ ਕਿਹਾ, ‘ਇਸ ਵਿੱਚ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ। ਮੈਂ ਕਈ ਮਹੀਨੇ ਪਹਿਲਾਂ ਜਨਤਕ ਤੌਰ ’ਤੇ ਕਿਹਾ ਸੀ ਕਿ ਜੋ ਲੋਕ ਇਕੱਲੇ ਜਾਂ ਪਰਿਵਾਰ ਸਮੇਤ ਸ਼ਰਨ ਲਈ ਗ਼ੈਰਕਾਨੂੰਨੀ ਢੰਗ ਨਾਲ ਆਏ ਹਨ। ਉਨ੍ਹਾਂ ਨੂੰ ਬਾਹਰ ਕੱਢਿਆ ਜਾਵੇਗਾ।’ ਉਨ੍ਹਾਂ ਦੱਸਿਆ ਕਿ ਹਿਰਾਸਤ ਵਿੱਚ ਲਏ ਗਏ ਪਰਵਾਸੀਆਂ ਵਿੱਚੋਂ ਜ਼ਿਆਦਾਤਰ ਮੈਕਸਿਕੋ ਨਾਲ ਲੱਗਦੀ ਦੱਖਣੀ ਸਰਹੱਦ ਰਾਹੀਂ ਅਮਰੀਕਾ ਵਿੱਚ ਦਾਖ਼ਲ ਹੋਏ ਹਨ। ਸ੍ਰੀ ਜੌਹਨਸਨ ਨੇ ਕਿਹਾ ਕਿ ਇਸ ਹਫ਼ਤੇ ਮੁਹਿੰਮਾਂ ਵਿੱਚ ਉਨ੍ਹਾਂ ਲੋਕਾਂ ’ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ, ਜੋ ਪਹਿਲੀ ਮਈ, 2014 ਬਾਅਦ ਗ਼ੈਰਕਾਨੂੰਨੀ ਢੰਗ ਨਾਲ ਦੱਖਣੀ ਸਰਹੱਦ ਪਾਰ ਕਰਦੇ ਫੜੇ ਗਏ ਸਨ।

# ਅਮਰੀਕਾ ਵਿਚ ਬੰਦੂਕਾਂ ਦੇ ਰੁਝਾਨ ਨੂੰ ਠੱਲ੍ਹ ਪਾਵਾਂਗੇ- ਓਬਾਮਾ

**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਦੇਸ਼ ਵਿੱਚ ਬੰਦੂਕ ਰੱਖਣ ਸਬੰਧੀ ਨਿਯਮ ਸਖ਼ਤ ਕਰਨ ਲਈ ਕਾਂਗਰਸ ਨੂੰ ਬਾਈਪਾਸ ਕਰਨਗੇ। ਦੱਸਣਯੋਗ ਹੈ ਕਿ ਅਮਰੀਕਾ ਵਿੱਚ ਪਿਛਲੇ ਦਹਾਕੇ ਦੌਰਾਨ ਸੂਮਹਿਕ ਗੋਲੀਕਾਂਡ ਵਿੱਚ ਇਕ ਲੱਖ ਤੋਂ ਵੱਧ ਜਾਨਾਂ ਜਾ ਚੁੱਕੀਆਂ ਹਨ। ਇਸ ਬਾਰੇ ਆਪਣੇ ਅਟਾਰਨੀ ਜਨਰਲ ਅਤੇ ਐਫਬੀਆਈ ਡਾਇਰੈਕਟਰ ਤੋਂ ਸੁਝਾਅ ਹਾਸਲ ਕਰਨ ਬਾਅਦ ਸ੍ਰੀ ਓਬਾਮਾ ਨੇ ਕਿਹਾ, 'ਇਹ ਨਿਯਮ ਮੇਰੇ ਕਾਨੂੰਨੀ ਅਧਿਕਾਰ ਖੇਤਰ ਅਧੀਨ ਆਉਂਦੇ ਹਨ। ਅਗਲੇ ਕੁੱਝ ਦਿਨਾਂ ਵਿੱਚ ਅਸੀਂ ਇਨ੍ਹਾਂ ਨਿਯਮਾਂ ਨੂੰ ਪੇਸ਼ ਕਰਾਂਗੇ। ਅਸੀਂ ਇਹ ਯਕੀਨੀ ਬਣਾਵਾਂਗੇ ਕਿ ਲੋਕਾਂ ਨੂੰ ਇਹ ਸਪੱਸ਼ਟ ਹੋਵੇ ਕਿ ਇਸ ਨਾਲ ਕੀ ਤਬਦੀਲੀ ਆਵੇਗੀ ਅਤੇ ਅਸੀਂ ਕੀ ਕਰ ਸਕਦੇ ਹਾਂ।’ ਰਾਸ਼ਟਰਪਤੀ ਨੇ ਕਿਹਾ, ‘ਭਾਵੇਂ ਸਾਨੂੰ ਇਹ ਵੀ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਇਸ ਨਾਲ ਮੁਲਕ ਵਿੱਚੋਂ ਸਾਰੇ ਅਪਰਾਧ ਖ਼ਤਮ ਨਹੀਂ ਹੋਣੇ। ਇਸ ਨਾਲ ਸਾਰੇ ਅਪਰਾਧੀਆਂ ਦੇ ਹੱਥਾਂ ਵਿੱਚੋਂ ਬੰਦੂਕਾਂ



ਨਹੀਂ ਖੋਹੀਆਂ ਜਾ ਸਕਣਗੀਆਂ। ਪਰ ਇਸ ਨਾਲ ਬੰਦੂਕਾਂ ਦੇ ਗਲਤ ਲੋਕਾਂ ਦੇ ਹੱਥ ਵਿਚ ਜਾਣ ਨੂੰ ਕੁੱਝ ਠੱਲ੍ਹ ਜ਼ਰੂਰ ਪਵੇਗੀ ਅਤੇ ਇਹ ਉਨ੍ਹਾਂ ਲੋਕਾਂ ਲਈ ਕੁੱਝ ਰਾਹਤ ਵਾਲੇ ਹੋਣਗੇ ਜਿਨ੍ਹਾਂ ਨੇ ਇਸ ਸਨਕ ਕਾਰਨ ਆਪਣੇ ਨੇੜਲਿਆਂ ਨੂੰ ਗੁਆਇਆ ਹੈ।’ ਇਨ੍ਹਾਂ ਨਿਯਮਾਂ ਲਈ ਕਾਂਗਰਸ ਨੂੰ ਲਾਂਭੇ ਕਰਨ ਬਾਰੇ ਸ੍ਰੀ ਓਬਾਮਾ ਦੇ ਇਸ ਕਦਮ ਨਾਲ ਸਿਆਸੀ ਤੂਫ਼ਾਨ ਉੱਠ ਸਕਦਾ ਹੈ। ਇਸ ਨੂੰ ਕਾਨੂੰਨੀ ਤੌਰ ’ਤੇ ਵੀ ਚੁਣੌਤੀ ਦਿੱਤੀ ਜਾ ਸਕਦੀ ਹੈ। ਰਿਪਬਲਿਕਨਜ਼ ਨੇ ਦੋਸ਼ ਲਾਇਆ ਕਿ ਓਬਾਮਾ ਵੱਲੋਂ ਆਪਣੀ ਤਾਕਤ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ।

# ਪੰਜ ਸੁਰੱਖਿਆ ਘੇਰੇ ਤੋੜ ਕੇ ਪਠਾਨਕੋਟ ਏਅਰ ਬੇਸ ਵਿੱਚ ਵੜੇ ਸਨ ਅੱਤਵਾਦੀ

**ਚੰਡੀਗੜ੍ਹ (ਬਿਊਰੋ)–** ਪਠਾਨਕੋਟ ਅੱਤਵਾਦੀ ਹਮਲੇ ਬਾਰੇ ਤਿਆਰ ਕੀਤੀ ਜਾ ਰਹੀ ਰਿਪੋਰਟ ਵਿੱਚ ਮੁੱਢਲੇ ਤੌਰ ’ਤੇ ਸਾਹਮਣੇ ਆਇਆ ਹੈ ਕਿ ਅੱਤਵਾਦੀ ਪੰਜ ਸੁਰੱਖਿਆ ਕੜੀਆਂ ਨੂੰ ਸੰਨ੍ਹ ਲਾ ਕੇ ਪਠਾਨਕੋਟ ਸਥਿਤ ਹਵਾਈ ਸੈਨਾ ਦੇ ਸਟੇਸ਼ਨ ਵਿੱਚ ਵੜੇ ਸਨ। ਭਾਰਤ ਰੱਖਿਆ ਮੰਤਰੀ ਮਨੋਹਰ ਪਰੀਕਰ ਨੇ ਵੀ ਮੰਨਿਆ ਹੈ ਕਿ ਸਰੱਖਿਆ ਵਿੱਚ ਕੁਝ ਖਾਮੀਆਂ ਸਾਹਮਣੇ ਆਈਆਂ ਹਨ। ਸੂਤਰਾਂ ਅਨੁਸਾਰ ਕੇਂਦਰੀ ਗ੍ਰਹਿ ਵਿਭਾਗ ਵੱਲੋਂ ਪੰਜਾਬ ਸਰਕਾਰ ਕੋਲੋਂ ਇਸ ਹਮਲੇ ਦੇ ਵੱਖ ਵੱਖ ਪਹਿਲੂਆਂ ਬਾਰੇ ਰਿਪੋਰਟ ਮੰਗੀ ਜਾ ਰਹੀ ਹੈ ਅਤੇ ਅੰ-ਦਰੂਨੀ ਤੌਰ ’ਤੇ ਵੀ ਜਾਂਚ ਚੱਲ ਰਹੀ ਹੈ। ਐਸ.ਪੀ. ਸਲਵਿੰਦਰ ਸਿੰਘ, ਉਸ ਦੇ ਲਾਂਗਰੀ ਮਦਨ ਲਾਲ ਅਤੇ ਦੋਸਤ ਰਾਜੇਸ਼ ਵਰਮਾ ਵੱਲੋਂ ਕੀਤੇ ਖੁਲਾਸਿਆਂ ਕਾਰਨ ਸੁਰੱਖਿਆ ਏਜੰਸੀਆਂ ਉਪਰ ਉਂਗਲਾਂ ਉੱਠਦੀਆਂ ਜਾ ਰਹੀਆਂ ਹਨ।

ਐਸ ਪੀ ਨੇ ਖੁਲਾਸਾ ਕੀਤਾ ਹੈ ਕਿ ਉਸ ਨੇ ਇਕ ਜਨਵਰੀ ਨੂੰ ਤੜਕੇ ਸਾਢੇ ਤਿੰਨ ਵਜੇ ਹੀ ਪੰਜਾਬ



ਪੁਲਿਸ ਦੇ ਉਚ ਅਧਿਕਾਰੀਆਂ ਨੂੰ ਪਠਾਨਕੋਟ ਵਿੱਚ ਹਥਿਆਰਬੰਦ ਅੱਤਵਾਦੀ ਵੜਨ ਦੀ ਜਾਣਕਾਰੀ ਦੇ ਦਿੱਤੀ ਸੀ। ਅਤਿਵਾਦੀਆਂ ਵੱਲੋਂ ਪੰਜ ਸੁਰੱਖਿਆ ਕੜੀਆਂ ਨੂੰ ਸੰਨ੍ਹ ਲਾਉਣ ਦਾ ਬਿਰਤਾਂਤ ਪੰਜਾਬ ਤੋਂ ਲੈ ਕੇ ਦਿੱਲੀ ਦੇ ਉਚ ਪੱਧਰੀ ਸਰਕਾਰੀ ਹਲਕਿਆਂ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਨ੍ਹਾਂ ਪੰਜ ਕੜੀਆਂ ਵਿੱਚੋਂ ਸਭ ਤੋਂ ਪਹਿਲੀ ਕੜੀ ਵਜੋਂ ਪੰਜਾਬ ਪੁਲਿਸ ਵੱਲੋਂ ਇੰਟੈਲੀਜੈਂਸ ਬਿਊਰੋ (ਆਈਬੀ) ਆਦਿ ਏਜੰਸੀਆਂ ਤੋਂ ਮਿਲੀ ਜਾਣਕਾਰੀ ਦੇ ਆਧਾਰ ’ਤੇ 29 ਦਸੰਬਰ ਨੂੰ ਪੰਜਾਬ ਭਰ ਦੀ ਪੁਲੀਸ ਸਮੇਤ ਹੋਰ ਸੁਰੱਖਿਆ ਏਜੰਸੀਆਂ ਨੂੰ ਸਵਾ ਦਰਜਨ ਦੇ ਕਰੀਬ ਅਤਿਵਾਦੀਆਂ ਦੇ ਪਠਾਨਕੋਟ ਸਮੇਤ ਕਿਤੇ ਵੀ ਹਮਲਾ ਕਰਨ ਬਾਰੇ ਅਲਰਟ ਕਰਨਾ ਹੈ। ਇਸੇ ਕੜੀ ਤਹਿਤ ਪੰਜਾਬ ਪੁਲਿਸ ਹੈਡਕੁਆਰਟਰ ਵੱਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਨਵੇਂ ਵਰ੍ਹੇ ਦੇ ਪਹਿਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਆਉਣ ਵੇਲੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕਰਨ ਦੇ ਆਦੇਸ਼ ਦਿੱਤੇ ਸਨ।

Raja SWEETS & CATERING
ITEMS SERVING
Authorized Caterer for Major 5-Star Hotels
Additional Services
Warmers, Chaffing Dishes, Chind & Silverware, Linen Rental, Walters, Barlenders
All Kinds of Sweets, Snacks, Chaat Stall, North Indian Cuisine, Flude Kulfi Stall, On Site Tandoon
Catering Services
Wedding Ceremonies, Receptions, Birthday Parties, Corporale Events, Religious Gatherings, Picnic/Bar-B-Que
Contact Us:
RAJA SWEETS & CATERING
WORK (510) 489-9100
CELL (510) 715-1619
www.rajasweets.com
Email: msbains@rajasweets.com

A & S Auto Repair & Services
9:00 AM to 6:00 PM Mon-Sat
Specializing in Brakes & Axles
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more

Amarjit Sandhu
Ph: 916-238-4431
649 W. Elkhorn Blvd. Suite B2
Rio Linda, CA 95673

AAA AUTO AND BODY WORKS
We Do Complete Engine Transmission, Body and Paint Work We Sell Used Cars at a Good Price

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖ਼ਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing

Prop: Jasbir Singh Takhar
510-755-2132
510- 733- 2222
1421 Industrial PKWY West#F Hayward, CA 94544
Harmandeep Singh

TANDOOR Indian Restaurant
27167 Mission Blvd. Hayward, CA 95544
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
We are open seven days 11 AM to 10 PM
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
Contact Us:
Ph. 510-885-1212, Fax. 510-885-1532


MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


MANDEEP SANDHU
msandhu2014@gmail.com
SANDHU IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
SANDHU Tours And Travels
(CST# 2122162-50)
Email: sandhutat@gmail.com.
WE OPEN 7-DAYS A WEEK
Note: I am not an Immigration Attorney.
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212 (NEAR HWY 99 ON MORADA LANE)

Jaspreet Singh
Attorney at Law USA
Over 18 years of Legal Experience
USA Immigration
Citizenship, Green Card
Deportation defense
Political Asylum
Specilized in
Detention cases, Artists
Singers P3 visas
Priest R1 visas
Investor EB 5 visas
L1 Business visas
Family law
Criminal Defense cases.
Offices
New York: 37-18 73 Street Suite # 401 Jackson Heights Ny 11372 Phone : 718-533-8444
Fremont: 44790 S Grimmer Blvd # 208 Fremont CA 94538 Phone : 510-657-6444
Fresno: 4491 W Shaw ave # 131 Fresno CA 93711 Phone : 559-271-5511
Sacramento: 2901 W Capitol ave West Sacramento CA 95691 Phone : 916-385-2288

Jaspreet Singh
Email : jaspreetsinghlawoffice@gmail.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਵ ਵੀਥ ਡੀਵ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook rajasweetsandcatering
Follow us on Twitter rajasweets


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916- 396-8939
916-338-5511
Email: IndiaMarketRoseville@gmail.com

# ਮੁੱਖ ਮੰਤਰੀ ਵੱਲੋਂ ਅੱਤਵਾਦ ਵਿਰੁੱਧ ਚੌਕਸ ਅਤੇ ਸਖ਼ਤ ਰੁਖ ਦੀ ਵਕਾਲਤ

## ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਅੱਤਵਾਦ ਖਿਲਾਫ ਮਿਲ ਕੇ ਲੜਾਈ ਤੇਜ਼ ਕਰਨ ਦੀ ਅਪੀਲ

**ਬਟਾਲਾ/ ਕਾਦੀਆਂ (ਨਰਿੰਦਰ ਬਰਨਾਲ)**--ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਅੱਜ ਜੋਰ ਦੇ ਕੇ ਆਖਿਆ ਕਿ ਦੇਸ਼ ਵਿੱਚ ਅੱਤਵਾਦ ਦੇ ਟਾਕਰੇ ਲਈ ਵਧੇਰੇ ਚੌਕਸੀ ਅਪਨਉਣ ਦੀ ਲੋੜ ਹੈ ਜਿਸ ਲਈ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ।





ਇਥੇ ਕਾਦੀਆਂ ਦੇ ਸੰਗਤ ਦਰਸ਼ਨ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਠਾਨਕੋਟ ਵਿਖੇ ਹੋਇਆ ਅੱਤਵਾਦੀ ਹਮਲਾ ਇੱਕ ਨਿੰਦਣਯੋਗ ਘਟਨਾ ਹੈ, ਜਿਸਦੀ ਸਾਰਿਆਂ ਨੂੰ ਕਰੜੇ ਸਬਦਾਂ ਵਿੱਚ ਨਿੰਦਿਆ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਹਮਲਿਆਂ ਨੂੰ ਠੱਲ ਪਾਉਣ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਮਿਲ ਕੇ ਰਣਨੀਤੀ ਬਣਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਨੂੰ ਸਖਤੀ ਨਾਲ ਨਜਿੱਠਣਾ ਚਾਹੀਦਾ ਹੈ ਤਾਂ ਜੋ ਦੇਸ਼ ਦੀ ਏਕਤਾ ਤੇ ਅਖੰਡਤਾ 'ਤੇ ਹੋਣ ਵਾਲੇ ਅਜਿਹੇ ਹਮਲਿਆਂ ਨੂੰ ਰੋਕਿਆ ਜਾ ਸਕੇ। ਪਠਾਨਕੋਟ ਵਿਖੇ ਹੋਏ ਅੱਤਵਾਦੀ ਹਮਲੇ ਨੂੰ ਬਹਾਦਰੀ ਨਾਲ ਨਜਿੱਠਣ ਲਈ ਸੁਰੱਖਿਆ ਬਲਾਂ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹਰ ਦੇਸ਼ ਵਾਸੀ ਸੁਰੱਖਿਆ ਫੋਰਸਾਂ ਦੇ ਇਸ ਬਹਾਦਰੀ ਭਰੇ ਕਾਰਨਾਮੇ ਦੀ ਸ਼ਲਾਘਾ ਕਰਦਾ ਹੈ।

ਉਨ੍ਹਾਂ ਕਿਹਾ ਕਿ ਸਾਡੇ ਜਵਾਨਾਂ ਵੱਲੋਂ ਵਿਖਾਈ ਗਈ ਬਹਾਦਰੀ ਰਹਿੰਦੇ ਸਮੇਂ ਤੱਕ ਸਾਡੇ ਨੌਜਵਾਨਾਂ ਨੂੰ ਦੇਸ ਸੇਵਾ ਲਈ ਪ੍ਰੇਰਤ ਕਰਦਾ ਰਹੇਗਾ। ਇਸ ਓਪਰੇਸ਼ਨ ਦੌਰਾਨ ਆਪਣੀ ਸ਼ਹਾਦਤ ਦੇਣ ਵਾਲੇ ਬਹਾਦਰ ਜਵਾਨਾਂ ਨੂੰ ਯਾਦ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਨ੍ਹਾਂ ਸੂਰਬੀਰਾਂ ਦੇ ਪਰਿਵਾਰਾਂ ਦੀ ਭਲਾਈ ਲਈ ਹਰ ਸੰਭਵ ਉਪਰਾਲਾ ਕਰੇਗੀ। ਉਨ੍ਹਾਂ ਕਿਹਾ ਕਿ ਦੇਸ਼ ਖਾਤਰ ਸ਼ਹੀਦ ਹੋਣ ਵਾਲੇ ਇਹ ਬਹਾਦਰ ਜਵਾਨ ਤੇ ਉਨ੍ਹਾਂ ਦੇ ਪਰਿਵਾਰ ਪ੍ਰਤੀ ਕੇਂਦਰ ਸਰਕਾਰ ਵੀ ਸਜ਼ੀਦਾ ਹੈ ਅਤੇ ਇਸ ਸਬੰਧੀ ਉਸ ਵੱਲੋਂ ਵੀ ਫੌਰੀ ਕਦਮ ਚੁੱਕੇ ਜਾਣਗੇ।

ਕੁਝ ਸ਼ਿਆਸੀ ਧਿਰਾਂ ਵੱਲੋਂ ਇਸ ਮੁੱਦੇ 'ਤੇ ਕੀਤੀ ਜਾ ਰਹੀ ਬੇਲੋੜੀ ਬਿਆਨਬਾਜ਼ੀ ਦਾ ਸਖਤ ਨੋਟਿਸ ਲੈਂਦਿਆਂ ਮੁੱਖ ਮੰਤਰੀ ਸ. ਬਾਦਲ ਨੇ ਕਿਹਾ ਕਿ ਦੇਸ਼ ਦੀ ਸੁਰੱਖਿਆ ਨਾਲ ਜੁੜੇ ਮਸਲਿਆਂ ਤੇ ਸਿਆਸਤ ਹੋਣਾ ਇੱਕ ਮੰਦਭਾਗੀ ਗੱਲ ਹੈ। ਉਨ੍ਹਾਂ ਕਿਹਾ ਕਿ ਸਾਰੀਆਂ ਸਿਆਸੀ ਧਿਰਾਂ ਨੂੰ ਮਿਲ ਕੇ ਇਸ ਅੱਤਵਾਦੀ ਹਮਲੇ ਦੀ ਪੁਰਜ਼ੋਰ ਨਿੰਦਾ ਕਰਨੀ ਚਾਹੀਦੀ ਹੈ।

ਇਸ ਸਾਰੇ ਓਪਰੇਸ਼ਨ ਦੌਰਾਨ ਪੰਜਾਬ ਪੁਲਿਸ ਦੇ ਰੋਲ ਦੀ ਸਰਾਹਨਾਂ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਪੁਲਿਸ ਨੇ ਇਸ ਦੇਸ ਵਿਰੋਧੀ ਕਾਰੇ ਬਾਰੇ ਸਾਰੀਆਂ ਸਬੰਧਤ ਧਿਰਾਂ ਨੂੰ ਜਾਣੂ ਕਰਵਾ ਕੇ ਇਸ ਘਟਨਾ ਨਾਲ ਨਜਿੱਠਣ ਲਈ ਚੇਤਨ ਕੀਤਾ ਸੀ।

ਉਨ੍ਹਾਂ ਕਿਹਾ ਕਿ ਸਾਰੀ ਸਥਿਤੀ 'ਤੇ ਪੈਨੀ ਅੱਖ ਰੱਖਣ ਲਈ ਸੂਬਾ ਪੁਲਿਸ ਦੇ ਮੁੱਖੀ ਖੁੱਦ ਪਠਾਨਕੋਟ ਵਿਖੇ ਬੈਠੇ ਹਨ। ਉਨ੍ਹਾਂ ਕਿਹਾ ਕਿ ਸੂਬੇ ਤੇ ਕੇਂਦਰ ਦੀਆਂ ਸੁਰੱਖਿਆ ਏਜੰਸੀਆਂ ਇਸ ਸਾਰੇ ਘਟਨਾਕ੍ਰਮ 'ਤੇ ਪੈਨੀ ਅੱਖ ਰੱਖੀ ਬੈਠੇ ਹਨ। ਇਸ ਤੋਂ ਪਹਿਲਾਂ ਪਿੰਡ ਕੋਟ ਮੁਹੰਮਦ ਖਾਨ, ਭੱਟੀਆਂ, ਤੁਗਲਵਾਲਾ ਅਤੇ ਕਾਦੀਆਂ ਵਿਖੇ ਸੰਗਤ ਦਰਸ਼ਨ ਪ੍ਰੋਗਰਾਮਾਂ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਸੰਗਤ ਦਰਸ਼ਨ ਦੇ ਨਿਵੇਕਲੇ ਉਪਰਾਲੇ ਨਾਲ ਲੋਕਾਂ ਦੀਆਂ ਸੱਮਿਆਵਾਂ ਦਾ ਮੌਕੇ 'ਤੇ ਹੀ ਹੱਲ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਭਰ ਵਿੱਚ ਸੰਗਤ ਦਰਸ਼ਨ ਸਿਰਫ ਪੰਜਾਬ ਵਿੱਚ ਹੀ ਹੁੰਦਾ ਹੈ ਜਿਸ ਨਾਲ ਲੋਕਾਂ ਦੀਆਂ ਸਮੱਸਿਆਵਾਂ ਦ ਫੋਰੀ ਹੱਲ ਦੇ ਨਾਲ-ਨਾਲ ਅਫਸਰਾਂ ਦੀ ਕਾਰਗੁਜ਼ਾਰੀ ਵੀ ਪਰਖੀ ਜਾਂਦੀ ਹੈ। ਉਨ੍ਹਾਂ ਐਲਾਨ ਕੀਤਾ ਕਿ ਸੂਬੇ ਭਰ ਦੇ ਡੇਰੇ ਅਤੇ ਢਾਣੀਆਂ ਨੂੰ ਚੌਵੀ ਘੰਟੇ ਬਿਜਲੀ ਮੁਹੱਈਆ ਕਰਵਾਉਣ ਲਈ ਸੂਬਾ ਸਰਕਾਰ ਨੇ ਅਹਿਮ ਪੁਲਾਂਘਾ ਪੁੱਟੀਆਂ ਹਨ ਜਿਸ ਲਈ ਉਨ੍ਹਾਂ ਨੇ ਪਹਿਲਾਂ ਹੀ ਅਦੇਸ਼ ਜਾਰੀ ਕਰ ਦਿੱਤੇ ਹਨ।

ਵੱਖ-ਵੱਖ ਪਿੰਡਾਂ 'ਚ ਸੰਗਤ ਦਰਸ਼ਨ ਦੌਰਾਨ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ 5.46 ਕਰੋੜ ਰੁਪਏ ਦੀ ਗ੍ਰਾਂਟ ਵਿਕਾਸ ਕਾਰਜਾਂ ਲਈ ਤਕਸੀਮ ਕੀਤੀ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਪੰਜਾਬ ਦੇ ਸਾਬਕਾ ਮੰਤਰੀ ਅਤੇ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਦੇ ਚੇਅਰਮੈਨ ਜਥੇਦਾਰ ਸੇਵਾ ਸਿੰਘ ਸੇਖਵਾਂ, ਯੂਥ ਅਕਾਲੀ ਆਗੂ ਸ. ਜਗਰੂਪ ਸਿੰਘ ਸੇਖਵਾਂ, ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਡਾ. ਐੱਸ. ਕਰੁਣਾ ਰਾਜੂ, ਡਿਪਟੀ ਕਮਿਸ਼ਨਰ ਡਾ. ਅਭਿਨਵ ਤ੍ਰਿਖਾ, ਜਰਨੈਲ ਸਿੰਘ ਮਾਹਲ, ਚੀਫ ਇੰਜੀਨੀਅਰ ਜਲ ਸਪਲਾਈ ਤੇ ਸੈਨੀਟੇਸ਼ਨ ਪੰਜਾਬ ਸ. ਦਲਜੀਤ ਸਿੰਘ ਚੀਮਾਂ ਆਦਿ ਵੀ ਹਾਜ਼ਰ ਸਨ।

## ਪੰਜਾਬੀ ਬਜ਼ੁਰਗ ਤੇ ਫਰਿਜ਼ਨੋ ਵਿਖੇ ਨਸਲੀ ਹਮਲੇ ਦੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਸਬੰਧੀ 14000 ਡਾਲਰ ਦਾ ਇਨਾਮ ਐਲਾਨਿਆ







**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਸੈਂਟਰਲ ਵੈਲੀ ਦੇ ਸ਼ਹਿਰ ਫਰਿਜ਼ਨੋ ਵਿਖੇ ਲੰਘੇ ਸ਼ਨੀਵਾਰ ਸੀਲਡ ਅਤੇ ਬਰਾਲੀ ਸਟਰੀਟ ਦੇ ਕੌਰਨਰ ਤੇ ਇੱਕ 68 ਸਾਲਾ ਪੰਜਾਬੀ ਬਜ਼ੁਰਗ ਅਮਰੀਕ ਸਿੰਘ ਬੱਲ ਤੇ ਦੋ ਨਸਲਵਾਦੀ ਗੋਰਿਆ ਨੇ ਅਚਾਨਕ ਹੱਲਾ ਬੋਲਕੇ ਉਸਨੂੰ ਗਭੀਰ ਰੂਪ ਵਿੱਚ ਜ਼ਖਮੀਂ ਕਰ ਦਿੱਤਾ ਗਿਆ ਸੀ। ਇਸ ਪਿਛੋਂ ਦੋਸ਼ੀਆਂ ਦੀ ਗ੍ਰਿਫ਼ਤਾਰੀ ਨਾਂ ਹੋਣ ਸਬੰਧੀ ਇੱਕ ਟਾਊਨ ਹਾਲ ਮੀਟਿੰਗ ਜੈਕਾਰਾ ਮੂਵਮੈਂਟ ਦੇ ਨੌਜਵਾਨਾਂ ਨੇਂ ਪਾਰਸ ਸੈਂਟਰ ਫਰਿਜ਼ਨੋ ਵਿਖੇ ਰੱਖੀ, ਜਿਸ ਵਿੱਚ ਪੰਜਾਬੀਆਂ ਤੋਂ ਬਿਨਾਂ ਹੋਰ ਕਮਿਊਨਟੀ ਦੇ ਲੋਕਾਂ ਅਤੇ ਫਰਿਜ਼ਨੋਂ ਸ਼ਹਿਰ ਦੇ ਚੋਟੀ ਦੀਆਂ ਸ਼ਖਸੀਅਤਾਂ ਨੇਂ ਹਾਜ਼ਰੀ ਭਰਕੇ ਇਸ ਘਟਨਾ ਦੀ ਕਰੜੇ ਸ਼ਬਦਾ ਵਿੱਚ ਨਿਖੇਧੀ ਕੀਤੀ ਅਤੇ ਫਰਿਜ਼ਨੋ ਪੁਲਿਸ ਚੀਫ਼ ਜੈਰੀ ਡਾਇਰ ਨੇਂ ਭਰੋਸਾ ਦਵਾਇਆ ਕਿ ਪੁਲਿਸ ਅਤੇ ਐਫ ਬੀ ਆਈ ਇਸ ਕੇਸ ਨੂੰ ਹੱਲ ਕਰਨ ਲਈ ਦਿਨ ਰਾਤ ਇੱਕ ਕਰ ਰਹੇ ਹਨ ਅਤੇ ਉਹਨਾਂ ਦੋਸ਼ੀਆਂ ਦੀ ਸੂਹ ਦੇਣ ਵਾਲੇ ਨੂੰ ਪੁਲਿਸ ਵੱਲੋਂ ਦਸ ਹਜ਼ਾਰ ਡਾਲਰ ਦੇ ਇਨਾਮ ਦਾ ਐਲਾਨ ਕੀਤਾ, ਇਸ ਤੋਂ ਬਿਨਾਂ ਹੋਰ ਵੀ ਐਕਟੀਵਿਸਟ ਲੀਡਰਾਂ ਵੱਲੋਂ ਚਾਰ ਹਜ਼ਾਰ ਡਾਲਰ ਦੇ ਇਨਾਮ ਦੀ ਘੋਸ਼ਣਾ ਕੀਤੀ ਗਈ। ਇਸ ਮੌਕੇ ਬੋਲਣ ਵਾਲੇ ਬੁਲਾਰਿਆਂ ਵਿਚ ਗੁਰਨੇਕ ਸਿੰਘ ਬਾਗੜੀ, ਰਣਜੀਤ ਗਿੱਲ, ਇਕਬਾਲ ਗਰੇਵਾਲ, ਰਾਮਾਂਕਾਤ ਡਾਬਰ, ਗੁਰਦੀਪ ਸ਼ੇਰ ਗਿੱਲ, ਰਾਜਵਿੰਦਰ ਬਰਾੜ ਆਦਿ ਤੋਂ ਬਿਨਾਂ ਹੋਰ ਬਹੁਤ ਸਾਰੇ ਬੁਲਾਰਿਆਂ ਨੇ ਆਪਣੇ ਵਿਚਾਰ ਰੱਖੇ।

ਖਬਰ ਲਿਖਣ ਤੱਕ ਅਵਾਰਡ ਸਤਾਰਾਂ ਹਜ਼ਾਰ ਡਾਲਰ ਤੱਕ ਪਹੁੰਚ ਚੁੱਕਾ ਸੀ।

## ਫਰਿਜ਼ਨੋ ਨਿਵਾਸੀ ਰਜਿੰਦਰਪਾਲ ਸਿੰਘ ਗਿੱਲ ਨੂੰ ਜਹਾਜ ਚੋਂ ਉਤਾਰਿਆ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਲੰਘੇ ਐਤਵਾਰ ਫਰਿਜ਼ਨੋ ਨਿਵਾਸੀ ਰਜਿੰਦਰਪਾਲ ਸਿੰਘ ਗਿੱਲ ( 53 )ਨੂੰ ਲਾਸ-ਏਂਜਲਸ ਅੰਤਰ-ਰਾਸ਼ਟਰੀ ਹਵਾਈ ਅੱਡੇ ਤੇ ਉਹਨਾਂ ਦੀ ਦਿਖ ਕਰਕੇ ਈਸਟਰਨ ਚਾਈਨਾਂ ਏਅਰ ਲਾਈਨ ਦੀ ਉਡਾਨ੍ਹ 586 ਜਿਹੜੀ ਕਿ ਲਾਸ-ਏਂਜਲਸ ਤੋਂ ਸਿਡਨੀ ਵਾਇਆ ਸੈਗਾਈ ਜਾ ਰਹੀ ਸੀ ਵਿੱਚੋਂ ਜਬਰੀ ਉਤਾਰਿਆ ਗਿਆ। ਰਾਜਿੰਦਰਪਾਲ ਨੇਂ ਭਰੇ ਮਨ ਨਾਲ ਦੱਸਿਆ ਕਿ ਮੈਂ ਇਕੱਲਾ ਹੀ ਪੂਰੀ ਫਲਾਈਟ ਵਿੱਚੋ ਭਾਰਤੀ ਸਾਂ ਕਿ ਦਸ ਪੰਦਰਾਂ ਪੁਲਿਸ ਮੁਲਾਜ਼ਮਾਂ ਨੇ ਮੈਨੂੰ ਜਹਾਜ਼ ਚੋਂ ਉਤਰਨ ਲਈ ਅਪੀਲ ਕੀਤੀ, ਜਦੋਂ ਕਾਰਨ ਪੁਛਿਆ ਤਾਂ ਉਹਨਾਂ ਕਿਹਾ ਕਿ ਜਹਾਜ ਦਾ ਅਮਲਾ ਅਤੇ ਚਾਈਨੀਜ਼ ਯਾਤਰੀ ਮੇਰੇ ਨਾਲ ਸਫ਼ਰ ਕਰਨ ਲਈ ਠੀਕ (ਕੰਫਰਟੇਬਲ) ਮਹਿਸੂਸ ਨਹੀਂ ਕਰਦੇ, ਅਖੇ ਇਹ ਅੱਤਵਾ-ਦੀਆਂ ਵਾਲੀ ਵੀਡੀਓ ਵੇਖ ਰਿਹਾ ਸੀ। ਰਜਿੰਦਰਪਾਲ ਨੇਂ ਪੁਲਿਸ ਵਾਲਿਆ ਨੂੰ ਕਿਹਾ ਕਿ ਤੁਸੀਂ ਮੇਰਾ ਫੋਨ ਵੇਖ ਲਵੋਂ ਮੇਰੀ ਤਲਾਸ਼ੀ ਲੈ ਲਵੋ, ਪਰ ਪੁਲਿਸ ਨੇਂ ਕਿਹਾ ਕਿ ਸਾਨੂੰ ਪਤਾ ਤੇਰੇ ਕੋਲ ਕੁਝ ਨਹੀਂ...ਤੂੰ ਬੇਕਸੂਰ ਹੈ ਪਰ ਸਾਡੀ ਮਜ਼ਬੂਰੀ ਹੈ ਕਿ ਸਾਨੂੰ ਏਅਰ ਲਾਈਨ ਦੇ ਸਟਾਫ ਅਤੇ ਜਹਾਜ ਦੇ ਕੈਪਟਨ ਦੀ ਬੇਨਤੀ ਤੇ ਤੈਨੂੰ ਜਹਾਜੋਂ ਥੱਲੇ ਉਤਾਰਨਾਂ ਪੈਣਾਂ ਹੈ। ਕਿਉਕੇ ਜਹਾਜ਼ ਦਾ ਕੈਪਟਨ ਵੀ ਤੈਨੂੰ ਲਿਜਾਣਾ ਨਹੀਂ ਚਾਹੁੰਦਾ।



ਉਸ ਤੋਂ ਬਾਅਦ ਰਜਿੰਦਰਪਾਲ ਦੇ ਸਪੁਤਰ ਅਮਨਦੀਪ ਗਿੱਲ ਨੇ ਦੱਸਿਆ ਕਿ ਇਸ ਪੂਰੇ ਘਟਨਾਂ ਕਰਮ ਤੋਂ ਬਾਅਦ ਅਸੀਂ ਉਥੇ ਏਅਰਪੋਰਟ ਤੇ ਏਅਰ-ਲਾਈਨ ਦੇ ਮਨੇਜ਼ਰ ਜਾ ਕਿਸੇ ਹੋਰ ਉਚ ਅਧਿਕਾਰੀ ਨਾਲ ਗੱਲ ਕਰਨੀ ਚਾਹੀ ਤਾਂ ਗਰਾਊਂਡ ਸਟਾਫ਼ ਨੇ ਸਾਡੀ ਇੱਕ ਨਾਂ ਸੁਣੀ ਤੇ ਇਹੀ ਕਿਹਾ ਕਿ ਤੁਸੀਂ ਲਿਖਕੇ ਆਪਣੀ ਸ਼ਕਾਇਤ ਦਰਜ਼ ਕਰਵਾਓ..! ਉਹ ਹੈਰਾਨ ਸੀ ਕਿ ਬਿਨਾਂ ਕਿਸੇ ਸਬੂਤ ਦੇ ਇੱਕ ਸਰੀਰਕ ਦਿੱਖ ਕਰਕੇ ਕਿਵੇਂ ਕਿਸੇ ਨੂੰ ਜਹਾਜ਼ ਚੋਂ ਲਾਇਆ ਜਾ ਸਕਦਾ ਹੈ। ਉਹਨਾਂ ਕਿਹਾ ਕਿ ਅਸੀਂ ਚਹੁੰਦੇ ਹਾਂ ਕਿ ਸਾਰੇ ਪੰਜਾਬੀ ਇਸ ਏਅਰ ਲਾਈਨ ਦਾ ਬਾਈਕਾਟ ਕਰਨ ਅਤੇ ਅਸੀਂ ਵਕੀਲ ਜ਼ਰੀਏ ਇਹ ਨਸਲੀ ਵਿਤਕਰੇ ਦਾ ਮਾਮਲਾ ਅਦਾਲਤ ਵਿੱਚ ਲੈਕੇ ਜਾਵਾਂਗੇ।ਉਹਨਾਂ ਕਿਹਾ ਕਿ ਕਿੱਡੀ ਸ਼ਰਮ ਦੀ ਗੱਲ ਹੈ ਕਿ ਅਮਰੀਕਾ ਵਰਗੇ ਵਿਕਸਤ ਮੁਲਕ ਵਿੱਚ ਅੱਜ ਵੀ ਇਸ ਤਰਾਂ ਦੇ ਨਸਲੀ ਵਿਤਕਰੇ ਹੋ ਰਹੇ ਹਨ।

## ਫਰਿਜ਼ਨੋ ਵਿਖੇ ਸਟੋਰ ਕਲਰਕ ਗੁਰਚਰਨ ਸਿੰਘ ਗਿੱਲ ਦੀ ਹੱਤਿਆ!

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਨਵੇਂ ਸਾਲ ਵਾਲੇ ਦਿਨ ਸੀਲਡ ਐਕਸਪ੍ਰੈਸ ਮਾਰਟ ਲਿਕਰ ਸਟੋਰ ਤੇ ਕੰਮ ਕਰਦੇ ਗੁਰਚਰਨ ਸਿੰਘ ਗਿੱਲ ਨਾਮੀ ਪੰਜਾਬੀ ਸਟੋਰ ਵਰਕਰ ਦੀ ਅਣਪਛਾਤੇ ਕਾਤਲ ਵੱਲੋਂ ਚਾਕੂ ਮਾਰਕੇ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ। ਇਹ ਸਟੋਰ ਵਿਸਟ ਅਤੇ ਸੀਲਡ ਸਟਰੀਟ ਦੇ ਖੂਜੇ ਵਿੱਚ ਸਥਿਤ ਹੈ। ਜਦੋਂ ਗਾਹਕ ਕੁਝ ਲੈਣ ਲਈ ਸਟੋਰ ਅੰਦਰ ਗਿਆ ਤਾਂ ਉਸਨੇਂ ਇਸ ਪੰਜਾਬੀ ਦੀ ਲਾਸ਼ ਸਟੋਰ ਅੰਦਰ ਖੂਨ ਨਾਲ ਲੱਥ-ਪੱਥ ਵੇਖੀ ਤਾਂ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਨੇਂ ਕੇਸ ਰਜਿਸਟਰ ਕਰਕੇ ਦੋਸ਼ੀਆਂ ਦੀ ਭਾਲ ਅਰੰਭੀ ਹੋਈ ਹੈ, ਹਾਲੇ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋ ਸਕੀ। ਮ੍ਰਿਤਕ ਦਾ ਪਿਛਲਾ ਪਿੰਡ ਧਮੋਟ ਜਿਲਾ ਲੁਧਿਆਣਾ ਵਿੱਚ ਹੈ, ਉਹ ਪਿਛਲੇ ਪੰਦਰਾ ਸਾਲ ਤੋਂ ਅਮਰੀਕਾ ਵਿੱਚ ਰਹਿ ਰਹੇ ਸਨ। ਯਾਦ ਰਹੇ ਕਿ ਇਸ ਮੰਦਭਾਗੀ ਘਟਨਾਂ ਤੋਂ ਪਹਿਲਾਂ ਇੱਕ ਹੋਰ ਪੰਜਾਬੀ ਬਜ਼ੁਰਗ ਦੀ ਕੁਝ ਨਸਲੀ ਵਿਅੱਕਤੀਆਂ ਵੱਲੋਂ ਕੁਟਮਾਰ ਕੀਤੀ ਗਈ ਸੀ। ਇਹ ਕਤਲ ਫਰਿਜ਼ਨੋ ਦਾ ਇਸ ਸਾਲ ਦਾ ਪਹਿਲਾਂ ਕਤਲ ਹੋਇਆ ਹੈ। ਇਸ ਮਨਹੂਸ ਖਬਰ ਨਾਲ ਫਰਿਜ਼ਨੋਂ ਦਾ ਪੰਜਾਬੀ ਭਾਈਚਾਰਾ ਡੂੰਘੇ ਸਦਮੇਂ ਵਿੱਚ ਹੈ।

# ਮਨਦੀਪ ਖੁਰਮੀ ਦਾ ਪਲੇਠਾ ਗੀਤ “ਓ ਪੰਜਾਬ ਸਿਆਂ” 7 ਜਨਵਰੀ ਨੂੰ ਹੋਵੇਗਾ ਲੋਕ ਅਰਪਣ

## ਲੋਕ ਅਰਪਣ ਕਰਨ ਵੇਲੇ ਵੀ ਨਵੀ ਪਿਰਤ ਪਾਉਣ ਦੀ ਕੋਸ਼ਿਸ਼

**ਲੰਡਨ (ਨੀਟਾ ਮਾਛੀਕੇ / ਕੁਲਵੰਤ ਧਾਲੀਆਂ)–** ਆਪਣੇ ਪਿੰਡ ਹਿੰਮਤਪੁਰਾ ਦੇ ਨਾਂ ਤੇ ਵੈੱਬਸਾਈਟ ਬਣਾ ਕੇ ਵਿਸ਼ਵ ਭਰ ਦੇ ਪੰਜਾਬੀ ਅਖ਼ਬਾਰਾਂ ਨੂੰ ਇੱਕ ਲੜੀ "ਚ ਪ੍ਰੋਣ ਕਰਕੇ ਮਨਦੀਪ ਖੁਰਮੀ ਨੇ ਵੱਖਰੀ ਪਛਾਣ ਕਾਇਮ ਕੀਤੀ। ਵਿਸ਼ਵ ਭਰ ਦੇ ਵੱਖ ਵੱਖ ਪੰਜਾਬੀ ਅਖ਼ਬਾਰਾਂ ਵਿੱਚ ਛਪਦੇ ਉਸਦੇ ਲੇਖ ਵੀ ਅਕਸਰ ਚਰਚਾ ਦਾ ਵਿਸ਼ਾ ਬਣਦੇ ਆ ਰਹੇ ਹਨ।

ਅਜੋਕੀ ਪੰਜਾਬੀ ਗਾਇਕੀ ਵਿੱਚ ਆ ਰਹੇ ਨਿਘਾਰ ਖਿਲਾਫ਼ ਮਨਦੀਪ ਵੱਲੋਂ ਗਾਇਕਾਂ, ਮਾਪਿਆਂ ਅਤੇ ਅਫ਼ਸਰਸ਼ਾਹੀ ਨੂੰ ਬੇਨਤੀਆਂ ਰੂਪੀ ਲਿਖਿਆ ਪੋਸਟਰ ਸਿਰਫ ਪੰਜਾਬ ਦੀਆਂ ਕੰਧਾਂ "ਤੇ ਹੀ ਨਹੀਂ ਲੱਗਿਆ ਸਗੋਂ ਵਿਦੇਸ਼ਾਂ ਵਿੱਚ ਬੈਠੇ ਪੰਜਾ-ਬੀਆਂ ਨੇ ਵੀ ਉਸ ਇਬਾਰਤ ਨੂੰ ਮਣਾਂਮੂੰਹੀ ਪਿਆਰ ਦਿੱਤਾ ਸੀ। ਹੁਣ ਮਨਦੀਪ ਖੁਰਮੀ ਹਿੰਮਤਪੁਰਾ 7 ਜਨਵਰੀ 2016 ਨੂੰ ਆਪਣੇ ਲਿਖੇ ਤੇ ਗਾਏ ਗੀਤ "ਓ ਪੰਜਾਬ ਸਿਆਂ" ਰਾਹੀਂ ਸ੍ਰੋਤਿਆਂ ਨਾਲ ਵੀ ਸਾਂਝ ਪਾਉਣ ਆ ਰਿਹਾ ਹੈ। ਇੱਥੇ ਇਹ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਕੁਝ ਦਿਨਾਂ ਤੋਂ ਇਸ ਗੀਤ ਦਾ ਪੋਸਟਰ ਸੋਸ਼ਲ ਸਾਈਟਾਂ "ਤੇ ਵਾਇਰਲ ਹੋਇਆ ਪਿਆ ਹੈ। ਇਸ ਸੰਬੰਧੀ ਪ੍ਰੈੱਸ ਨਾਲ ਜਾਣਕਾਰੀ ਸਾਂਝੀ



ਕਰਦਿਆਂ ਉਹਨਾਂ ਕਿਹਾ ਕਿ ਇਸ ਗੀਤ ਨੂੰ ਵਿਸ਼ਵ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ, ਇੰਗਲੈਂਡ ਦੀ ਮਹਾਰਾਣੀ ਤੋਂ ਓ ਬੀ ਈ ਦਾ ਸਨਮਾਨ ਪ੍ਰਾਪਤ ਗਾਇਕ ਚੰਨੀ ਸਿੰਘ (ਗਾਡਫਾਦਰ ਆਫ ਭੰਗੜਾ), ਡਾ: ਤਾਰਾ ਸਿੰਘ ਆਲਮ, ਹਰਜੋਤ ਸੰਧੂ ਹਾਲੈਂਡ, ਹਰਪ੍ਰੀਤ ਸਿੰਘ ਦਹੇੜੂ, ਅਮਰ ਘੋਲੀਆ ਵਰਗੀ ਸੂਝਵਾਨ ਟੀਮ ਦੀ ਨਿਗਰਾਨੀ ਹੇਠ ਜਸ਼ੂ ਰਿਕਾਰਡਜ ਦੇ ਬੈਨਰ ਹੇਠ ਹਰ ਇਨਸਾਨ ਲਈ ਸਤਿਕਾਰਤ ਹਸਤੀ ਤੋਂ ਰਿਲੀਜ਼ ਕਰਵਾ ਕੇ ਨਵੀਂ ਪਿਰਤ ਪਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਨੌਜਵਾਨ ਸੰਗੀਤਕਾਰ ਗੁਰਸ਼ੇਰ ਸਿੰਘ ਵੱਲੋਂ ਸ਼ਿੰਗਾਰੇ ਇਸ ਗੀਤ ਨੂੰ ਗਾਉਣ ਦੇ ਮਕਸਦ ਬਾਰੇ ਉਹਨਾਂ ਕਿਹਾ ਕਿ ਗਾਇਕ ਕਿਸੇ ਵੀ ਖਿੱਤੇ ਦੇ ਦੂਤ ਹੁੰਦੇ ਹਨ ਪਰ ਪੰਜਾਬ ਦੇ ਜਿਆਦਾਤਰ ਗਾਇਕ ਜਿੱਥੇ ਆਪਣੀਆਂ ਜਿੰਮੇਵਾਰੀਆਂ ਤੋਂ ਭਗੌੜੇ ਹੋ ਚੁੱਕੇ ਹਨ ਉੱਥੇ ਨੌਜਵਾਨਾਂ ਨੂੰ ਮਾਨਸਿਕ ਨਿਪੁੰਸਕਤਾ ਦੇ ਰਾਹ ਤੋਰਨ "ਚ ਸਾਥ ਦੇ ਰਹੇ ਹਨ। ਇਹ ਗੀਤ ਨਿਸ਼ਕਾਮ ਭਾਵਨਾ ਤਹਿਤ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਸਮਰਪਿਤ ਹੋਵੇਗਾ।

# ‘ਪੂਰੇ ਦੀ ਹਵਾ’ ਕਦੇ ਲਗਦੀ ਦੁਆ, ਕਦੇ ਲਗਦੀ ਦਵਾ

ਮੈਂ ਸਮਝਦਾ ਹਾਂ ਕਿ ਇਹ ਜ਼ਰੂਰੀ ਨਹੀਂ ਕਿ ਸਵਾਦ ਖਾਣਾ ਸਿਹਤ ਪੱਖੋਂ ਵੀ ਵਧੀਆ ਹੋਵੇ ਜਾਂ ਸਿਹਤ ਪੱਖੋਂ ਵਧੀਆ ਖਾਣਾ, ਸਵਾਦ ਵੀ ਲੱਗੇ। ਕਵਿਤਾ ਦੇ ਵਿਚ ਵਧੀਆ ਵਿਚਾਰ ਹੋਣੇ ਤੇ ਉਸਨੂੰ ਲਿਖਣ ਦਾ ਢੰਗ ਵੀ ਬਾਖ਼ੂਬੀ ਆਉਣਾ ਦੋ ਵੱਖ-ਵੱਖ ਗੱਲਾਂ ਨੇ। ਰਮੇਸ਼ ਬੰਗੜ ਦੀ ਕਿਤਾਬ ‘ਪੂਰੇ ਦੀ ਹਵਾ’ ਆਪਣੇ ਵਿਚ ਬੇਸ਼ੁਮਾਰ ਗੁਣ ਸਮੇਟੀ ਬੈਠੀ ਹੈ ਤੇ ਕਿਤੇ-ਕਿਤੇ ਕੋਈ ਕਮੀ ਜਾਂ ਖਾਮੀ ਵੀ ਹੈ ਜੋ ਕਵੀ ਦੇ ਇਮਾਨਦਾਰ ਹੋਣ ਦਾ ਹੀ ਸਬੂਤ ਦਿੰਦੀ ਹੈ। ਗਲਤੀ ਰਹਿਤ ਕੋਈ ਵੀ ਲਿਖਤ ਕਿਸੇ ਇਕ ਦਾ ਨਾ ਹੋ ਕੇ ਕਿੰਨੇ ਜਣਿਆਂ ਦਾ ਕੀਤਾ ਕੰਮ ਜਾਪਦੀ ਹੈ।


ਦੂਸਰੀ ਗੱਲ ਹੈ ਆਪੋ-ਆਪਣਾ ਦ੍ਰਿਸ਼ਟੀਕੋਣ, ਆਪੋ-ਆਪਣਾ ਨਜ਼ਰੀਆ। ਮੈਨੂੰ ਇਸ ਗੱਲ ਨਾਲ ਕੋਈ ਬਹੁਤਾ ਸਰੋਕਾਰ ਨਹੀਂ ਕਿ ਮੇਰੇ ਨਾਲ ਕਿੰਨੇ ਜਣੇ ਸਹਿਮਤ ਹੁੰਦੇ ਨੇ। ਇਕ ਉਹ ਛੋਟਾ ਜਿਹਾ ਕਿੱਸਾ ਬਹੁਤ ਸਾਰਿਆਂ ਸੁਣਿਆ ਹੋਵੇਗਾ ਕਿ ਇਕ ਵੱਡਾ ਲੀਡਰ ਮਰਨ ਕਿਨਾਰੇ ਸੀ ਤਾਂ ਉਹਦੇ ਕੋਲ ਉਸਦੀ ਪਤਨੀ, ਔਲਾਦ, ਡਾਕਟਰ ਤੇ ਇਕ ਪੱਤਰਕਾਰ ਬੈਠਾ ਹੈ। ਪਤਨੀ ਸੋਚਦੀ ਹੈ ਕਿ ਪਤੀ ਗੁਜ਼ਰ ਗਿਆ ਤਾਂ ਜ਼ਿੰਦਗੀ ਕਿੰਨੀ ਔਖੀ ਹੋ ਜਾਵੇਗੀ, ਔਲਾਦ ਸੋਚਦੀ ਹੈ ਕਿ ਪਤਾ ਨਹੀਂ ਬਾਪੂ ਇੰਨੀ ਜਾਇਦਾਦ ਦਾ ਬਟਵਾਰਾ ਵੀ ਕਰ ਗਿਆ ਹੋਊ, ਡਾਕਟਰ ਸੋਚਦਾ ਹੈ ਕਿ ਜੇ ਮੈਂ ਇਸਨੂੰ ਬਚਾ ਲਵਾਂ ਤਾਂ ਪ੍ਰਸਿੱਧੀ ਮਿਲ ਸਕਦੀ ਹੈ ਤੇ ਪੱਤਰਕਾਰ ਸੋਚਦਾ ਹੈ ਕਿ ਇਹਦੇ ਮਰਨ ਦੀ ਖਬਰ ਦੀ ਪੁਸ਼ਟੀ ਸਭ ਤੋਂ ਪਹਿਲਾਂ ਮੇਰਾ ਅਖਬਾਰ ਕਰੇ। ਸੋ ਸਾਰਿਆਂ ਦਾ ਨਜ਼ਰੀਆ ਆਪੋ-ਆਪਣੀ ਜਗ੍ਹਾ ਠੀਕ ਹੈ। ਇਸੇ ਤਰ੍ਹਾਂ ਹੀ ਮੈਂ ਆਪਣਾ ਨਜ਼ਰੀਆ ਰਮੇਸ਼ ਬੰਗੜ ਦੀ ਕਿਤਾਬ ਬਾਰੇ ਪੇਸ਼ ਕਰਨਾ ਚਾਹੁੰਦਾ ਹਾਂ।

ਸਭ ਤੋਂ ਪਹਿਲਾਂ ਤਾਂ ਉਹ ਮੁਬਾਰਕ ਦਾ ਪਾਤਰ ਹੈ ਜਿਸਨੇ ਕਿਤਾਬ ਬਣਾਉਣ ਲਈ ਇੰਨੀ ਮਿਹਨਤ ਕੀਤੀ। ਬੜੀ ਹੀ ਕਮਾਲ ਦੀ ਗੱਲ ਹੈ ਕਿ ਕਵੀ ਦੇ ਅਵਚੇਤਨ ਵਿਚ ਹੌਲੀ-ਹੌਲੀ ਕਿਵੇਂ ਸ਼ੁਭ ਸੰਸਕਾਰਾਂ ਤੇ ਵਿਚਾਰਾਂ ਦਾ ਇਕੱਤਰੀਕਰਨ ਹੁੰਦਾ ਹੈ ਤੇ ਫਿਰ ਉਹ ਵਧਦੀ ਉਮਰ ਦੇ ਨਾਲ-ਨਾਲ ਫਲੀਭੂਤ ਹੁੰਦਾ ਹੈ ਤੇ ਕਵਿਤਾ, ਗੀਤ ਤੇ ਗਜ਼ਲ ਦੇ ਰੂਪ ਵਿਚ ਫਿਰ ਉਹ ਜ਼ਿਹਨ ’ਚੋਂ ਬਾਹਰ ਆ ਕੇ ਕਾਗਜ਼ਾਂ ਤੇ ਲਿਖਿਆ ਜਾਂਦਾ ਹੈ।

ਰਮੇਸ਼ ਬੰਗੜ ਬਾਰੇ ਮੈਂ ਇੰਨਾ ਜਾਣਦਾ ਹਾਂ ਕਿ ਉਹ ਉਹਨਾਂ ਲਿਖਾਰੀਆਂ ਵਿਚੋਂ ਹੈ ਜੋ ਬਹੁਤ ਮਿਲਦੇ ਨੇ ਤੇ ਵਧੀਆ ਵੀ ਲਿਖਦੇ ਨੇ। ਕਹਿਣ ਤੋਂ ਭਾਵ ਮਾਤਰਾ ਅਤੇ ਸ਼ੁੱਧਤਾ ਦਾ ਅਨੁਪਾਤ ਬਰਾਬਰ ਰੱਖਦੇ ਨੇ। ਰਮੇਸ਼ ਬੰਗੜ ਦੇ ਅੰਦਰ ਇਹ ਕਵਿਤਾ ਵਾਲੀ ਠਕ-ਠਕ ਹਰ ਵਕਤ ਚਲਦੀ ਰਹਿੰਦੀ ਹੈ, ਪਤਾ ਨਹੀਂ ਕਿਸ ਵੇਲੇ ਉਹ ਹਥਲਾ ਕੰਮ ਛੱਡ ਕੇ ਕਾਗਜ਼-ਕਲਮ ਫੜ ਲਵੇ। ਦੁੱਖਾਂ-ਦਰਦਾਂ ਤੇ ਠੋਕਰਾਂ ਵਿਚੋਂ ਕਵਿਤਾ ਜ਼ਿਆਦਾ ਜਨਮ ਲੈਂਦੀ ਹੈ, ਉਹਦੀਆਂ ਕਵਿਤਾਵਾਂ ਤੇ ਗਜ਼ਲਾਂ ਵਿਚ ਸਾਬਤ ਕਰਦੀਆਂ ਨੇ ਕਿ ਉਹ ਔਖੇ ਸਮੇਂ ’ਚੋਂ ਲੰਘਿਆ ਹੈ। ਕਈ ਵਾਰ ਬਹੁਤ ਮਿੱਟੀ ਪੱਟ ਕੇ ਪਾਣੀ ਪ੍ਰਾਪਤ ਹੁੰਦਾ ਹੈ। ਕਵਿਤਾ ਹਰੇਕ ਦੇ ਮਨ ਵਿਚ ਚਲਦੀ ਹੋ ਸਕਦੀ ਹੈ ਪਰ ਇਹ ਪਟਾਈ, ਖੁਦਾਈ ਤੇ ਮਿੱਠਾ ਪਾਣੀ ਕੋਈ-ਕੋਈ ਹੀ ਮਿਹਨਤ ਨਾਲ ਪ੍ਰਾਪਤ ਕਰਦਾ ਹੈ।

ਮੈਂ ਉਸਦੀ ਕਿਤਾਬ ਨੂੰ ਅੱਖਰ-ਅੱਖਰ ਪੜ੍ਹਿਆ ਹੈ। ਉਹਨੇ ਲਿਖਿਆ ਹੈ:

‘ਨਾ-ਸ਼ੁਕਰਾ ਨਾ ਬਣ ਜਾਈਂ ਦੇਖੋਂ,
ਭੁੱਲ ਨਾ ਜਾਈਂ ਔਕਾਤ ਨੂੰ’




ਕਵਿਤਾ ਝੱਲਣਾ ਸਿਖਾਉਂਦੀ ਹੈ ਇਕ ਦਿਨ ਆਪ ਹੀ ਆਪਣੀ ਅਦਾਲਤ ’ਚ ਖੜ੍ਹੇ ਹੋ ਕੇ ਆਪਾਂ ਜਾਣ ਜਾਂਦੇ ਹਾਂ ਕਿ ਅਸੀਂ ਕਿੰਨਾ ਕੁ ਸਹਾਰ ਸਕਦੇ ਹਾਂ ਤੇ ਕਿੰਨੇ ਅਸਰਦਾਰ ਹੋ ਸਕਦੇ ਹਾਂ ਆਪਣੀਆਂ ਲਿਖਤਾਂ ਦੇ ਵਿਚ।

‘ਡੁੱਬਦੇ ਨੂੰ ਤਿਣਕੇ ਦਾ ਮਿਲ ਜਾਏ
ਸਹਾਰਾ ਜੇ
‘ਬੱਗੜਾ’ ਉਹ ਰੱਬ ਦੀ ਗਨੀਮਤ
ਹੀ ਹੁੰਦੀ ਹੈ।’

ਕਈ ਤਰ੍ਹਾਂ ਦੀਆਂ ਘਟਨਾਵਾਂ ਤੇ ਲਹਿਰਾਂ ਨੂੰ ਵੇਖ ਕੇ ਕਵੀ ਦਾ ਜਨਮ ਹੁੰਦਾ ਹੈ। ਇਕ ਪੂਰੀ ਪ੍ਰੰਪਰਾ ਆਪਣੇ ਅੰਦਰ ਜਜ਼ਬ ਕਰਨੀ ਪੈਂਦੀ ਹੈ ਲਿਖਣ ਦੇ ਲਈ। ਬੰਗੜ ਉਤੇ ਵੀ ਘਟਨਾਵਾਂ ਤੇ ਲਹਿਰਾਂ ਦਾ ਅਸਰ ਹੋਇਆ ਜਾਪਦਾ ਹੈ, ਜੋ ਲਹਿਰਾਂ ਖਤਮ ਹੋ ਜਾਣ ਨਾਲ ਖਤਮ ਨਹੀਂ ਹੋ ਗਿਆ, ਉਹ ਅਜੇ ਕਵਿਤਾਵਾਂ ਤੇ ਗਜ਼ਲਾਂ ਵਿਚੋਂ ਝਲਕਦਾ ਹੈ।

ਜਦ ਮੱਕਾਰ ਦੇ ਮੂੰਹ ਦੇ ਉਤੋਂ ਝੂਠ ਦਾ ਪਰਦਾ ਲਹਿੰਦਾ
ਕਵੀ ਮੇਰੇ ਅੰਦਰ ਦਾ ਮੈਨੂੰ ਕਲਮ ਚੁੱਕਦ ਲਈ ਕਹਿੰਦਾ।

ਬਹੁਤ ਹੀ ਖ਼ੂਬਸੂਰਤ ਖਿਆਲ ਹੈ ਇਹ ਜੋ ਪਾਠਕ ਦੀ ਹਿਰਦੇ-ਭੂਮੀ ਤੇ ਕੋਈ ਅਮਿੱਟ ਛਾਪ ਛੱਡਦਾ ਹੈ। ਭਾਸ਼ਾ-ਪ੍ਰਯੋਗ ਵੀ ਵਧੀਆ ਹੈ ਤੇ ਰਚਨਾਵਾਂ ’ਚ ਸਾਦਗੀ ਅਤੇ ਸਲੀਕਾ ਹੈ।

ਜਦ ਤੱਕ ਨਾ ਭੇਦ ਖੁੱਲ੍ਹਿਆ, ਉਨਾ ਕੁ ਚਿਰ ਤਾਂ ਜਰ ਲਿਆ
ਇਹ ਦਿਲ ਤਾਂ ਆਖਰ ਦਿਲ ਸੀ, ਜੋ ਢਹਿੰਦੇ-ਢਹਿੰਦੇ ਢਹਿ ਗਿਆ।

ਆਪਸੀ ਪਿਆਰ ਤੇ ਏਕਤਾ ਵਧਾਉਣ ਦਾ ਸੁਨੇਹਾ, ਹਿੰਮਤ ਨਾ ਹਾਰ ਕੇ ਉਠ ਜਾਣ ਦੀ ਹੱਲਾਸ਼ੇਰੀ, ਅੰਦਰੋਂ-ਬਾਹਰੋਂ ਇਕ ਜਿਹਾ ਵਰਤਾਓ ਕਰਨ ਦਾ ਮਸ਼ਵਰਾ, ਪਰਿਵਾਰਕ ਸਾਂਝਾਂ ਨੂੰ ਕੀਮਤੀ ਸਮਝ ਸਾਂਭਣ ਦਾ ਹੋਕਾ, ਘਟੀਆ ਕਿਸਮ ਦੀ ਰਾਜਨੀਤੀ ਅਤੇ ਨੇਤਾਵਾਂ ਦੇ ਕਿਰਦਾਰ ਤੇ ਚੋਟ, ਮਿਹਨਤਕਸ਼ ਤੇ ਮਜ਼ਦੂਰਾਂ ਦੇ ਲਈ ਹਮਦਰਦੀ ਤੇ ਉਹਨਾਂ ਦੁਖੀਆਂ ਦੇ ਲਈ ਦੁਆ ਅਤੇ ਅਰਦਾਸ, ਸਮੇਂ ਦੀ ਕਦਰ ਤੇ ਪਿਆਰ ਵਿਚ ਮਿਲਦੇ ਹੰਝੂਆਂ ਤੇ ਹਾਸਿਆਂ ਦੀ ਗੱਲ ਉਸਦੀ ਕਿਤਾਬ ਨੂੰ ਹੋਰ ਖ਼ੂਬਸੂਰਤ ਬਣਾਉਂਦੇ ਨੇ। ਕਵਿਤਾਵਾਂ ਵਿਚ ਭਿੰਨਤਾ ਤੇ ਵਿਚਾਰਾਂ ਵਿਚ ਡੂੰਘਾਈ ਦਾ ਡਾਢਾ ਬਾ-ਕਮਾਲ ਮੇਲ ਹੈ। ਜਿਵੇਂ-

ਆਪਸੀ ਪਿਆਰ ਵਾਲਾ ਝੰਡਾ ਜਿੱਥੇ
ਗੱਡ ਲਓ
ਹੌਲੀ-ਹੌਲੀ ਉਥੇ ਹੀ ਕਬੀਲੇ ਬਣ
ਜਾਂਦੇ ਨੇ।

ਲਾਸ਼ਾਂ ਰੁਲਦੀਆਂ ਨਹਿਰਾਂ ਅੰਦਰ,
ਇੱਜ਼ਤਾਂ ਵਿਚ ਬਜ਼ਾਰਾਂ
ਦਰਦਮੰਦਾਂ ਦਾ ਕਿਹੜਾ ਦਰਦੀ,
ਜਿਸਨੂੰ ’ਵਾਜਾਂ ਮਾਰਾਂ

ਨੇਤਾ ਜੀ ਹੁਸ਼ਿਅ ’ਰੀ ਕਰ ਲਈ,
ਕੁਰਸੀ ਵੱਲ ਤਿਆਰੀ ਕਰ ਲਈ
ਲੁੱਚੇ-ਲੰਡੇ ਪੁਲਿਸ ਪੁਜਾਰੀ, ਸਿੱਧੀ
ਸਭ ਨਾਲ ਯਾਰੀ ਕਰ ਲਈ

ਹੁਣ ਉਠੇ ਹਾਂ, ਹੁਣ ਨਹੀਂ ਮੁੜਦੇ ਮੰਜ਼ਿਲ ਪਾਉਣ ਤੋਂ ਪਹਿਲਾਂ
ਸਦੀਆਂ ਤੋਂ ਪੈਰਾਂ ਵਿਚ ਰੁਲਦੇ, ਲੈਣੇ ਕਈ ਸਤਿਕਾਰ ਨੇ ਬਾਕੀ।

ਗੀਤ, ਕਵਿਤਾ, ਗਜ਼ਲ, ਨਜ਼ਮ ਜੋ ਕੁਝ ਵੀ ਹੋਵੇ, ਉਸ ਵਿਚ ਇੰਨੀ ਜਾਨ, ਇੰਨਾ ਕੁ ਅਸਰ ਜ਼ਰੂਰ ਹੋਣਾ ਚਾਹੀਦਾ ਹੈ ਕਿ ਉਹ ਇਨਸਾਨ, ਸਮਾਜ, ਰਾਜਨੀਤੀ, ਧਰਮ ਜਾਂ ਆਲੇ-ਦੁਆਲੇ ਨੂੰ ਕਿਸੇ ਤਰ੍ਹਾਂ ਪ੍ਰਭਾਵਿਤ ਕਰੇ ਤੇ ਇਹ ਗੁਰ ਬੰਗੜ ਦੀ ਲਿਖਣੀ ਵਿਚ ਮੌਜੂਦ ਨੇ, ਉਹ ਇਸ ਗੱਲੋਂ ਵੀ ਵਧਾਈ ਦਾ ਪਾਤਰ ਹੈ ਕਿ ਆਪਣੇ ਇਸ ਵਡਮੁੱਲੇ ਗੁਣ ਲਈ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦਾ ਬਹੁਤ ਧੰਨਵਾਦ ਕਰਦਾ ਹੈ, ਜਿਸਦੇ ਮੈਂਬਰਾਂ ਨੇ ਉਸਨੂੰ ਹੋਰ ਜ਼ਿਆਦਾ ਚੰਗਾ ਲਿਖਣ ਦੀ ਤਾਕਤ ਤੇ ਹੌਸਲਾ ਦਿੱਤਾ।

ਜਿਵੇਂ ਮੈਂ ਪਹਿਲਾਂ ਕਿਹਾ ਕਿ ਜਿਸ ਸ਼ਾਹਕਾਰ ਵਿਚ ਕਮੀਆਂ ਨਾ ਹੋਣ, ਉਹ ਵੀ ਬੇਸੁਆਦਲਾ ਜਿਹਾ ਲੱਗਦਾ ਹੈ। ਕੁਝ ਕੁ ਕਮੀਆਂ ਪੇਸ਼ੀਆਂ ਜ਼ਰੂਰ ਨੇ, ਜਿਵੇਂ ਵਿਚਾਰਾਂ ਵਿਚ ਡੂੰਘਾਈ ਹੈ ਪਰ ਲਿਖਤ ਦਾ ਢੰਗ ਜਾਂ ਕਾਨੂੰਨ ਕਿਤੇ-ਕਿਤੇ ਕਮਜ਼ੋਰ ਲੱਗਦਾ ਹੈ। ਕਿਤਾਬ ਵਿਚ 72 ਰਚਨਾਵਾਂ ਹਨ, ਉਹਨਾਂ ਵਿਚੋਂ 6 (ਦੁਨੀਆਂ, ਮਾਇਆ, ਨਿਮਰਤਾ, ਗੁਨਾਹਗਾਰ, ਦੁੱਖ-ਸੁੱਖ ਤੇ ਕਮਲ) ਉਤੇ ਉਹ ਹੋਰ ਜ਼ਿਆਦਾ ਮਿਹਨਤ ਕਰ ਸਕਦੇ ਸਨ। ਟਾਈਪਿੰਗ ਵਿਚ ਕਈ ਗਲਤੀਆਂ ਹਨ ਜੋ ਕਵਿਤਾ ਨੂੰ ਅਹਿਸਾਸ ਦੀ ਵਲਗਣ ਤੋਂ ਬਾਹਰ ਲੈ ਜਾਂਦੀਆਂ ਹਨ। ਜਿਸ ਨਾਲ ਤਾਸੀਰ ਵਿਚ ਕਮੀ ਆ ਜਾਂਦੀ ਹੈ। ਉਹ ਆਪਣੇ ਗਜ਼ਲਪਣ ਨੂੰ ਹੌਲੀ-ਹੌਲੀ ਹੋਰ ਨਿਖਾਰਨਗੇ, ਇਸਦਾ ਯਕੀਨ ਬਣਦਾ ਜਾਪਦਾ ਹੈ। ਦ੍ਰਿਸ਼ ਚਿਤਰਨ ਵਿਚ ਵੀ ਲੇਖਕ ਸਮੇਂ ਨਾਲ ਹੀ ਮਾਹਿਰ ਬਣਦਾ ਹੈ। ਬਹਿਰ ਤੇ ਬੇਲੁਤਫ-ਤਕਰਾਰ ਦੇ ਕੁਝ ਨਿਯਮ ਪਿੰਗਲ ਬਿਆਨ ਕਰਦਾ ਹੈ ਜੋ ਗਜ਼ਲਗੋ ਨੂੰ ਜ਼ਰੂਰ ਪੜ੍ਹਨੇ ਚਾਹੀਦੇ ਹਨ। ਛਪਾਈ ਦੌਰਾਨ ਕਿਤੇ-ਕਿਤੇ (2 ਕੁ ਜਗ੍ਹਾ ’ਤੇ) ਕਾਫੀਆ ਗਲਤ ਜੁੜ ਗਿਆ ਹੈ। ਦਲੀਲ ਤੇ ਪਹਿਲੂਦਾਰ ਵਿਚ ਉਹਨਾਂ ਨੂੰ ਹੌਲੀ-ਹੌਲੀ ਕਾਬਲੀਅਤ ਹੋਰ ਮਿਲੇਗੀ। ਮਹਾਨ ਸ਼ਾਇਰਾਂ ਦਾ ਕਹਿਣਾ ਹੈ ਕਿ ਇਹ ਪਕਿਆਈ ਜ਼ਿਆਦਾ ਠੋਕਰਾਂ ਖਾ ਕੇ, ਵੱਡੀਆਂ ਮੁਸ਼ਕਿਲਾਂ ’ਚੋਂ ਲੰਘ ਕੇ, ਬੇਵਫਾਈ ਤੇ ਧੋਖੇ ਖਾ ਕੇ ਸਮਝ ਆ ਜਾਂਦੀ ਹੈ ਸੋ ਜੇ ਰਮੇਸ਼ ਬੰਗੜ ਨੇ ਹੀ ਇਹਨਾਂ ’ਚ ਮੁਹਾਰਤ ਹਾਸਲ ਕਰਨੀ ਹੋਵੇ ਤਾਂ ਉਹਨਾਂ ਨੂੰ ਸ਼ਾਇਦ ਅਜੇ ਹੋਰ ਔਖੀਆਂ ਘੜੀਆਂ ’ਚੋਂ ਗੁਜ਼ਰਨਾ ਪਵੇ। ਅੰਤ ਵਿਚ ਮੈਂ ਉਹਨਾਂ ਨੂੰ ਇਸ ਖ਼ੂਬਸੂਰਤ ਤੇ ਉਹਨਾਂ ਦੀ ਦੂਸਰੀ ਕਿਤਾਬ ਲਈ ਬਹੁਤ ਬਹੁਤ ਵਧਾਈ ਦਿੰਦਾ ਹਾਂ। ਪੂਰੇ ਦੀ ਠੰਡੀ ਹਵਾ ਚਲਦੀ ਰਹੇ, ਉਹਨਾਂ ਦੀ ਸੋਚ ਤੇ ਕਲਮ ਵਿਚੋਂ ਹੋਰ ਖ਼ੂਬਸੂਰਤ ਕਵਿਤਾਵਾਂ ਨਿਕਲਣ ਤੇ ਉਨ੍ਹਾਂ ਦੀ ਤੀਜੀ ਕਿਤਾਬ ਜੋ ਛਪਾਈ ਲਈ ਤਿਆਰ ਹੈ। ਉਹ ਇਸ ਤੋਂ ਜ਼ਿਆਦਾ ਮਜ਼ੇਦਾਰ ਤੇ ਗੁਣਾਂ-ਭਰਪੂਰ ਹੋਵੇ। ਇਹ ਦੁਆ ਮੈਂ ਉਹਨਾਂ ਲਈ ਪ੍ਰਮਾਤਮਾ ਅੱਗੇ ਕਰਦਾ ਹਾਂ।



ਜੀਵਨ ਰੱਤੂ
916-256-9393

ਆਪ ਸਭ ਨੂੰ ਨਵਾਂ ਸਾਲ 2016 ਮੁਬਾਰਕ। ਅਰਦਾਸ ਕਰਦੇ ਹਾਂ ਕਿ ਇਹ ਸਾਲ ਸਭ ਲਈ ਉ-ਪਲਬਧੀਆਂ ਭਰਿਆ ਹੋਵੇ। ਇਹ ਸਾਲ ਸਾਰੀ ਮਨੁੱਖਤਾ ਦੇ ਲਈ ਖੁਸ਼ੀਆਂ ਖੇੜੇ ਲੈ ਕੇ ਆਵੇ।




ਜੀਤ ਰਾਮ ਬੰਗੜ
ਸਾਬਕਾ ਚੇਅਰਮੈਨ
ਅਤੇ
ਰਮੇਸ਼ ਬੰਗੜ
ਸਾਬਕਾ ਸਕੱਤਰ
ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ



# ਗੁਰੂ ਰਵਿਦਾਸ ਜੀ ਦੀ ਚਰਨਛੋਹ ਪ੍ਰਾਪਤ ਧਰਤੀ ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ ਮਨਾਇਆ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ ਜਨਮ-ਦਿਵਸ


ਜਸਵੰਤ ਰਾਏ ਸਾਹਰੀ ਦਾ ਸਨਮਾਨ ਕਰਦੀ ਹੋਈ ਸ਼੍ਰੀ ਖੁਰਾਲਗੜ੍ਹ ਸਾਹਿਬ ਦੀ ਪ੍ਰਬੰਧਕ ਕਮੇਟੀ





ਗੁਰੂ ਰਵਿਦਾਸ ਜੀ ਦੀ ਚਰਨਛੋਹ ਪ੍ਰਾਪਤ ਧਰਤੀ ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦਾ ਜਨਮ-ਦਿਵਸ ਮਨਾਇਆ ਗਿਆ। ਇਹ ਸਮਾਗਮ ਚਰਨ ਗੰਗਾ ਗੁਰੂ ਘਰ ਵਿਖੇ ਰਚਾਇਆ ਗਿਆ।ਇਸ ਧਾਰਮਿਕ ਸਮਾਗਮ ਵਿਚ ਦੂਰ ਦੂਰ ਤੋਂ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਅਤੇ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੀ ਵਿਚਾਰਧਾਰਾ ਨੂੰ ਮੰਨਣਵਾਲੀ ਸੰਗਤ ਪਹੁੰਚੀ ਹੋਈ ਸੀ। ਸ਼੍ਰੀ ਅਖੰਡਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਦੀਵਾਨ ਸਜਾਇਆ ਗਿਆ ਜਿਸ ਵਿਚ ਸੰਤ ਸਤਵਿੰਦਰ ਸਿੰਘ ਹੀਰਾ ਪ੍ਰਧਾਨ ਅਦਿ ਧਰਮ ਮਿਸ਼ਨ ਆਲ ਇੰਡੀਆ ਨੇ ਸੰਗਤਾਂ ਨੂੰ ਮੁਖਾਤਿਬ ਹੁੰਦਿਆਂ ਆਖਿਆ: ਗੁਰੂ ਰਵਿਦਾਸ ਜੀ ਦੀ ਚਰਨ ਛੋਹ ਪ੍ਰਾਪਤ ਇਸ ਪਵਿੱਤਰ ਧਰਤੀ ਤੇ ਉਸ ਮਹਾਂਪੁਰਸ਼ ਨੂੰ ਯਾਦ ਕੀਤਾ ਜਾ ਰਿਹਾ ਹੈ ਜਿਸਨੇ ਇਸ ਦੇਸ਼ ਦੇ ਮੂਲ ਬਸ਼ਿੰਦਿਆਂ ਨੂੰ ਆਪਣੇ ਅਸਲ ਧਰਮ ਨਾਲ ਜੋੜਿਆ। ਬਾਬਾ ਮੰਗੂ ਰਾਮ ਮੁਗੋਵਾਲੀਆ ਜੀ ਦੀ ਕੀਤੀ ਕੁਰਬਾਨੀ ਸਦਕਾ ਹੀ ਅੱਜ ਅਸੀਂ ਅਜ਼ਾਦੀ ਵਾਲਾ ਜੀਵਨ ਬਤੀਤ ਕਰ ਰਹੇ ਹਾਂ।ਧੰਨਵਾਦੀ ਹਾਂ ਸ਼੍ਰੀ ਘੇੜਾ ਸਾਹਿਬ ਦੇ ਜਿਨ੍ਹਾਂ ਦੇ ਉਦਮਾਂ ਸਦਕਾ ਇਸ ਅਸਥਾਨ ਦੀ ਖੋਜ ਹੋ ਸਕੀ।ਇਹ 40 ਕਿਲੇ ਧਰਤੀ ਸਾਡੇ ਰਹਿਬਰਾਂ ਦੇ ਨਾਮ ਹੈ।

ਅਸੀਂ ਸੰਗਤਾਂ ਦੇ ਸਹਿਯੋਗ ਨਾਲ ਇਸ ਸਥਾਨ ਤੋਂ ਰਹਿਬਰਾਂ ਦੇ ਮਿਸ਼ਨ ਨੂੰ ਉਜਾਗਰ ਕਰਨਾ ਚਾਹੁੰਦੇ ਹਾਂ। ਕਮੇਟੀ ਮੈਂਬਰ ਸ਼੍ਰੀ ਗਿਆਨ ਚੰਦ ਨੇ ਕਿਹਾ ਕਿ ਅਸੀਂ ਇਸ ਧਰਤੀ ਨੂੰ ਹੱਭ ਬਣਾ ਕੇ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੇ ਸੁਪਨੇ ਸਾਕਾਰ ਕਰਨਾ ਚਾਹੁੰਦੇ ਹਾਂ।

ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੇ ਪੜੋਤੇ ਮਾਸਟਰ ਸੁਭਾਸ਼ ਚੰਦਰ ਜੀ ਨੇ ਬਾਬਾ ਜੀ ਦੀ ਆਦਿ ਧਰਮ ਮੂਵਮੈਂਟ ਵਿਚ ਕੀਤੀ ਘਾਲਣਾ ਨੂੰ ਵਿਸਥਾਰ ਵਿਚ ਸੰਗਤਾਂ ਸਾਹਮਣੇ ਪੇਸ਼ ਕਰਦਿਆਂ ਕਿਹਾ ਕਿ ਅਜ਼ਾਦੀ ਤੋਂ ਪਹਿਲਾਂ ਸਾਡੇ ਸਮਾਜ ਵਿਚੋਂ ਅੱਠਾਂ ਚੋਂ ਸੱਤ ਐੱਮ.ਐੱਲ.ਏ. ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੀ ਰਹਿਨੁਮਾਈ ਹੇਠ ਚੁਣੇ ਗਏ ਸਨ।ਇਹ ਆਪਣੇ ਆਪ ਵਿਚ ਇੱਕ ਵੱਡੀ ਪ੍ਰਾਪਤੀ ਸੀ।

ਇਸ ਸਮੇਂ ਉਚੇਚੇ ਤੌਰ ਤੇ ਪਹੁੰਚੇ ਡਾ. ਜਸਵੰਤ ਰਾਏ ਸਾਹਰੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਮੈਂ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਅਦਾਰਾ ਦੇਸ਼ ਦੁਆਬਾ ਕੈਲੇਫੋਰਨੀਆ ਅਮਰੀਕਾ ਹੋਰਾਂ ਦੇ ਸਹਿਯੋਗ ਨਾਲ ਗਦਰੀ ਦੇਸ਼ ਭਗਤ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੇ ਜੀਵਨ ਫਲਸਫੇ ਤੇ ਖੋਜ ਕਰਕੇ ਇੱਕ ਦਸਤਾਵੇਜ਼ੀ ਪੁਸਤਕ ਤਿਆਰ ਕਰਨਾ ਚਾਹੁੰਦਾ ਹਾਂ। ਕਿਉਂਕਿ ਬਿਨਾਂ ਠੋਸ ਪ੍ਰਮਾਣ ਦੇ ਅਸੀਂ ਕਦੇ ਵੀ ਆਪਣੀ ਮੰਜ਼ਿਲ ਤੇ ਨਹੀਂ ਪਹੁੰਚ ਸਕਦੇ ।

ਹੁਣ ਤੱਕ ਬਾਬਾ ਮੁਗੋਵਾਲੀਆ ਜੀ ਦੇ ਕਦ ਬੁਤ ਅਨੁਸਾਰ ਕੋਈ ਵੀ ਠੋਸ ਪੁਸਤਕ ਨਹੀਂ ਮਿਲਦੀ।ਗਦਰ ਪਾਰਟੀ ਵਿਚ ਉਹਨਾਂ ਦੀ ਘਾਲਣਾ ਨੂੰ ਤਾਂ ਇਤਿਹਾਸਕਾਰਾਂ ਨੇ ਜਮਾਂ ਵਿਸਾਰ ਛੱਡਿਆ ਹੈ।ਭਾਰਤ ਦੀ ਧਰਤੀ ਤੇ ਮੂਲ ਵਾਸੀਆਂ ਨੂੰ ਉਹਨਾਂ ਦੀਆਂ ਜੜ੍ਹਾਂ ਨਾਲ ਜੋੜਨ ਵਾਲਾ ਕੰਮ ਕਰਕੇ ਬਾਬਾ ਜੀ ਨੇ ਇੱਕ ਮਿਸਾਲ ਪੈਦਾ ਕੀਤੀ ਸੀ।

ਉਹਨਾਂ ਨੇ ਸਿਰਫ ਅੰਗਰੇਜ਼ ਹਕੂਮਤ ਨਾਲ ਹੀ ਮੱਥਾ ਨਹੀਂ ਲਾਇਆ ਸਗੋਂ ਇਸ ਦੇਸ਼ ਦੇ ਅਮਾਨਵੀ ਕਾਰੇ ਕਰਨ ਵਾਲਿਆਂ ਨਾਲ ਵੀ ਲੋਹਾ ਲਿਆ ਹੈ।ਇਸ ਸਮੇਂ ਬਾਬਾ ਜੀ ਦੇ ਪੋਤੇ ਸ਼੍ਰੀ ਮਨਜੀਤ ਮੁਗੋਵਾਲ ਨੇ ਡਾ. ਜਸਵੰਤ ਰਾਏ ਨੂੰ ਪੂਰਾ ਭਰੋਸਾ ਦਿਵਾਇਆ ਕਿ ਸਾਡਾ ਪਰਿਵਾਰ ਬਾਬਾ ਜੀ ਬਾਰੇ ਇਸ ਖੋਜ ਸਬੰਧੀ ਪੂਰਾ ਸਹਿਯੋਗ ਕਰੇਗਾ।ਇਸ ਸਮੇਂ ਡਾ. ਜਸਵੰਤ ਰਾਏ ਜੀ ਦਾ ਬਾਬਾ ਜੀ ਦੇ ਪਰਿਵਾਰ ਅਤੇ ਆਦਿ ਧਰਮ ਮਿਸ਼ਨ ਕਮੇਟੀ ਦੇ ਆਹੁਦੇਦਾਰਾਂ ਵਲੋਂ ਸਨਮਾਨ ਕੀਤਾ ਗਿਆ।ਸੰਤ ਬਾਬਾ ਸਤਵਿੰਦਰ ਸਿੰਘ ਹੀਰਾ ਨੇ ਬਾਬਾ ਮੰਗੂ ਰਾਮ ਜੀ ਦੇ ਪਰਿਵਾਰ ਅਤੇ ਪਿੰਡ ਮੁਗੋਵਾਲ ਤੋਂ ਆਈ ਸੰਗਤ ਦਾ ਸਿਰੋਪਾਓ ਦੇ ਨੇ ਸਨਮਾਨ ਕੀਤਾ।ਉਪਰੰਤ ਗੁਰੂ ਮਹਾਰਾਜ ਜੀ ਦੇ ਲੰਗਰ ਵਰਤਾਏ ਗਏ।

ਇਸ ਮੌਕੇ ਸ਼੍ਰੀ ਰਾਜ ਕੁਮਾਰ ਡੋਗਰਪੁਰ, ਬੀਬੀ ਕਮਲੇਸ਼ ਕੌਰ ਚੇਅਰਪਰਸਨ ਆਲ ਇੰਡੀਆ ਆਦਿ ਧਰਮ ਮਿਸ਼ਨ, ਰਾਮ ਕਿਸ਼ਨ ਪੱਲੀ ਝਿੱਕੀ ਸਟੇਜ ਸਕੱਤਰ, ਹਰਦਿਆਲ ਜੀ, ਬਾਬੂ ਰਾਮ ਰਤਨ, ਰਾਮ ਲਾਲ ਵਿਰਦੀ ਹੈੱਡ ਕੈਸ਼ੀਅਰ, ਬਲਵੀਰ ਧਾਂਦਰਾ ਜਨਰਲ ਸਕੱਤਰ, ਸੰਦੀਪ ਕੁਮਾਰ ਮੈਥ ਮਾਸਟਰ, ਨਰੇਸ਼ ਕੁਮਾਰ, ਸਤਨਾਮ ਸਿੰਘ, ਅਸ਼ੋਕ ਕੁਮਾਰ, ਪਰਸ ਰਾਮ, ਰਾਜ ਕੁਮਾਰ ਪੋਸੀ ਅਤੇ ਸੰਗਤਾਂ ਹਾਜ਼ਰ ਸਨ।

**ਰਿਪੋਰਟ- ਜਸਵੰਤ ਰਾਏ ਸਾਹਰੀ**

# ਸਿੱਖ ਪੰਥ ਦੀਆਂ ਪ੍ਰਮੁੱਖ ਅਤੇ ਸਰਵੁਚ ਸੰਸਥਾਵਾਂ ਦਾ ਘਾਣ - ਜਸਟਿਸ ਸੋਢੀ

**ਨਵੀਂ ਦਿੱਲੀ-** ਦਿੱਲੀ ਹਾਈਕੋਰਟ ਦੇ ਸਾਬਕਾ ਜੱਜ, ਜਸਟਿਸ ਆਰ ਐਸ ਸੋਢੀ, ਜੋ ਨਵੰਬਰ-84 ਦੇ ਪੀੜਤਾਂ ਅਤੇ ਧਰਮੀ ਫੌਜੀਆਂ ਦੇ ਮਾਮਲੇ ਸੁਪ੍ਰੀਮ ਕੋਰਟ ਦੇ ਸਾਹਮਣੇ ਵਿੱਚ ਮਜ਼ਬੂਤੀ ਨਾਲ ਉਠਾਣ ਕਾਰਣ ਚਰਚਿਤ ਸੀਨੀਅਰ ਐਡਵੋਕੇਟਾਂ ਵਿਚੋਂ ਇੱਕ ਮੰਨੇ ਜਾਂਦੇ ਰਹੇ, ਨੇ ਇਥੇ (04, ਜਨਵਰੀ, 2016 ਨੂੰ) ਜਾਰੀ ਇੱਕ ਬਿਆਨ ਵਿੱਚ ਕਿਹਾ ਕਿ ਵਰਤਮਾਨ ਸਿੱਖ ਆਗੂਆਂ ਨੇ ਸਿੱਖ ਪੰਥ ਦੀਆਂ ਪ੍ਰਮੁਖ ਅਤੇ ਸਰਵੁਚ ਸੰਸਥਾਵਾਂ, ਅਕਾਲ ਤਖਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਆਦਰਸ਼ਾਂ ਅਤੇ ਮਾਨਤਾਵਾਂ ਦਾ ਘਾਣ ਕਰ, ਉਨ੍ਹਾਂ ਦੀ ਸਾਰਥਕ ਹੋਂਦ ਕਾਇਮ ਰਹਿਣ ਪੁਰ ਸੁਆਲੀਆ ਨਿਸ਼ਾਨ ਲਾ ਦਿੱਤਾ ਹੈ, ਜਦਕਿ ਇਨ੍ਹਾਂ ਸੰਸਥਾਵਾਂ ਦੀ ਸਾਰਥਕ ਹੋਂਦ ਪੰਥ ਦੇ ਮਾਣ-ਸਤਿਕਾਰ ਨਾਲ ਜੁੜੀ ਹੋਈ ਹੈ, ਜਿਸ ਕਾਰਣ ਇਨ੍ਹਾਂ ਦਾ ਆਪਣੀਆਂ ਸਥਾਪਤ ਪਰੰਪਰਾਵਾਂ ਅਤੇ ਮਰਿਆਦਾਵਾਂ ਦੀ ਰਖਿਆ ਕਰਦਿਆਂ ਕਾਇਮ ਰਹਿਣਾ ਬਹੁਤ ਜ਼ਰੂਰੀ ਹੈ।



ਜਸਟਿਸ ਸੋਢੀ ਨੇ ਕਿਹਾ ਕਿ ਇਹ ਸੰਸਥਾਵਾਂ ਕਿਸੇ ਦੀ ਨਿਜੀ ਜਗੀਰ ਨਹੀਂ, ਸਗੋਂ ਸਮੁਚੇ ਪੰਥ ਦੀਆਂ ਅਤੇ ਉਸਦੀ ਆਨ-ਸ਼ਾਨ ਦੀਆਂ ਰਾਖੀਆਂ ਹਨ। ਉਨ੍ਹਾਂ ਦਸਿਆ ਕਿ ਸਿੱਖ ਇਤਿਹਾਸ ਗੁਆਹ ਹੈ ਕਿ ਪੰਥ ਨੂੰ ਸੁਚਜੀ ਜੀਵਨ-ਸੇਧ ਦੇਣ ਲਈ ਅਕਾਲ ਤਖਤ ਦੀ ਸਥਾਪਨਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਕਰ-ਕਮਲਾਂ ਨਾਲ ਕੀਤੀ ਸੀ ਅਤੇ ਗੁਰਧਾਮਾਂ ਨੂੰ ਆਜ਼ਾਦ ਕਰਵਾ ਉਨ੍ਹਾਂ ਦਾ ਪ੍ਰਬੰਧ ਪੰਥਕ ਹੱਥਾਂ ਨੂੰ ਸੌਂਪਣ ਲਈ ਸਿੱਖਾਂ ਨੇ ਅੰਤ-ਹੀਨ ਕੁਰਬਾਨੀਆਂ ਕੀਤੀਆਂ। ਗੁਰਧਾਮਾਂ ਨੂੰ ਅਜ਼ਾਦ ਕਰਵਾ ਉਨ੍ਹਾਂ ਦਾ ਪ੍ਰਬੰਧ ਸਥਾਪਤ ਪਰੰਪਰਾਵਾਂ ਅਤੇ ਮਾਨਤਾਵਾਂ ਅਨੁਸਾਰ ਸੰਭਾਲਣ ਅਤੇ ਗੁਰੂ ਸਾਹਿਬਾਨ ਵਲੋਂ ਸਥਾਪਤ ਮਰਿਆਦਾਵਾਂ ਨੂੰ ਮੁੜ ਕੇ ਕਾਇਮ ਕਰਨ ਅਤੇ ਕਾਇਮ ਰਖਣ ਦੀ ਜ਼ਿਮੇਂਦਾਰੀ ਨਿਭਾਣ ਲਈ ਸ਼੍ਰੋਮਣੀ ਗਰਦੁਆਰਾ ਪ੍ਰਬੰਧਕ ਕਮੇਟੀ ਗਠਤ ਕੀਤੀ ਗਈ ਅਤੇ ਇਸ ਜ਼ਿਮੇਂਦਾਰੀ ਨਿਭਾਉਣ ਵਿੱਚ ਉਸਨੂੰ ਸਹਿਯੋਗ ਦੇਣ ਲਈ ਸ਼੍ਰੋਮਣੀ ਅਕਾਲੀ ਦਲ ਦਾ ਗਠਨ ਕੀਤਾ ਗਿਆ। ਪਰ ਦੁਖ ਦੀ ਗਲ ਇਹ ਹੈ ਕਿ ਸਮਾਂ ਬੀਤਣ ਦੇ ਨਾਲ ਇਨ੍ਹਾਂ ਸੰਸਥਾਵਾਂ ਦੀਆਂ ਮਾਨਤਾਵਾਂ ਨੂੰ ਕਾਇਮ ਰਖਣ ਦੇ ਜ਼ਿਮੇਂਦਾਰ ਸਿੱਖ ਆਗੂਆਂ ਨੇ ਇਨ੍ਹਾਂ ਸੰਸਥਾਵਾਂ ਨੂੰ ਨਿਜ ਰਾਜਸੀ ਸੁਆਰਥ ਲਈ ਵਰਤਣਾ ਸ਼ੁਰੂ ਕਰ, ਇਨ੍ਹਾਂ ਨੂੰ ਆਪਣੇ ਮੂਲ ਆਦਰਸ਼ਾਂ ਅਤੇ ਮਰਿਆਦਾਵਾਂ ਤੋਂ ਭਟਕਾ ਬਹੁਤ ਦੂਰ ਲੈ ਗਏ, ਜਿਸਦਾ ਨਤੀਜਾ ਇਹ ਹੋਇਆ ਹੈ ਕਿ ਇਨ੍ਹਾਂ ਸੰਸਥਾਵਾਂ ਦੀਆਂ ਮੂਲ ਪਰੰਪਰਾਵਾਂ ਅਤੇ ਮਰਿਆਦਾਵਾਂ ਦੀ ਰਖਿਆ ਕਰਨ ਪ੍ਰਤੀ ਜ਼ਿਮੇਂਦਾਰੀ ਪੁਰ ਸੁਆਲੀਆ ਨਿਸ਼ਾਨ ਲੁਆ, ਇਨ੍ਹਾਂ ਦੀ ਸਾਰਥਕ ਹੋਂਦ ਨੂੰ ਖਤਰੇ ਵਿੱਚ ਪਾ ਦਿੱਤਾ ਹੈ।

ਜਸਟਿਸ ਸੋਢੀ ਨੇ ਕਿਹਾ ਕਿ ਜੇ ਹੁਣ ਵੀ ਸਮਾਂ ਨਾ ਸੰਭਾਲਿਆ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਪੰਥ ਨੂੰ ਇਸਦਾ ਭਾਰੀ ਮੂਲ ਤਾਰਨਾ ਪਵੇਗਾ, ਇਸ ਲਈ ਸਮਾਂ ਰਹਿੰਦਿਆਂ ਇਨ੍ਹਾਂ ਸੰਸਥਾਵਾਂ ਦੀਆਂ ਮੂਲ ਪਰੰਪਰਾਵਾਂ ਅਤੇ ਮਰਿਆਦਾਵਾਂ ਨੂੰ ਬਹਾਲ ਕਰਨ ਅਤੇ ਕਾਇਮ ਰਖਣ ਲਈ ਗੰਭੀਰਤਾ ਨਾਲ ਸੋਚ-ਵਿਚਾਰ ਕਰਨੀ ਬਹੁਤ ਜ਼ਰੂਰੀ ਹੈ। ਜਸਟਿਸ ਸੋਢੀ ਨੇ ਚੁਨੌਤੀ ਪੂਰਣ ਸ਼ਬਦਾਂ ਵਿੱਚ ਕਿਹਾ ਕਿ ਨੇੜ-ਭਵਿਖ ਵਿੱਚ ਅਜਿਹੇ ਹਾਲਾਤ ਬਣਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਨ੍ਹਾਂ ਸੰਸਥਾਵਾਂ ਦੀ ਮੂਲ ਮਾਨਤਾਵਾਂ ਦੀ ਰਖਿਆ ਅਤੇ ਸੰਭਾਲ ਲਈ ਪੰਥ ਨੂੰ ਮੁੜ ਗੁਰ-ਦੁਆਰਾ ਸੁਧਾਰ ਲਹਿਰ ਸ਼ੁਰੂ ਕਰਨ ਤੇ ਮਜਬੂਰ ਹੋ ਜਾਣਾ ਪਵੇ?

# ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ ਤੇ ਨੀਰੂ ਕਲੇਰ ਨਵੀ ਧਾਰਮਿਕ ਸੀ ਡੀ ਹੋਵੇਗੀ ਰਿਲੀਜ਼

**ਰੋਮ (ਇਟਲੀ) ਟੇਕ ਚੰਦ ਜਗਤਪੁਰ-** ਸਮੁੱਚੀ ਮਾਨਵਤਾ ਦੇ ਰਹਿਬਰ, ਸਮਾਜਿਕ ਕ੍ਰਾਤੀ ਦੇ ਮਸੀਹਾ, ਜਗਤ ਗੁਰੂ ਧੰਨ-ਧੰਨ ਸ਼੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ ਤੇ ਗੁਰੂ ਰਵਿਦਾਸ ਜੀ ਦੇ ਪੰਜ ਲਾਡਲੇ ਦੀ ਸ਼ਾਨਦਾਰ ਸਫਲਤਾ ਤੋ ਬਾਅਦ ਇਸ ਵਾਰ ਵੀ ਗਾਇਕਾ ਨੀਰੂ ਕਲੇਰ ਬਹੁਤ ਜਲਦ ਧਾਰਮਿਕ ਗੀਤਾਂ ਦੀ ਸੀ ਡੀ "ਮੇਹਰ ਕਰੇ ਜੇ ਪ੍ਰੀਤਮਾ" ਦੇ ਟਾਇਟਲ ਹੇਠ ਲੈ ਕੇ ਸੰਗਤਾਂ ਦੇ ਰੂਬਰੂ ਹੋ ਰਹੀ ਹੈ, ਜਿਸਨੂੰ ਪੰਜਾਬ ਡੀ ਨਾਮਵਰ ਕੰਪਨੀ ਰਿਲੀਜ਼ ਕਰ ਰਹੀ ਹੈ, ਜਿਸਦਾ ਮਿਊਜਿਕ (ਏ ਸਕੇਅਰ) ਅਮਦਾਦ ਅਲੀ ਵਲੋ ਕੀਤਾ ਗਿਆ ਹੈ, ਇਸ ਸੀ ਡੀ ਦੇ ਸਾਰੇ ਗੀਤ ਗੀਤਕਾਰ ਮਾਣੀ ਫਗਵਾੜੇ ਵਾਲੇ ਦੀ ਕਲਮ ਤੋ ਲਿਖੇ ਹਨ, ਜੋ ਕਿ ਰਮੇਸ਼ ਕਲੇਰ ਯੂ ਕੇ ਵਾਲਿਆਂ ਡੀ ਪੇਸ਼ਕਸ਼ ਹੋਵੇਗੀ, ਸਾਰੇ ਗੀਤਾਂ ਦੀ ਸ਼ੂਟਿੰਗ ਇਟਲੀ ਚ ਕੀਤੀ ਗਈ ਹੈ।



# ਹਫਤਾਵਾਰੀ ਧਾਰਮਿਕ ਕਵੀ ਦਰਬਾਰ ਸਜਾਏ ਗਏ

**ਸੈਨਮੈਟੀਓ (ਕੈਲੇਫੋਰਨੀਆ) (ਪ੍ਰਮਿੰਦਰ ਸਿੰਘ ਪ੍ਰਵਾਨਾ)-** ਸੈਨ-ਫਰਾਂਸਿਸਕੋ ਦੇ ਵਿਸ਼ਾਲ ਇਲਾਕੇ ਪੈਨਿਨਸੂਲਾ ਟੈਂਪਲ ਸੈਨਮੈਟੀਓ ਵਿਖੇ ਨਵੇਂ ਸਾਲ ਦੀ ਪੂਰਵ ਸੰਧਿਆ ਤੇ ਰਾਤੀ 8.30 ਵਜੇ ਤੋਂ ਵਿਸ਼ੇਸ਼ ਦੀਵਾਨ ਸਜਾਏ ਗਏ। ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਆਧਾਰਿਤ ਧਾਰਮਿਕ ਕਵੀ ਦਰਬਾਰ ਸਜਾਏ ਗਏ। ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਇਸ ਮੌਕੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਆਧਾਰਿਤ ਧਾਰਮਿਕ ਕਵੀ-ਦਰਬਾਰ ਸਜਾਏ ਗਏ।



ਪ੍ਰਵਾਨਾ ਵੱਲੋਂ ਮੰਚ ਸੰਚਾਲਨ ਕੀਤਾ ਗਿਆ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਕਵੀ ਸ਼ਾਮਲ ਸਨ: ਤਰਸੇਮ ਸਿੰਘ ਸੁੰਮਨ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮਾਂਟ, ਸਿਕੰਦਰਜੀਤ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ। ਪ੍ਰਵਾਨਾ ਵੱਲੋਂ ਸੰਗਤ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਦੂਰ-ਦੁਰਾਡੇ ਦੇ ਗੁਰ-ਦੁਆਰਿਆਂ ਵਿਚ ਹਫਤਾਵਾਰੀ ਦੀਵਾਨਾਂ ਵਿਚ ਧਾਰਮਿਕ ਕਵੀ ਦਰਬਾਰ ਸਜਾਏਜਾਂਦੇ ਹਨ। ਜਿਸਦਾ ਮਨੋਰਥ ਸਾਹਿਬ-ਏ-ਕਮਾਲ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਜੋ ਕਵੀ ਪ੍ਰਵਾਹ ਗੁਰੂ ਜੀ ਦੀ ਨਿੱਜੀ ਨਿਗਰਾਨੀ ਹੇਠ ਸਜਾਏ ਜਾਂਦੇ ਸਨ। ਗੁਰਦੁਆਰਿਆਂ ਵਿਚ ਮੱਧਮ ਪੈਂਦੇ ਜਾ ਰਹੇ ਨੂੰ ਮੁੜ ਸੁਰਜੀਤ ਕਰਕੇ ਅੱਗੇ ਤੋਰਨਾ ਹੈ।


A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Service

9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

ਦੇਸ਼ ਦੁਆਬਾ

# ਦਹਿਸ਼ਤਗਰਦੀ ਦੇ ਸਾਏ ਹੇਠ ਪੰਜਾਬ

ਪੰਜਾਬ ਭਾਰਤ ਦਾ ਇਕ ਅਜਿਹਾ ਸੂਬਾ ਹੈ, ਜਿਹੜਾ ਤਕਲੀਫਾਂ ਝੱਲਣ ਵਿਚ ਸਭ ਤੋਂ ਅੱਗੇ ਰਿਹਾ ਹੈ ਅ ਤੇ ਪੇਟ ਭਰਨ ਵਿਚ ਵੀ ਸਭ ਤੋਂ ਅੱਗੇ। ਇਸ ਸੂਬੇ ਦੇ ਲੋਕਾਂ ਦੀ ਬਹਾਦਰੀ ਦੇ ਕਿੱਸੇ ਸਾਰੀ ਦੁਨੀਆਂ ਵਿਚ ਮਸ਼ਹੂਰ ਹਨ। ਪਹਿਲਾਂ ਪੰਜਾਬੀਆਂ ਨੇ ਮੁਗਲਾਂ ਨੂੰ ਚੁਣੌਤੀ ਦਿੱਤੀ, ਇਸ ਤੋਂ ਪਹਿਲਾਂ ਆਰੀਆ ਲੋਕਾਂ ਨੂੰ ਵੀ ਇਸ ਸੂਬੇ ਵਿਚੋਂ ਚੁਣੌਤੀ ਮਿਲੀ, ਉਦੋਂ ਇਹ ਅੱਜ ਵਰਗ ਸੂਬਾ ਨਹੀਂ ਬਲਕਿ ਵਿਸ਼ਾਲ ਪ੍ਰਦੇਸ਼ ਹੋਇਆ ਕਰਦਾ ਸੀ। ਆਜ਼ਾਦੀ ਤੋਂ ਪਹਿਲਾਂ ਇਸੇ ਸੂਬੇ ਦੇ ਲੋਕਾਂ ਨੇ ਸਭ ਤੋਂ ਜ਼ਿਆਦਾ ਕੁਰਬਾਨੀਆਂ ਦੇ ਕੇ ਅੰਗਰੇਜਾਂ ਦੇ ਪੈਰ ਉਖਾੜੇ। ਆਜ਼ਾਦੀ ਤੋਂ ਬਾਅਦ ਇਸ ਸੂਬੇ ਦੇ ਲੋਕਾਂ ਨੇ ਵੰਡ ਦਾ ਸੰਤਾਪ ਹੰਢਾਇਆ, ਫਿਰ 1984 ਅਤੇ ਇਸ ਤੋਂ ਬਾਅਦ ਦੀ ਲੰਮੀ ਅਸ਼ਾਂਤੀ ਦਾ ਮਾਹੌਲ ਵੀ ਹੰਢਾਇਆ। ਭਾਰਤ-ਪਾਕਿਸਤਾਨ ਵਿਚਕਾਰ ਜੰਗਾਂ ਸਮੇਂ ਵੀ ਇਸ ਸੂਬੇ ਨੂੰ ਕਾਫੀ ਨੁਕਸਾਨ ਉਠਾਇਆ ਪਰ ਇਸ ਸੂਬੇ ਦੇ ਲੋਕਾਂ ਦੀ ਫਿਤਰਤ ਹੈ ਕਿ ਉਹਨਾਂ ਨੂੰ ਹੁਣ ਅਜਿਹੀਆਂ ਮੁਸ਼ਕਿਲਾਂ ਤੋਂ ਡਰ ਨਹੀਂ ਲੱਗਦਾ। ਹਾਲ ਹੀ ਵਿਚ ਪਾਕਿਸਤਾਨ ਵੱਲੋਂ ਆਏ ਅੱਤਵਾਦੀਆਂ ਨੇ ਦੋ ਵਾਰ ਇਸ ਸੂਬੇ ਤੇ ਹੀ ਹਮਲਾ ਕੀਤਾ। ਪਹਿਲਾਂ ਦੀਨਾਨਗਰ ਵਿਚ ਅੱਤਵਾਦੀ ਹਮਲਾ ਹੋਇਆ ਅਤੇ ਹੁਣ ਪਠਾਨਕੋਟ ਦੇ ਏਅਰਬੇਸ ਤੇ ਅੱਤਵਾਦੀਆਂ ਨੇ ਹਮਲਾ ਕੀਤਾ। ਪੰਜਾਬ ਦੇ ਲੋਕਾਂ ਵਿਚ ਇਹਨਾਂ ਵਾਰਦਾਤਾਂ ਦੇ ਪ੍ਰਤੀ ਜ਼ਿਆਦਾ ਦਹਿਸ਼ਤ ਵਾਲਾ ਮਾਹੌਲ ਨਹੀਂ ਹੈ ਅਤੇ ਅੱਤਵਾਦੀਆਂ ਨੂੰ ਵੀ ਇਹ ਗੱਲ ਪਤਾ ਹੈ ਕਿ ਪੰਜਾਬ ਦੇ ਲੋਕ ਉਹਨਾਂ ਤੋਂ ਡਰਨ ਵਾਲੇ ਨਹੀਂ ਹਨ, ਇਸੇ ਕਰਕੇ ਹੀ ਅੱਤਵਾਦੀਆਂ ਨੇ ਆਮ ਲੋਕਾਂ ਦੀ ਬਜਾਏ ਸੁਰੱਖਿਆ ਫੋਰਸਾਂ ਨੂੰ ਜ਼ਿਆਦਾ ਨਿਸ਼ਾਨਾ ਬਣਾਇਆ ਹੈ। ਹਾਲਾਂਕਿ ਅਜਿਹੇ ਸੰਕੇਤ ਮਿਲ ਰਹੇ ਹਨ ਕਿ ਪੰਜਾਬ ਉਤੋਂ ਖਤਰਾ ਹਾਲੇ ਟਲਿਆ ਨਹੀਂ ਹੈ ਅਤੇ ਕੁਝ ਅੱਤਵਾਦੀ ਖੁੱਲ੍ਹੇਆਮ ਘੁੰਮ ਰਹੇ ਹਨ। ਫਾਜਿਲਕਾ ਦੇ ਇਕ ਪਿੰਡ ਵਿਚ ਲਾਵਾਰਸ ਹਾਲਤ ਵਿਚ ਇਕ ਕਾਰ ਮਿਲੀ, ਇਸਦੀ ਨੰਬਰ ਪਲਟ ਵੀ ਗਾਇਬ ਹੈ। ਨਾਲ ਹੀ ਇਸ ਵਿਚ ਉਰਦੂ ਵਿਚ ਲਿਖੀ ਡਾਇਰੀ ਵੀ ਮਿਲੀ ਹੈ। ਸੋਮਵਾਰ ਨੂੰ ਹੀ ਪਠਾਨਕੋਟ ਏਅਰਬੇਸ ਤੋਂ ਕਰੀਬ ਦਸ ਕਿਲੋਮੀਟਰ ਦੂਰ ਮਮੂਨ ਖੇਤਰ ਵਿਚ ਦੋ ਅੱਤਵਾਦੀਆਂ ਨੂੰ ਜਾਂਦੇ ਦੇਖਿਆ ਗਿਆ, ਜਿਸ ਦੇ ਆਧਾਰ ਤੇ ਪੁਲਿਸ ਨੇ ਸਰਚ ਅਪਰੇਸ਼ਨ ਚਲਾਇਆ। ਇਸੇ ਤਰ੍ਹਾਂ ਮੋਹਾਲੀ ਪੁਲਿਸ ਨੇ ਵੀ ਮੋਸਟ ਵਾਂਟਡ ਗੈਂਗਸਟਰਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਹਨਾਂ ਦੇ ਕੋਲੋਂ ਭਾਰੀ ਹਥਿਆਰ ਅਤੇ ਪਾਕਿਸਤਾਨੀ ਸਿਮ ਬਰਾਮਦ ਹੋਏ। ਇਕ ਦਿਨ ਵਿਚ ਹੀ ਸਾਹਮਣੇ ਆਈਆਂ ਇਹਨਾਂ ਘਟਨਾਵਾਂ ਤੋਂ ਸਪਸ਼ਟ ਹੈ ਕਿ ਸੂਬੇ ਵਿਚ ਖਤਰਾ ਹੋਰ ਵੱਧ ਗਿਆ ਹੈ। ਪੁਲਿਸ ਹੁਣ ਕੁਝ ਹੱਦ ਤੱਕ ਜਾਗੀ ਜ਼ਰੂਰ ਹੈ ਪਰ ਇਸ ਕਾਰਨ ਆਮ ਜਨਤਾ ਨੂੰ ਵੀ ਪ੍ਰੇਸ਼ਾਨੀ ਵੱਧ ਜਾਂਦੀ ਹੈ। ਇਸ ਦੀ ਬਜਾਏ ਬਿਹਤਰ ਤਾਂ ਇਹ ਹੋਵੇਗਾ ਕਿ ਖੁਫੀਆ ਸਿਸਟਮ ਨੂੰ ਮਜ਼ਬੂਤ ਕੀਤਾ ਜਾਵੇ ਅਤੇ ਹਰ ਥਾਂ ਉਤੇ ਨਜ਼ਰ ਰੱਖੀ ਜਾਵੇ। ਹਾਲਾਂਕਿ ਪਾਕਿਸਤਾਨ ਤੋਂ ਆਉਂਦੇ ਅੱਤਵਾਦੀਆਂ ਦਾ ਨਿਸ਼ਾਨਾ ਸੁਰੱਖਿਆ ਫੋਰਸਾਂ ਬਣ ਰਹੀਆਂ ਹਨ, ਕੱਲ੍ਹ ਨੂੰ ਆਮ ਨਾਗਰਿਕ ਵੀ ਬਣ ਸਕਦੇ ਹਨ। ਪੰਜਾਬੀਆਂ ਵਿਚ ਇਹਨਾਂ ਹਮਲਿਆਂ ਦੇ ਕਾਰਨ ਦਹਿਸ਼ਤ ਵਾਲਾ ਮਾਹੌਲ ਬੇਸ਼ੱਕ ਨਾ ਹੋਵੇ ਪਰ ਅਜਿਹੇ ਹਮਲਿਆਂ ਕਾਰਨ ਜਾਨੀ ਨੁਕਸਾਨ ਹੁੰਦਾ ਹੈ ਅਤੇ ਬਹੁਤ ਸਾਰੇ ਪਰਿਵਾਰ ਪ੍ਰਭਾਵਿਤ ਹੁੰਦੇ ਹਨ। ਪੰਜਾਬ ਕਿਉਂਕਿ ਸਰਹੱਦੀ ਸੂਬਾ ਹੈ, ਇਸ ਕਰਕੇ ਇਸਨੂੰ ਸੰਵੇਦਨਸ਼ੀਲ ਸੂਬਾ ਗਰਦਾਨ ਕੇ ਸੁਰੱਖਿਆ ਵਿਵਸਥਾ ਖਾਸ ਕਰਕੇ ਬਾਰਡਰ ਉਤੇ ਮਜ਼ਬੂਤ ਹੋਣੀ ਚਾਹੀਦੀ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸ਼ੰਕਾ-ਨਵਿਰਤੀ- 32



ਮੇਘ ਰਾਜ ਮਿੱਤਰ
+91-98887-87440

? ਬੁੱਲ੍ਹਾਂ 'ਤੇ ਮਿਰਚਾਂ ਲੱਗਣ 'ਤੇ ਇਹ ਮੱਚਣ ਕਿਉਂ ਲੱਗ ਜਾਂਦੇ ਹਨ ਅਤੇ ਸਾਡੇ ਮੂੰਹੋਂ ਸੀ-ਸੀ ਦੀ ਆਵਾਜ਼ ਕਿਉਂ ਆਉਂਦੀ ਹੈ।

* ਮਿਰਚਾਂ ਵਿੱਚ ਅਜਿਹਾ ਰਸਾਇਣਿਕ ਪਦਾਰਥ ਹੁੰਦਾ ਹੈ ਜਿਹੜਾ ਚਮੜੀ ਉੱਪਰ ਬੁਰਾ ਪ੍ਰਭਾਵ ਪਾਉਂਦਾ ਹੈ।

? ਮੁਸੰਮੀ, ਸੰਤਰਾ ਅਤੇ ਕਿਨੂ ਵਿੱਚ ਕੀ ਫਰਕ ਹੁੰਦਾ ਹੈ?

* ਮੁਸੰਮੀ, ਸੰਤਰਾ, ਕਿੰਨੂ ਤੇ ਨਿੰਬੂ ਇੱਕੋ ਫੈਮਿਲੀ 'ਸਿਟਰਸ' ਦੇ ਫਲ ਹਨ। ਇਸ ਵਿਚਲੇ ਰਸਾਂ ਦੀ ਬਣਤਰ ਵਿੱਚ ਥੋੜ੍ਹੇ ਜਿਹੇ ਫਰਕ ਕਾਰਨ ਇਹ ਫਲ ਅਲੱਗ-ਅਲੱਗ ਹਨ।

? ਕੀ ਹੰਸ ਸੱਚ-ਮੁੱਚ ਹੀ ਮੋਤੀ ਖਾਂਦਾ ਹੈ।

* ਮੋਤੀ ਜਾਂ ਹੀਰੇ ਕਾਰਬਨ ਦਾ ਇੱਕ ਰੂਪ ਹਨ, ਇਹ ਦੁਨੀਆਂ ਦਾ ਸਭ ਤੋਂ ਸਖ਼ਤ ਪਦਾਰਥ ਹੁੰਦਾ ਹੈ, ਇਸ ਲਈ ਇਸ ਦਾ ਇਸਤੇਮਾਲ ਕੱਚ ਕੱਟਣ ਵਾਲੀਆਂ ਪੈਨਸਲਾਂ ਅਤੇ ਸੁਰਾਖ ਕਰਨ ਵਾਲੀਆਂ ਵਰਮੀਆਂ ਦੇ ਵਿਚ ਹੁੰਦਾ ਹੈ। ਹੰਸਾਂ ਵੱਲੋਂ ਮੋਤੀ ਖਾਣਾ ਸੱਚਾਈ ਨਹੀਂ ਹੈ।

? ਹਾਥੀ ਨੂੰ ਆਮ ਚੀਜ਼, ਮਨੁੱਖ ਨਾਲੋਂ ਦੁੱਗਣੀ ਦਿਖਾਈ ਦਿੰਦੀ ਹੈ, ਇਹ ਵਿਗਿਆਨੀ ਕਿਸ ਤਰ੍ਹਾਂ ਪਤਾ ਲਗਾਉਂਦੇ ਹਨ।

* ਇਨ੍ਹਾਂ ਗੱਲਾਂ ਦਾ ਅੰਦਾਜ਼ਾ ਹਾਥੀਆਂ ਦੀਆਂ ਅੱਖਾਂ ਦੇ ਲੈਂਜ਼ ਅਤੇ ਰਟੀਨਾ ਤੋਂ ਉਸਦੀ ਦੂਰੀ ਨਾਲ ਲਾਇਆ ਜਾਂਦਾ ਹੈ।

? ਜ਼ਰਦਾ ਜਾਂ ਤੰਬਾਕੂ ਮਨੁੱਖ ਨੂੰ ਨਸ਼ਾ ਕਿਵੇਂ ਦਿੰਦੇ ਹਨ।

* ਜ਼ਰਦੇ ਜਾਂ ਤੰਬਾਕੂ ਵਿਚ ਨਿਕੋਟੀਨ ਨਾਂ ਦਾ ਰਸਾਇਣਕ ਪਦਾਰਥ ਹੁੰਦਾ ਹੈ ਇਹ ਇੱਕ ਨਸੀਲਾ ਪਦਾਰਥ ਹੈ।

? ਸੂਰਜ ਦੀਆਂ ਪਰਾਵੈਂਗਣੀ ਕਿਰਣਾਂ ਮਨੁੱਖ ਨੂੰ ਨਹੀਂ ਦਿਖਦੀਆਂ ਪਰ ਮਧੂਮੱਖੀ ਨੂੰ ਦਿਖਾਈ ਦਿੰਦੀਆਂ ਹਨ। ਅਜਿਹਾ ਕਿਉਂ।

* ਅੱਡ-ਅੱਡ ਜੀਵਾਂ ਦੀਆਂ ਸੁਣਨ ਅਤੇ ਵਿਖਾਈ ਦੇਣ ਵਾਲੀਆਂ ਤੇ ਮਹਿਸੂਸ ਕਰਨ ਵਾਲੀਆਂ ਸਮਰੱਥਾਵਾਂ ਅਲੱਗ-ਅਲੱਗ ਹੁੰਦੀਆਂ ਹਨ, ਮਧੂ ਮੱਖੀਆਂ ਦੇ ਕੇਸ ਵਿਚ ਵੀ ਅਜਿਹਾ ਹੀ ਹੁੰਦਾ ਹੈ।

? ਅਮਰਵੇਲ ਪੇੜ ਪੌਦਿਆਂ ਤੋਂ ਆਪਣੀ ਖੁਰਾਕ ਲੈਂਦੀ ਹੈ ਇਨ੍ਹਾਂ ਤੋਂ ਖੁਰਾਕ ਲੈਣ ਦੇ ਬਾਵਜੂਦ ਵੀ ਇਸ ਦਾ ਰੰਗ ਪੌਦਿਆਂ ਦੇ ਕਲੋਰੋਫਿਲ ਵਾਂਗ ਹਰਾ ਕਿਉਂ ਨਹੀਂ ਹੋ ਜਾਂਦਾ?

* ਪੌਦਿਆਂ ਦਾ ਹਰਾ ਰੰਗ ਕਲੋਰੋਫਿਲ ਕਰਕੇ ਹੁੰਦਾ ਹੈ। ਜਿਸ ਕਾਰਨ ਪੌਦੇ ਪ੍ਰਕਾਸ਼ ਸੰਸਲੇਸ਼ਣ ਕਿਰਿਆ ਰਾਹੀਂ ਹਵਾ ਵਿਚੋਂ ਪਾਣੀ ਅਤੇ ਕਾਰਬਨ ਡਾਈ ਆਕਸਾਈਡ ਲੈ ਕੇ ਆਪਣਾ ਭੋਜਨ ਤਿਆਰ ਕਰਦੇ ਹਨ। ਅਮਰ ਵੇਲ ਵਿਚ ਕਲੋਰੋਫਿਲ ਨਹੀਂ ਹੁੰਦਾ। ਇਸ ਲਈ ਉਹ ਆਪਣਾ ਭੋਜਨ ਆਪ ਤਿਆਰ ਨਹੀਂ ਕਰਦੀ। ਇਸ ਦਾ ਰੰਗ ਏਸੇ ਲਈ ਹਰਾ ਨਹੀਂ ਹੁੰਦਾ।

? ਜੁਗਨੂੰ ਰਾਤ ਨੂੰ ਲਾਈਟ ਕਿਵੇਂ ਛੱਡਦੇ ਹਨ।

* ਧਰਤੀ ਤੇ ਰਹਿ ਰਹੀਆਂ ਜਾਨਵਰਾਂ ਦੀਆਂ ਲੱਖਾਂ ਕਿਸਮਾਂ ਵਿਚੋਂ ਸਿਰਫ਼ ਜੁਗਨੂੰ ਹੀ ਅਜਿਹੇ ਜੀਵ ਨਹੀਂ ਹਨ ਜਿਹੜੇ ਰੋਸ਼ਨੀ ਪੈਦਾ ਕਰਦੇ ਹਨ। ਮੱਛੀਆਂ ਤੇ ਹੋਰ ਜਾਨਵਰਾਂ ਦੀਆਂ ਅਜਿਹੀਆਂ ਸੈਂਕੜੇ ਕਿਸਮਾਂ ਹਨ ਜਿਹੜੀਆਂ ਰੌਸ਼ਨੀ ਪੈਦਾ ਕਰਦੀਆਂ ਹਨ। ਜੁਗਨੂੰ ਅਜਿਹਾ ਆਪਣੇ ਸਾਥੀਆਂ ਨੂੰ ਨੇੜੇ ਸੱਦਣ ਲਈ ਕਰਦਾ ਹੈ, ਲੂਸੀਫਰੀਨ ਤੇ ਲੂਸੀਫਰੇਜ ਨਾਂ ਦੇ ਦੋ ਰਸਾਇਣਕ ਜਦੋਂ ਆਕਸੀਜਨ ਦੀ ਹਾਜ਼ਰੀ ਵਿਚ ਮਿਲਦੇ ਹਨ, ਤਾਂ ਰਸਾਇਣਕ ਕਿਰਿਆ ਪੈਦਾ ਹੁੰਦੀ ਹੈ, ਜਿਸ ਕਾਰਨ ਰੌਸ਼ਨੀ ਪੈਦਾ ਹੁੰਦੀ ਹੈ। ਜੁਗਨੂੰ ਵਿਚ ਵੀ ਇਹ ਦੋਵੇਂ ਰਸਾਇਣਕ ਪਦਾਰਥ ਹੁੰਦੇ ਹਨ, ਜਿਨ੍ਹਾਂ ਦੀ ਰਸਾਇਣਕ ਕਿਰਿਆ ਕਰਕੇ ਹੀ ਰੌਸ਼ਨੀ ਪੈਦਾ ਹੁੰਦੀ ਹੈ।

? ਜਿਸ ਤਰ੍ਹਾਂ ਮਨੁੱਖ ਦੇ ਪੂਰਵਜ ਬਾਦਰਾਂ ਨੂੰ ਮੰਨਿਆ ਜਾਂਦਾ ਹੈ ਕੀ ਉਸੇ ਤਰ੍ਹਾਂ ਕੁੱਤੇ ਦੇ ਪੂਰਵਜ ਭੇੜੀਏ ਮੰਨੇ ਜਾ ਸਕਦੇ ਹਨ?

* ਗਿੱਦੜ, ਬਘਿਆੜ ਤੇ ਕੁੱਤਾ ਇਕੋ ਪਰਿਵਾਰ ਦੇ ਮੈਂਬਰ ਹਨ। ਇਨ੍ਹਾਂ ਦਾ ਵਿਕਾਸ ਤਿੰਨ ਕਰੋੜ ਵਰ੍ਹੇ ਪਹਿਲਾਂ ਹੋਇਆ ਮੰਨਿਆ ਜਾਂਦਾ ਹੈ, ਪਰ ਕੁੱਤੇ ਦੀਆਂ ਬਹੁਤ ਸਾਰੀਆਂ ਪਾਲਤੂ ਨਸਲਾਂ ਦਾ ਵਿਕਾਸ ਪਿਛਲੇ ਦਸ ਹਜ਼ਾਰ ਵਰ੍ਹੇ ਦੀ ਹੀ ਦੇਣ ਹੈ।

? ਕਈ ਜੀਵ-ਜੰਤੂਆਂ ਵਿਚ ਖ਼ੂਨ ਨਹੀਂ ਹੁੰਦਾ। ਫਿਰ ਉਹ ਜਿਉਂਦੇ ਕਿਵੇਂ ਰਹਿੰਦੇ ਹਨ।

* ਬਹੁਤ ਸਾਰੇ ਜੀਵ-ਜੰਤੂਆਂ ਵਿਚ ਖ਼ੂਨ-ਪ੍ਰਣਾਲੀ, ਸਾਹ-ਪ੍ਰਣਾਲੀ ਜਾਂ ਭੋਜਨ-ਪ੍ਰਣਾਲੀ ਨਹੀਂ ਹੁੰਦੀਆਂ ਪਰ ਉਨ੍ਹਾਂ ਨੇ ਜਿਉਂਦੇ ਰਹਿਣ ਲਈ ਕੁਦਰਤ ਨਾਲ ਸੰਘਰਸ ਕਰਦਿਆਂ ਅਜਿਹੇ ਅੰਗਾਂ ਨੂੰ ਜਾਂ ਪ੍ਰਣਾਲੀਆਂ ਨੂੰ ਵਿਕਸਤ ਕਰ ਲਿਆ ਹੁੰਦਾ ਹੈ ਜੋ ਉਨ੍ਹਾਂ ਦੇ ਜਿਉਣ ਲਈ ਸਹਾਈ ਹੁੰਦੇ ਹਨ। ਜਿਵੇਂ ਕਈ ਸਾਹ ਲੈਣ ਲਈ ਚਮੜੀ ਦੀ ਹੀ ਵਰਤੋਂ ਕਰ ਲੈਂਦੇ ਹਨ।

? ਕੀ ਸੱਪ ਦੀ ਹੱਡੀ ਨਾਲ ਸਰੀਰ ਵਿਚ ਜ਼ਖ਼ਮ ਹੋਣ ਤੇ ਜ਼ਹਿਰ ਸਰੀਰ ਵਿਚ ਪ੍ਰਵੇਸ਼ ਕਰ ਸਕਦਾ ਹੈ।

* ਸੱਪ ਦੀ ਹੱਡੀ ਨਾਲ ਜ਼ਖਮ ਹੋਣ ਕਾਰਨ ਜ਼ਹਿਰ ਦਾ ਪ੍ਰਵੇਸ਼ ਕਰਨ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਕੁਝ ਸੱਪ ਬਹੁਤ ਹੀ ਜ਼ਹਿਰੀਲੇ ਹੁੰਦੇ ਹਨ। ਅਜਿਹੇ ਸੱਪਾਂ ਦਾ ਮਾਮੂਲੀ ਜਿਹਾ ਜ਼ਹਿਰ ਭਾਵੇਂ ਉਹ ਹੱਡੀ ਨੂੰ ਲੱਗਿਆ ਹੋਵੇ, ਉਹ ਸਰੀਰ ਨੂੰ ਨੁਕਸਾਨ ਪਹੁੰਚਾਉਣ ਲਈ ਕਾਫੀ ਹੁੰਦਾ ਹੈ।

? ਨਵੰਬਰ-ਦਸੰਬਰ 2002 ਦੇ 'ਵਿਗਿਆਨ ਜੋਤ' 'ਚ ਸਫਾ 5 'ਤੇ ਇਕ ਖ਼ਬਰ ਪੜ੍ਹੀ ਕਿ ਬਿਨਾਂ ਨਰ ਦੇ ਮੇਲ ਤੋਂ ਸ਼ਾਰਕ ਨੇ ਬੱਚੇ ਜਨਮੇ। ਬਗੈਰ ਨਰ ਦੇ ਮੇਲ ਨਾਲ ਇਹ ਕਿਸ ਤਰ੍ਹਾਂ ਹੋ ਸਕਦਾ ਹੈ, ਕੀ ਦੂਜੇ ਜੀਵਾਂ 'ਚ ਵੀ ਇਸ ਤਰ੍ਹਾਂ ਦੀ ਸੰਭਾਵਨਾ ਹੁੰਦੀ ਹੈ।

* ਜੀਵਾਂ ਵਿਚ ਸੰਤਾਨ ਪੈਦਾ ਕਰਨ ਦੇ ਬਹੁਤ ਸਾਰੇ ਢੰਗ ਹਨ, ਕਈਆਂ ਵਿਚ ਨਰ ਅਤੇ ਮਾਦਾ ਅਲੱਗ-ਅਲੱਗ ਹੁੰਦਾ ਹੈ ਜਿਵੇਂ ਮਨੁੱਖ ਜਾਤੀ ਵਿਚ ਨਰ ਅਤੇ ਮਾਦਾ ਅਲੱਗ-ਅਲੱਗ ਹੁੰਦੇ ਹਨ, ਪਰ ਗੰਡ ਗਡੋਇਆਂ ਵਿਚ ਨਰ ਅਤੇ ਮਾਦਾ ਭਾਗ ਇਕੋ ਵਿਚ ਹੀ ਹੁੰਦੇ ਹਨ। ਦੋ ਗੰਡੋਏ ਆਪਸ ਵਿਚ ਜੁੜ ਜਾਂਦੇ ਹਨ।

ਦੋਵੇਂ ਇਕ ਦੂਜੇ ਦਾ ਗਰਭ ਧਾਰਨ ਕਰ ਲੈਂਦੇ ਹਨ। ਕੁਝ ਜੀਵ ਅਜਿਹੇ ਹੁੰਦੇ ਹਨ ਜਿਹੜੇ ਵਿਚਾਲੋਂ ਵਧ ਕੇ ਟੁੱਟ ਜਾਂਦੇ ਹਨ ਅਤੇ ਦੋ ਵਿਚ ਬਦਲ ਜਾਂਦੇ ਹਨ, ਜਿਵੇਂ ਅਮੀਬਾ। ਅਮੀਬਾ ਆਪਣਾ ਵਾਧਾ ਇਸ ਢੰਗ ਨਾਲ ਕਰਦਾ ਹੈ, ਕਿ ਮਨੁੱਖੀ ਸਰੀਰ ਦੇ ਸੈੱਲ ਵੀ ਆਪਣਾ ਵਾਧਾ ਇਸੇ ਢੰਗ ਨਾਲ ਕਰਦੇ ਹਨ। ਇਸ ਤਰ੍ਹਾਂ ਹੀ ਸਾਰਕਾਂ ਦੀਆਂ ਕਈ ਕਿਸਮਾਂ ਨਰਾਂ ਦੇ ਬਗ਼ੈਰ ਹੀ ਬੱਚਿਆਂ ਨੂੰ ਜਨਮ ਦਿੰਦੀਆਂ ਹਨ।


? ਮਨੁੱਖ ਤੇ ਹੋਰ ਜਨਵਰਾਂ ਦੇ ਖ਼ੂਨ ਵਿਚ ਕੀ ਫਰਕ ਹੈ।

* ਮਨੁੱਖ ਅਤੇ ਜਾਨਵਰਾਂ ਦੇ ਖ਼ੂਨ ਵਿਚ ਬਹੁਤ ਸਾਰੇ ਪ੍ਰੋਟੀਨ ਹੁੰਦੇ ਹਨ। ਇਨ੍ਹਾਂ ਪ੍ਰੋਟੀਨਾਂ ਦੇ ਫਰਕ ਕਾਰਨ ਹੀ ਮਨੁੱਖੀ ਖ਼ੂਨ ਅਤੇ ਜਾਨਵਰਾਂ ਦੇ ਖ਼ੂਨ ਵਿਚ ਫਰਕ ਹੁੰਦਾ ਹੈ।

? ਜਦੋਂ ਕੀੜੀਆਂ ਆਪਣੀਆਂ ਖੁੱਡਾਂ ਵਿੱਚੋਂ ਬਾਹਰ ਨਿਕਲਦੀਆਂ ਜਾਂ ਵੜਦੀਆਂ ਹਨ ਉਹ ਲਾਈਨ ਬਣਾਈ ਜਾਂਦੀਆਂ ਹਨ।

ਅੱਧੀਆਂ ਖੁੱਡ ਵਿੱਚ ਵੜਦੀਆਂ ਹਨ ਤੇ ਅੱਧੀਆਂ ਖੁੱਡ ਵਿੱਚੋਂ ਬਾਹਰ ਨਿਕਲਦੀਆਂ ਹਨ। ਉਹ ਇੱਕ ਦੂਜੀ ਨੂੰ ਮਿਲ ਕੇ ਕਰੌਸ ਕਰਦੀਆਂ ਹਨ। ਇਸ ਦਾ ਕੀ ਕਾਰਨ ਹੈ।

* ਕੀੜੀਆਂ ਦੇ ਜਾਣ ਅਤੇ ਆਉਣ ਦੇ ਢੰਗਾਂ ਵਿੱਚ ਕੁਝ ਸੰਕੇਤ ਛੁਪੇ ਹੁੰਦੇ ਹਨ। ਉਹ ਆਪਣੀਆਂ ਸਾਥਣਾਂ ਨੂੰ ਇਹਨਾਂ ਗਤੀਵਿਧੀਆਂ ਰਾਹੀਂ ਦਰਸਾਉਂਦੀਆਂ ਹਨ ਕਿ ਖੁਰਾਕ ਕਿੱਥੇ ਉਪਲਬਧ ਹੈ ਅਤੇ ਉਸ ਖੁਰਾਕ ਤੱਕ ਪਹੁੰਚਣ ਲਈ ਰਸਤਾ ਕਿਹੜਾ ਹੈ।



# ਪੁਣਛਾਣ



ਪੰਮੀ ਲਾਲੋ ਮਜਾਰਾ
91-95011-43755

ਕੁਝ ਇਸ ਤਰ੍ਹਾਂ ਲੱਗਦਾ ਹੈ ਕਿ ਜਿਹੜੇ ਬਸਪਾ ਛੱਡ ਕੇ ਅਕਾਲੀ ਦਲ 'ਚ ਸ਼ਾਮਲ ਹੋਏ ਸੀ, ਉਹਨਾਂ ਦੀ ਆਜ਼ਾਦੀ ਕੁਝ ਘੁੱਟਣ ਮਹਿਸੂਸ ਕਰ ਰਹੀ ਹੈ। ਪਵਨ ਕੁਮਾਰ ਟੀਨੂੰ ਨੂੰ ਹੀ ਲੈ ਲਓ, ਤੱਲ੍ਹਣ ਕਾਂਡ ਤੋਂ ਬਾਅਦ ਉਹਦੀ ਐਨੀ ਦਹਿਸ਼ਤ ਸੀ ਕਿ ਜਲੰਧਰ ਜਿਹੜਾ ਵੀ ਐਸ. ਐਸ. ਪੀ. ਲੱਗਦਾ ਸੀ, ਉਹ ਸਭ ਤੋਂ ਪਹਿਲਾਂ ਟੀਨੂੰ ਨੂੰ ਜ਼ਰੂਰ ਮਿਲਣ ਜਾਂਦਾ ਸੀ। ਵਕਤ ਨੇ ਮੋੜ ਕੱਟਿਆ ਤੇ ਟੀਨੂੰ ਅਕਾਲੀ ਦਲ 'ਚ ਚਲਾ ਗਿਆ, ਉਹਦੇ ਤਿੱਖੇ ਵਿਚਾਰਾਂ ਦੀ ਧਾਰ ਜਲੰਧਰ ਤੋਂ ਸੰਸਦ ਦੀ ਚੋਣ ਲੜਾ ਕੇ ਸੁਖਬੀਰ ਨੇ ਸਾੀ ਖੁੰਡੀ ਕਰ ਦਿੱਤੀ। ਦਰਸ਼ਨ ਸਿੰਘ ਜੇਠੂਮਜਾਰਾ, ਜੋ ਕਿ ਜਦੋਂ ਬਸਪਾ 'ਚ ਹੁੰਦਾ ਸੀ ਤਾਂ ਬਹੁਤ ਵਧੀਆ ਬੋਲਦਾਸੀ, ਪਰ ਹੁਣ ਉਹਦੀ ਆਵਾਜ਼ ਨੂੰ ਕੀ ਹੋ ਗਿਆ ਪਤਾ ਨਹੀਂ। ਡਾ. ਸੁੱਖਵਿੰਦਰ ਸੁੱਖੀ ਜੇ ਅਕਾਲੀ ਦਲ 'ਚ ਨਾ ਜਾਂਦਾ ਤਾਂ ਸ਼ਾਇਦ ਕਰੀਮਪੁਰੀ ਦੀ ਥਾਂ ਤੇ ਅੱਜ ਉਹ ਪੰਜਾਬ ਬਸਪਾ ਦਾ ਪ੍ਰਧਾਨ ਹੁੰਦਾ। ਉਹਦੀ ਕਿਸਮਤ ਵੀ ਉਹਨੂੰ ਧੋਖਾ ਦੇ ਗਈ ਲੱਗਦੀ ਹੈ। ਦੇਸ ਰਾਜ ਧੁੱਗਾ ਵੀ ਵਿਚਾਰਾ ਅਕਾਲੀ ਦਲ ਦੀਆਂ ਪ੍ਰਾਪਤੀਆਂ ਗਿਣਾਉਣ ਜੋਗਾ ਹੀ ਰਹਿ ਗਿਆ। ਪ੍ਰਕਾਸ਼ ਜੰਡਾਲੀ ਜੋ ਬਸਪਾ ਦਾ ਪ੍ਰਧਾਨ ਹੁੰਦਾ ਸੀ, ਜਦੋਂ ਦਾ ਆਪ 'ਚ ਗਿਆ, ਉਹਦੇ ਵਿਚਾਰਾਂ ਨੂੰ ਵੀ ਸਰਾਪ ਜਿਹਾ ਲੱਗਦਾ ਲੱਗ ਗਿਆ ਹੈ। ਪੰਜਾਬ ਦਾ ਧਾਕੜ ਬੁਲਾਰਾ ਸਿੰਗਾਰਾ ਰਾਮ ਸਹੂੰਗੜਾ ਕਾਂਗਰਸ ਵਿਚ ਜਾ ਕੇ, ਆਪਣੇ ਕੋਲ ਦਾ ਵੀ ਸਭ ਕੁਝ ਗਵਾ ਬੈਠਾ। ਪੰਜਾਬ ਵਿਰੋਧੀ ਧਿਰ ਦਾ ਨੇਤਾ ਰਿਹਾ ਸਤਨਾਮ ਸਿੰਘ ਕੈਂਥ ਫਿਲਹਾਲ ਕਾਂਗਰਸ ਵਿਚ ਜਾ ਕੇ ਕੋਮਾ ਦੀ ਸਥਿਤੀ 'ਚ ਹੀ ਹੈ। ਬੰਗਿਆਂ ਤੋਂ ਉਹ ਕਾਂਗਰਸ ਦੀ ਟਿਕਟ ਤੇ ਚੋਣ ਲੜ ਨੀ ਸਕਦਾ, ਕਿਉਂਕਿ ਤ੍ਰਿਲੋਚਨ ਸੂੰਢ ਕਾਂਗਰਸ ਦਾ ਸਿਟਿੰਗ ਐਮ. ਐਲ. ਏ. ਹੈ। ਜੇ ਬਸਪਾ ਤੇ ਕਾਂਗਰਸ ਦਾ ਚੋਣ ਸਮਝੌਤਾ ਹੋ ਗਿਆ ਤਾਂ ਬੰਗਿਆਂ ਦੀ ਸਇ ਬਸਪਾ ਦੇ ਰਾਜਿੰਦਰ ਠੇਕੇਦਾਰ ਦੇ ਹਿੱਸੇ 'ਚ ਜਾਣ ਦੇ ਚਰਚੇ ਹਨ। ਨਿਚੋੜ ਤਾਂ ਇਸ ਗੱਲ ਦਾ ਹੈ ਕਿ ਆਪਣਾ ਘਰ ਆਪਣਾ ਹੀ ਹੁੰਦਾ ਹੈ, ਭਾਵੇਂ ਨੰਗੇ ਹੋ ਕੇ ਫਿਰੋ, ਕਿਸੇ ਦਾ ਕੋਈ ਡਰ ਨਹੀਂ ਹੁੰਦਾ।


ਪੰਜਾਬ 'ਚ ਲੱਗਭੱਗ 34 ਕੁਦੇ ਕਰੀਬ ਰਿਜ਼ਰਵ ਹਲਕੇ ਹਨ, ਜਿਹਨਾਂ ਤੋਂ ਐਮ. ਐਲ. ਏ. ਦੀ ਸੀਟ ਸਿਰਫ ਐਸ. ਸੀ. ਲੋਕ ਹੀ ਚੋਣ ਲੜ ਸਕਦੇ ਹਨ। ਪਰ ਸਭ ਤੋਂ ਮਾੜੀ ਹਾਲਤ ਆਉਣ ਵਾਲੀਆਂ ਚੋਣਾਂ 'ਚ ਅਕਾਲੀ ਦਲ ਨਾਲ ਸਬੰਧਤ ਇਹਨਾਂ ਰਿਜ਼ਰਵ ਹਲਕਿਆਂ ਤੋਂ ਜਿੱਤ ਕੇ ਉਮੀਦਵਾਰਾਂ ਨਾਲ ਹੋਣ ਵਾਲੀ ਹੈ। ਜਿੱਥੇ ਅਕਾਲੀ ਦਲ ਜਿੱਤ ਦਰਜ ਨਹੀਂ ਸੀ ਕਰ ਸਕਿਆ, ਉਥੇ ਲੱਗੇ ਇੰਚਾਰਜਾਂ ਦੇ ਸਾਹ ਸੂਤੇ ਪਏ ਹਨ। ਕਿਉਂਕਿ ਤਰਨਤਾਰਨ, ਮੋਗੇ ਤੇ ਅਬੋਹਰ 'ਚ ਹੋਈਆਂ ਦਲਿਤ ਲੋਕਾਂ ਨਾਲ ਸਬੰਧਤ ਘਿਨੌਣੀਆਂ ਘਟਨਾਵਾਂ ਦੇ ਵਿਰੋਧ 'ਚ ਇਹਨਾਂ ਲੋਕਾਂ ਨੇ ਸੁਖਬੀਰ ਦੇ ਡਰੋਂ ਆਪਣੀ ਜ਼ੁਬਾਨ ਤੱਕ ਨਹੀਂ ਖੋਲ੍ਹੀ। ਜਿਸਦੇ ਸਿੱਟੇ ਵਜੋਂ ਦਲਿਤ ਸਮਾਜ ਆਪਣੇ ਆਪ ਨੂੰ ਅਪਮਾਨਿਤ ਜਿਹਾ ਮਹਿਸੂਸ ਕਰ ਰਿਹਾ ਹੈ। ਇਸ ਕਰਕੇ ਦਲਿਤ ਵੋਟਾਂ ਬੰਬ ਬਣ ਕੇ ਇਹਨਾਂ ਰਿਜ਼ਰਵ ਹਲਕਿਆਂ ਤੇ ਵਰ ਜਾਣ ਤਾਂ ਕਿਸੇ ਨੂੰ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ।

****

ਅਕਾਲੀ ਸਰਕਾਰ ਨੂੰ ਸਭ ਤੋਂ ਵੱਡੀ ਮਾਰ ਇਕ ਹੋਰ ਪੈਣ ਵਾਲੀ ਹੈ, ਉਹ ਇਹ ਹੈ ਕਿ ਕੋਈ ਵੀ ਵੱਡਾ ਕਲਾਕਾਰ ਅਕਾਲੀ ਸਰਕਾਰ ਦੀਆਂ ਪ੍ਰਾਪਤੀਆਂ ਦੀ ਮਸ਼ਹੂਰੀ ਕਰਨ ਲਈ ਤਿਆਰ ਨਹੀਂ ਹੈ। ਗੁਰਦਾਸ ਮਾਨ ਤਾਂ ਵੈਸੇ ਹੀ ਇਹਨਾਂ ਚੱਕਰਾਂ 'ਚ ਨਹੀਂ ਪੈਂਦਾ। ਮਿਸ ਪੂਜਾ ਦੇ ਸਿਤਾਰੇ ਵੈਸੇ ਹੀ ਹੁਣ ਗਰਦਿਸ਼ 'ਚ ਹਨ। ਭਗਵੰਤ ਮਾਨ ਪਹਿਲਾਂ ਹੀ ਆਪ ਦਾ ਸਟਾਰ ਪ੍ਰਚਾਰਕ ਬਣ ਚੁੱਕਾ ਹੈ। ਮੁਹੰਮਦ ਸਦੀਕ ਪੱਕੇ ਤੌਰ 'ਤੇ ਪਹਿਲਾਂ ਹੀ ਕਾਂਗਰਸ ਵਿਚ ਹੈ। ਹੰਸ ਰਾਜ ਹੰਸ ਅਕਾਲੀ ਦਲ 'ਚੋਂ ਬੇਹੱਦ ਨਰਾਜ਼ ਹੈ। ਹਰਭਜਨ ਮਾਨ ਮੋਹਾਲੀ ਬੋਰਡ 'ਚੋਂ ਕਦੋਂ ਦਾ ਹੀ ਅਸਤੀਫਾ ਦੇ ਚੁੱਕਿਐ। ਲਾ ਪਾ ਕੇ ਇਕ ਬਚਿਆ ਪੰਮੀ ਬਾਈ। ਉਹਦੇ ਨਾਲ ਮੇਰੀ ਗੱਲ ਹੋਈ ਸੀ ਕਹਿਣ ਲੱਗਾ ਕਿ ਮੈਂ ਕੋਈ ਅਕਾਲੀ ਥੋੜ੍ਹਾਂ, ਮੇਰਾ ਤਾਂ ਢੀਂਡਸਾ ਪਰਿਵਾਰ ਨਾਲ 20 ਸਾਲ ਪੁਰਾਣਾ ਰਿਸ਼ਤਾ ਹੈ, ਮੈਂ ਤਾਂ ਪਿਛਲੀ ਵਾਰ ਉਹਦੇ ਹੱਕ 'ਚ ਪ੍ਰਚਾਰ ਕੀਤਾ ਸੀ। ਕੁਝ ਸਮਝ ਨੀ ਆਉਂਦੀ, ਚੋਣ ਵਰ੍ਹਾ ਸਿਰ 'ਤੇ ਹੈ, ਕੀ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਣ ਦਾ ਕੰਮ ਹੁਣ ਪੰਜਾਬ ਤੋਂ ਬਾਹਰਲੇ ਕਲਾਕਾਰ ਕਰਨਗੇ।'


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਇਕ ਵਿਲੱਖਣ ਸ਼ਖਸੀਅਤ



ਰੌਸ਼ਨ ਭਾਰਤੀ
98787-88900

ਜਾਨਵਰ ਜਨੌਰਾਂ ਤੋਂ ਵੀ ਵੱਧ ਮਾੜੀ ਹਾਲਤ ਵਿਚ ਆਪਣਾ ਜੀਵਨ ਬਤੀਤ ਕਰਨ ਵਾਲੇ ਲੋਕਾਂ ਨੂੰ ਅਛੂਤ ਕਿਹਾ ਜਾਂਦਾ ਸੀ, ਉਸ ਵੇਲੇ ਦੀ ਅਛੂਤ ਦੀ ਦਸ਼ਾ ਐਨੀ ਭਿਆਨਕ ਕਿ ਇਤਿਹਾਸ ਪੜ੍ਹਦੇ-ਪੜ੍ਹੇ ਰੌਂਗਟੇ ਸਰੀਰ ਦੇ ਖੜ੍ਹੇ ਹੋ ਜਾਂਦੇ ਹਨ, ਇਹ ਪੜ੍ਹ ਕੇ ਕਿ ਅਛੂਤ ਤੋਂ ਵੱਧ ਤੋਂ ਵੱਧ ਵਗਾਰ ਕਰਵਾਈ ਜਾਵੇ। ਵਗਾਰ ਕਰਵਾ ਕੇ ਕੀ ਅਛੂਤ ਨੂੰ ਖਾਣ ਨੂੰ ਜੋ ਕੁਦਰਤ ਨੇ ਅੰਨ ਦਿੱਤਾ ਹੈ। ਇਸ ਲਈ ਕਿ ਕੁਦਰਤ ਨੇ ਹਰ ਇਨਸਾਨ ਦੇ ਸਰੀਰ ਨਾਲ ਪੇਟ ਲੱਗਾ ਹੋਇਆ ਹੈ ਪਰ ਦੁੱਖ ਦੀ ਗੱਲ ਕਿ ਉਸ ਕੋਲੋਂ ਵਗਾਰ ਤਾਂ ਲੈ ਲਈ ਜਾਂਦੀ ਸੀ ਪਰ ਉਸ ਨੂੰ ਪੇਟ ਭਰਨ ਲਈ ਅੰਨ ਤੋਂ ਵੀ ਵਾਂਝਿਆਂ ਰੱਖਿਆ ਜਾਂਦਾ, ਕੁਦਰਤ ਨੇ ਮਨੁੱਖ ਅਤੇ ਮਨੁੱਖਤਾ ਵਾਸਤੇ ਹਵਾ ਦਾ ਪ੍ਰਬੰਧ ਕੀਤਾ ਕਿ ਮਨੁੱਖੀ ਖੁੱਲ੍ਹੀ ਹਵਾ ਵਿਚ ਸਾਹ ਲਵੇਗਾ ਪਰ ਧਰਮ ਦੇ ਠੇਕੇਦਾਰ ਨੇ ਆਪਣੀ ਸੋਚ ਅਤੇ ਜਗੀਰਦਾਰੀ ਸਿਸਟਮਾਂ, ਵਰਣ ਵਿਵਸਥਾ ਦੇ ਨਾਲ ਭਾਰਤ ਦੇਸ਼ ਦੇ ਅਸਲੀ ਆਦਿ ਵਾਸੀ ਲੋਕਾਂ ਨੂੰ 20ਵੀਂ ਸਦੀ ਵਿਚ ਅਛੂਤ, ਸ਼ੂਦਰ, ਨੀਚ ਆਦਿ ਦੇ ਮਾੜੇ ਨਾਵਾਂ ਅਤੇ ਛੱਪੜਾਂ ਅਤੇ ਪਿੰਡ ਦੇ ਢੇਰ ਦੇ ਕੋਲ ਰਹਿਣ ਲਈ ਮਜਬੂਰ ਕੀਤਾ ਜਿੱਥੋਂ ਕਿ ਹਮੇਸ਼ਾ ਗੰਦੀ ਹਵਾ ਵੀ ਚੱਲਦੀ ਹੈ।

ਇੱਥੇ ਇਹ ਕਹਿ ਸਕਦੇ ਹਾਂ ਕਿ ਕੁਦਰਤ ਤੋਂ ਇਹ ਅਛੂਤ ਕਹੇ ਜਾਣ ਵਾਲੇ ਲੋਕਾਂ ਨਾਲ ਬੇਇਨਸਾਫੀ ਝੱਲੀ ਨਾ ਗਈ, ਕੁਦਰਤ ਨਹੀਂ ਚਾਹੁੰਦੀ ਸੀ ਕਿ ਇਨਸਾਨ ਦੂਸਰੇ ਇਨਸਾਨ ਨਾਲ ਜਾਨਵਰਾਂ ਵਾਲਾ ਵਿਹਾਰ ਕਰੇ।

ਇਹਨਾਂ ਹਾਲਾਤਾਂ ਵਿਚ ਹੀ ਭਾਰਤ ਦੇਸ਼ ਦੇ ਮਹਾਨ ਯੋਧੇ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ ਜਨਮ 14 ਜਨਵਰੀ 1886 ਨੂੰ ਮੁੱਗੋਵਾਲ ਪਿੰਡ ਵਿਚ ਹੋਇਆ। ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਜੀ ਨੂੰ ਉਹਨਾਂ ਦੇ ਪਿਤਾ ਨੇ ਸਕੂਲ ’ਚ ਦਾਖਲ ਕਰਵਾਇਆ ਤਾਂ ਉਦੋਂ ਵੀ ਜਾਤ-ਪਾਤ, ਵਰਣ ਵਿਵਸਥਾ ਸਿਖਰ ਤੇ ਸੀ ਅਤੇ ਬਾਬੂ ਜੀ ਗਿਆਨ ਹਾਸਲ ਕਰਨਾ ਚਾਹੁੰਦੇ ਸਨ ਪਰ ਜਾਤ ਪਾਤ ਦਾ ਸਿਸਟਮ ਬਾਬੂ ਜੀ ਦੇ ਗਿਆਨ ਅੱਗੇ ਦੀਵਾਰ ਖੜ੍ਹੀ ਕਰ ਰਿਹਾ ਸੀ ਪਰ ਬਾਬੂ ਜੀ ਦੇ ਪਿਤਾ ਨ ਜਾਤ ਦੇ ਹੰਕਾਰੀਆਂ ਦਾ ਮੂੰਹ ਤੋੜ ਜਵਾਬ ਦਿੱਤਾ, ਜਿਸ ਦਾ ਨਾਂ ਬਚਪਨ ਦਾ ਮੰਗੂ ਰਾਮ ਸੀ, ਉਹ ਕੁਝ ਹੀ ਸਾਲਾਂ ਵਿਚ ਗਦਰੀ ਬਾਬੂ ਮੰਗੂ ਰਾਮ ਮੁੱਗੋਵਾਲੀਆ (ਆਦਿ ਧਰਮ ਮੰਡਲ ਬਾਨੀ) ਦੇ ਨਾਂ ਨਾਲ ਪ੍ਰਸਿੱਧ ਹੋਇਆ ਅਤੇ ਅੱਜ ਪੂਰਾ ਵਿਸ਼ਵ ਉਹਨਾਂ



ਦਾ ਜਨਮ ਸ਼ਤਾਬਦੀ ਸਮਾਰੋਹ ਮਨਾ ਰਿਹਾ ਹੈ। ਇਸ ਲਈ ਕਿ ਬਾਬੂ ਜੀ ਦੀ ਸੰਸਥਾ ਦਾ ਨਾਮ ਚਾਹੇ ਧਾਰਮਿਕ ਸੀ ਪਰ ਉਹਨਾਂ ਦਾ ਹੀ ਕੰਮ ਸੀ ਕਿ ਮੁੱਗੋਵਾਲ ਪਿੰਡ ਵਿਚ ਅਛੂਤ ਕਹੇ ਜਾਣ ਵਾਲੇ ਲੋਕਾਂ ਦੀ ਪਹਿਲੀ ਕਾਨਫਰੰਸ ਵੇਖ ਕੇ, ਅਨੁਸੂਚਿਤ ਜਾਤੀ ਦੇ ਕਬੀਲੇ ਦੇ ਲੋਕਾਂ ਨੂੰ ਇਕ ਪਲੇਟਫਾਰਮ ਤੇ ਇਕੱਠਾ ਕੀਤਾ, ਇਸ ਕਾਨਫਰੰਸ ਵਿਚ ਅਛੂਤ ਕਹੇ ਜਾਣ ਵਾਲੇ ਲੋਕ, ਵਾਲਮੀਕ, ਚਮਾਰ, ਸਾਂਸੀ, ਬਜੜੇ, ਗੰਧੀਲੇ, ਗਰੜ, ਮੇਘ, ਮਹਾਸੇ, ਕਬੀਰ ਪੰਥੀ, ਰੋਮ ਜਟੀਏ ਨੇ ਆਪਣੇ ਵਿਚਾਰ ਰੱਖੇ। ਇਹ ਕਾਨਫਰੰਸ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਪ੍ਰਧਾਨਗੀ ਹੇਠ ਕੀਤੀ ਗਈ ਅਤੇ ਇਸ ਹੀ ਕਾਨਫਰੰਸ ਵਿਚ ਇਹ ਵੀ ਮਤਾ ਪਾਸ ਕੀਤਾ ਗਿਆ ਕਿ ਅਛੂਤ ਸ਼ਬਦ ਬੰਦ ਕਰਵਾਇਆ ਜਾਵੇ। ਅਸੀਂ ਸਾਰੇ ਜਿੰਨੇ ਵੀ ਲੋਕ ਅਤੇ ਲੋਕਾਂ ਦੇ ਨੁਮਾਇੰਦੇ ਇਕ ਕਾਨਫਰੰਸ ਵਿਚ ਪਹੁੰਚੇ ਹਨ।

ਇਹ ਅਛੂਤ ਨਹੀਂ ਹਨ ਇਹ ਅਤੇ ਅਸੀਂ ਸਾਰੇ ਆਦਿ-ਧਰਮੀ ਹਾਂ ਤੇ ਸਾਡਾ ਧਰਮ ਆਦਿ ਧਰਮ ਹੈ। ਇਸ ਕਾਨਫਰੰਸ ਨੇ ਆਦਿ ਧਰਮ ਮੰਡਲ ਨੂੰ ਹੋਂਦ ਵਿਚ ਲਿਆਂਦਾ ਅਤੇ ਇਸ ਦਾ ਮੁੱਖ ਦਫਤਰ ‘ਆਦਿ ਧਰਮ ਮੰਡਲ ਆਫ ਪੰਜਾਬ, ਜਲੰਧਰ’ ਵਿਖੇ ਖੋਲ੍ਹਿਆ ਗਿਆ ਅਤੇ ਆਦਿ ਧਰਮ ਮੰਡਲ ਦੇ ਸੰਸਥਾਪਕਾਂ ਵੱਲੋਂ ਇਹ ਵੀ ਮਤਾ ਪਾਸ ਕੀਤਾ ਗਿਆ ਕਿ ਸਾਡੇ ਸਤਿਗੁਰੂ ਵਾਲਮੀਕ ਜੀ ਮਹਾਰਾਜ ਸਤਿਗੁਰੂ ਰਵਿਦਾਸ ਮਹਾਰਾਜ, ਸਤਿਗੁਰੂ ਕਬੀਰ ਜੀ ਮਹਾਰਾਜ, ਸਤਿਗੁਰੂ ਨਾਮਦੇਵ ਜੀ ਦੀਆਂ ਸਿੱਖਿਆਵਾਂ ਤੋਂ ਪ੍ਰੇਰਨਾ ਲੈਣਾ ਸਾਡਾ ਪਹਿਲਾ ਮਕਸਦ ਹੋਵੇਗਾ ਅਤੇ ਇਹ ਵੀ ਐਲਾਨਿਆ ਗਿਆ ਕਿ ਅੱਜ ਤੋਂ ਕੋਈ ਅਛੂਤ ਨਹੀਂ ਹੋਵੇਗਾ, ਸਭ ਆਦਿ ਧਰਮੀ ਹੋਣਗੇ ਅਤੇ ਇਕ ਦੂਸਰੇ ਨੂੰ ਜੈ ਗੁਰਦੇਵ ਕਹਿਣਗੇ।

ਬਾਬੂ ਰਾਮ ਮੁੱਗੋਵਾਲੀਆ ਜੀ ਅਤੇ ਉਹਨਾਂ ਦੇ ਸਹਿਯੋਗੀ ਮਰਹੂਮ ਸੇਠ ਲੱਭੂ ਰਾਮ ਜੀ, ਬਖਸ਼ੀ ਰਾਮ ਜੀ, ਬਾਬੂ ਠਾਕਰ ਚੰਦ, ਮਾਲੀ ਰਾਮ ਪੰਜਾਬੀ, ਮਾਨਯੋਗ ਹਜ਼ਾਰਾ ਰਾਮ (ਸੇਠ ਕਿਸ਼ਨ ਦਾਸ), (ਬਾਬੂ ਗੰਗਾ ਰਾਮ ਰਾਜਗੜ੍ਹ) ਪਿੰਡ ਪਿਪਲਾਂਵਾਲਾ ਜ਼ਿਲ੍ਹਾ ਹੁਸ਼ਿਆਰਪੁਰ, ਹਰਿ ਰਾਮ (ਪੰਡੋਰੀ ਬੀਬੀ ਜ਼ਿਲ੍ਹਾ ਹੁਸ਼ਿਆਰਪੁਰ ਆਦਿ ਵਰਗੇ ਯੋਧਿਆਂ ਨੇ ਅਛੂਤ ਕਹੇ ਜਾਣ ਵਾਲੇ ਲੋਕਾਂ ਨੂੰ ਇਨਸਾਨਾਂ ਦੀ ਕਤਾਰ ਵਿਚ ਲਿਆ ਖੜ੍ਹੇ ਕਰ ਦਿੱਤਾ। ਇਹ ਆਦਿ ਧਰਮੀ ਵੀਰਾਂ ਦੀ ਹਰ ਤਰ੍ਹਾਂ ਦੀ ਪ੍ਰਾਪਤੀ ਲਈ ਪਹਿਲੀ ਕ੍ਰਾਂਤੀ ਸੀ। ਇਸ ਆਦਿ ਧਰਮ ਮੰਡਲ ਦੀ ਮਹਾਨ ਕਾਰਗੁਜ਼ਾਰੀ ਦਾ ਸਿੱਟਾ ਨਿਕਲੇ ਕਿ 1931 ਦੀ ਮਰਦਮ ਸ਼ੁਮਾਰੀ ਵਿਚ ਉਹਨਾਂ ਨੇ ਆਪਣਾ ਧਰਮ ਆਦਿ ਧਰਮ ਲਖਾਉਣ ਦੀ ਖੁੱਲ੍ਹੀ ਮਿਲੀ ਤੇ ਸਾਡੇ ਭਰਾਵਾਂ ਤੇ ਭੈਣਾਂ ਨੇ ਆਦਿ ਧਰਮ ਲਿਖਾਇਆ। ਸੰਨ 1932 ਵਿਚ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੇ ਮਰਨ ਵਰਤ ਰੱਖਿਆ ਕਿ ਜੇ ਸਾਡੇ ਆਦਿ ਧਰਮੀ ਵੀਰਾਂ ਨੂੰ ਭਾਰਤ ਦੇ ਲੋਕਾਂ ਦੇ ਬਰਾਬਰ ਹੱਕ ਨਾ ਦਿੱਤੇ ਗਏ ਤੇ ਮੈਂ ਆਪਦੇ ਪ੍ਰਾਣ ਤਿਆਗ ਦੇਵਾਂਗਾ, ਪਰ ਫਿਰ ਵੀ ਵਰਣ ਵਿਵਸਥਾ ਦੇ ਹਾਵੀ ਹੁੰਦਿਆਂ ਅਸੀਂ ਫਖਰ ਨਾਲ ਕਹਿ ਸਕਦੇ ਹਾਂ ਕਿ ਆਦਿ ਧਰਮ ਮੰਡਲ ਦੇ ਰਹਿਬਰਾਂ ਕਰਕੇ ਅੱਜ ਲੋਕਤੰਤਰ ਰਾਜ ਇਹ ਲੋਕਤੰਤਰ ਦਾ ਨਿੱਘ ਮਾਣ ਰਹੇ ਹਾਂ ਜਿਹਨਾਂ ਨੇ ਕਿ ਸਾਨੂੰ ਸਾਡੇ ਹੱਕ ਸਾਨੂੰ ਲੈ ਕੇ ਦਿੱਤੇ ਹਿਸਟਰੀ ਤਾਂ ਬਹੁਤ ਲੰਮੀ ਪਰ ਥੋੜ੍ਹੇ ਸਮੇਂ ਅਤੇ ਕੁਝ ਪੇਜਾਂ ’ਚ ਬਿਆਨ ਨਹੀਂ ਕੀਤੀ ਜਾ ਸਕਦੀ ਆਦਿ ਧਰਮ ਦਾ ਇਤਿਹਾਸ ਅਮਰ ਹੈ ਅਤੇ ਰਹੇਗਾ, ਇਹੋ ਮੈਂ ਆਸ ਕਰਦਾ ਹਾਂ।

## ਡਾ. ਜੋਸਫ਼ ਕੈਸਟਰੋ 12 ਜਨਵਰੀ ਨੂੰ ਹੋਣਗੇ ਪੰਜਾਬੀਆਂ ਦੇ ਰੂਬਰੂ



**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ-** ਫਰਿਜ਼ਨੋ ਸਟੇਟ ਯੂਨੀਵਰਸਿਟੀ ਦੇ ਕੁਲਪਤੀ ਡਾ. ਜੋਸਫ਼ ਕੈਸਟਰੋ 12 ਜਨਵਰੀ ਦਿਨ ਮੰਗਲਵਾਰ ਸ਼ਾਮੀਂ 5 ਵਜੇ ਸਿਲਮਾਂ ਗੁਰੂਘਰ ਹਾਈਲੈਂਡ ਐਵੇਨਿਊ ਤੇ ਪੰਜਾਬੀ ਕਿਸਾਨਾਂ ਅਤੇ ਕਮਿਊਨਿਟੀ ਦੇ ਰੂਬਰੂ ਹੋਣਗੇ। ਉਹ ਕਿਸਾਨਾਂ ਨਾਲ ਮਿਲਕੇ ਪੰਜਾਬ ਅੰਦਰ ਖੇਤੀ ਨੂੰ ਵਿਕਸਤ ਕਰਨ ਅਤੇ ਪੰਜਾਬ ਐਗ੍ਰੀਕਲਚਰ ਯੂਨੀਵਰਸਿਟੀ ਲੁਧਿਆਣਾ ਨੂੰ ਸਿਸਟਰ ਯੂਨੀਵਰਸਿਟੀ ਦਾ ਦਰਜਾ ਦਵਾਉਣ ਅਤੇ ਪੰਜਾਬੀ ਵਿਦਿਆਰਥੀਆਂ ਦੀਆਂ ਮੁਸ਼ਕਲਾ ਸਬੰਧੀ ਗੱਲਬਾਤ ਕਰਨਗੇ । ਇਸ ਪ੍ਰੋਗ੍ਰਾਮ ਸਬੰਧੀ ਵਧੇਰੇ ਜਾਣਕਾਰੀ ਲਈ ਇਕਬਾਲ ਸਿੰਘ ਗਰੇਵਾਲ ਨੂੰ ਸੰਪਰਕ ਕਰ ਸਕਦੇ ਹੋ (559) 906-7403

## ਸਿਵਚਰਨ ਜੱਗੀ ਕੁੱਸਾ ਅੱਠ ਜਨਵਰੀ ਨੂੰ ਫਰਿਜ਼ਨੋ ਆਉਣਗੇ



**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ-** ਉਘੇ ਨਾਵਲਕਾਰ ਸਿਵਚਰਨ ਜੱਗੀ ਕੁੱਸਾ ਸੱਤ ਜਨਵਰੀ ਤੋਂ ਆਪਣੀ ਕੈਲੇਫੋਰਨੀਆਂ ਫੇਰੀ ਤੇ ਪਹੁੰਚ ਰਹੇ ਹਨ, ਅਤੇ ਇਸੇ ਕੜੀ ਤਹਿਤ ਉਹ ਅੱਠ ਜਨਵਰੀ ਦਿਨ ਸ਼ੁਕਰਵਾਰ ਸ਼ਾਮੀ 4 ਤੋਂ 6 ਵਜੇ ਦਰਮਿਆਨ ਇੰਡੀਆ ਓਵਨ ਰੈਸਟੋਰੈਂਟ ਜਿਹੜਾ ਕਿ ਐਸਲਿਨ ਅਤੇ ਮਾਰਕਸ ਸਟਰੀਟ ਦੇ ਕੌਰਨਰ ਤੇ ਸਥਿਤ ਹੈ, ਵਿਖੇ ਆਪਣੇ ਚਹੁੰਣ ਵਾਲਿਆ ਦੇ ਰੂਬਰੂ ਹੋਣਗੇ। ਇਸ ਪ੍ਰੋਗ੍ਰਾਮ ਵਿੱਚ ਸਭਨਾ ਨੂੰ ਆਉਣ ਲਈ ਖੁਲ੍ਹਾ ਸੱਦਾ ਹੈ। ਚਾਹ ਅਤੇ ਪਕੌੜਿਆਂ ਦਾ ਲੰਗਰ ਅਤੁਟ ਵਰਤੇਗਾ।

# ਹਜਾਰਾਂ ਲੋਕਾਂ ਨੇ ਸੇਜਲ ਅੱਖਾਂ ਨਾਲ ਪਠਾਨਕੋਟ ਵਿੱਚ ਸ਼ਹੀਦ ਹੋਣ ਵਾਲੇ ਸੈਨਕਾਂ ਨੂੰ ਦਿੱਤੀ ਅੰਤਿਮ ਵਿਦਾਇਗੀ

### ਮੁੱਖ ਮੰਤਰੀ ਪ੍ਰਕਾਸ ਸਿੰਘ ਬਾਦਲ ਜਥੇਦਾਰ ਸੇਖਵਾਂ, ਪ੍ਰਤਾਪ ਸਿੰਘ ਬਾਜਵਾ, ਫਤਿਹਜੰਗ ਸਿੰਘ ਬਾਜਵਾ, ਸਾਬਕਾ ਮੰਤਰੀ ਮਾ. ਮੋਹਨ ਲਾਲ, ਕੰਵਲਪ੍ਰੀਤ ਸਿੰਘ ਕਾਕੀ ਸਮੇਤ ਸਮਾਜ ਦੇ ਵੱਖ ਵੱਖ ਸ਼ਖਸੀਅਤਾਂ ਨੇ ਸ਼ਹੀਦਾਂ ਨੂੰ ਦਿੱਤੀ ਸਰਧਾਂਜਲੀ

**ਕਾਹਨੂੰਵਾਨ (ਨਰਿੰਦਰ ਬਰਨਾਲ)-** ਬੀਤੀ 1 ਅਤੇ 2 ਜਨਵਰੀ ਦੀ ਰਾਤ ਨੂੰ ਪਠਾਨਕੋਟ ਵਿੱਚ ਏਅਰ ਫੋਰਸ ਦੇ ਬੇਸ ਸਟੇਸ਼ਨ ਉੱਪਰ ਹੋਏ ਪਾਕਿਸਤਾਨੀ ਅਤਵਾਦੀਆਂ ਦੇ ਫਿਦਾਈਨ ਹਮਲੇ ਵਿੱਚ ਸ਼ਹੀਦ ਹੋਏ ਕੈਪਟਨ ਠਾਕੁਰ ਫਤਿਹ ਸਿੰਘ ਅਤੇ ਹੌਲਦਾਰ ਕੁਲਵੰਤ ਸਿੰਘ ਦਾ ਅੱਜ ਉਹਨਾਂ ਦੇ ਜੱਦੀ ਪਿੰਡ ਝੰਡਾ ਗੁਜਰਾਂ ਅਤੇ ਚੱਕ ਸ਼ਰੀਫ ਵਿੱਚ ਫੌਜੀ ਸਨਮਾਨਾਂ ਨਾਲ ਅੰਤਮ ਸੰਸਕਾਰ ਕੀਤੇ ਗਏ। ਜਿਸ ਵਿੱਚ ਫੌਜੀ ਅਫਸਰਾਂ, ਜਵਾਨਾਂ, ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ, ਕਿਸਾਨ ਆਗੂ, ਸਮਾਜ ਸੇਵੀ ਜਥੇਬੰਦੀਆਂਦੇ ਅਹੁਦੇਦਾਰਾਂ ਤੋਂ ਇਲਾਵਾ ਦੁਨੀਆਂ ਭਰ ਤੋਂ ਆਏ ਹਜਾਰਾਂ ਲੋਕਾਂ ਨੇ ਇਹਨਾਂ ਅੰਤਮ ਰਸਮਾਂ ਦੇ ਪ੍ਰੋਗਰਾਮਾਂ ਵਿੱਚ ਸ਼ਿਰਕਤ ਕੀਤੀ। ਸ਼ਹੀਦਾਂ ਦੀਆਂ ਮ੍ਰਿਤਕ ਦੇਹਾਂ ਉਹਨਾਂ ਦੇ ਜਦੀ ਘਰਾਂ ਵਿੱਚ ਪਹੁੰਚਣ ਉੱਤੇ ‘ਭਾਰਤ ਮਾਤਾ ਦੀ ਜੈ’, ਠਾਕੁਰ 'ਫਤਿਹ ਸਿੰਘ ਅਮਰ ਰਹੇ’, ‘ਸ਼ਹੀਦ ਕੁਲਵੰਤ ਸਿੰਘ ਅਮਰ ਰਹੇ ਦੇ ਨਾਹਰਿਆਂ ਤੋਂ ਇਲਾਵਾ ਪਾਕਿਸਤਾਨ ਅਤੇ ਪਾਕਿਸਤਾਨਾਂ ਦੀਆਂ ਅਤਵਾਦੀ ਤਨਜੀਮਾਂ ਵਿਰੁੱਧ ਭਾਰੀ ਨਾਹਰੇਬਾਜੀ ਹੋਈ। ਸ਼ਹੀਦਾਂ ਦੇ ਪਰਿਵਾਰ ਅਤੇ ਰਿਸ਼ਤੇਦਾਰ ਜਿੱਥੇ ਭਾਰੀ ਗੰਮਗੀਨ ਸਨ। ਉਥੇ ਸ਼ਹੀਦਾਂ ਦੇ ਬੱਚੇ ਵੀ ਆਪਣੇ ਮਾਪਿਆਂ ਦੇ ਮ੍ਰਿਤਕ ਸਰੀਰਾਂ ਉੱਪਰ ਜਜਬਾਤੀ ਹੋ ਕੇ ਵਿਰਲਾਪ ਕਰ ਰਹੇ ਸਨ। ਠਾਕੁਰ ਫਤਿਹ ਸਿੰਘ ਦਾ ਪੁਤੱਰ ਅਤੇ ਧੀ ਮਦੂ ਠਾਕੁਰ, ਆਪਣੇ ਪਿਤਾ ਦੀ ਮੌਤ ਨੂੰ ਅਕਿਹ ਸਦਮਾ ਦੱਸ ਰਹੇ ਸਨ। ਕੁਲਵੰਤ ਸਿੰਘ ਦਾ ਵੱਡਾ ਪੁੱਤਰ ਸੁਰਿੰਦਰ ਆਪਣੇ ਪਿਤਾ ਦੇ ਗੱਲ ਲੱਗ



ਕਿ ਕਿਹ ਰਿਹਾ ਸੀ ਕਿ ਹੁਣ ਉਸ ਨੂੰ ਫੌਜੀ ਅਫਸਰ ਕੌਣ ਬਣਾਵੇਗਾ। ਇਸੇ ਤਰ੍ਹਾਂ ਉਸ ਦਾ ਛੋਟਾ ਪੁੱਤਰ ਵੀ ਆਪਣੇ ਬਾਪ ਦੀਆਂ ਯਾਦਾਂ ਨੂੰ ਮੀਡੀਆ ਅਤੇ ਹਰ ਆਉਣ ਵਾਲੇ ਵਿਅਤੀਨਾਲ ਸਾਂਝਾ ਕਰ ਰਿਹਾ ਸੀ। ਠਾਕੁਰ ਫਤਿਹ ਸਿੰਘ ਦੀ ਧੀ ਮਧੂ ਠਾਕੁਰ ਨੇ ਆਪਣੇ ਪਿੱਤਾ ਦੀ ਤਰੰਗੇ ਵਿੱਚ ਲਪੇਟੀ ਹੋਈ ਮ੍ਰਿਤਕ ਦੇਹ ਨੂੰ ਫੌਜੀ ਜਵਾਨਾਂ ਦੇ ਬਰਾਬਰ ਮੋਢਾ ਦਿੱਤਾ। ਮਧੂ ਬਾਲਾ ਨੇ ਕਿਹਾ ਉਸ ਦੇ ਪਿਤਾ ਨੂੰ ਕਾਇਰ ਅੱਤਵਾਦੀਆਂ ਨੇ ਪਿੱਠ ਵਿੱਚ ਗੋਲੀ ਦਾਗੀ ਸੀ। ਉਹ ਕਾਇਰ ਅੱਤਵਾਦੀ ਉਸ ਦੇ ਪਿਤਾ ਦਾ ਸਿਧਾ ਮਕਾਬਲਾ ਨਹੀਂ ਕਰ ਸਕੇ। ਭਾਰਤੀ ਫੌਜ ਵਲੋਂ ਤਿਬੜੀ ਕੈਂਟ ਤੋਂ ਤਿੰਨ ਸਿੱਖ ਰੈਜਮੈਂਟ ਅਤੇ ਸਿੱਖ ਲਾਈ ਰੈਜਮੈਂਟ ਦੇ ਜਵਾਨਾਂ ਦੇ ਇਲਾਵਾ ਬਰਗੇਡੀਆਰ ਆਰਆਰ ਸਿੰਘ, ਸੀਓ ਅਖਲੇਸ ਤੋਰਮ, ਸੂਬੇਦਾਰ ਦਿਲਬਾਗ ਸਿੰਘ, ਸੂਬੇਦਾਰ ਜਗਤਾਰ ਸਿੰਘ ਦੀ ਅਗਵਾਈ ਹੇਠ ਫੁੱਲ ਮਲਾਵਾਂ ਅਤੇ ਸ਼ਹੀਦਾਂ ਨੂੰ ਹਥਿਆਰਾਂ ਨਾਲ ਸਲਾਮੀ ਦਿੱਤੀ। ਸ਼ਹੀਦ ਜਵਾਨਾਂ ਦੀਆਂ ਮ੍ਰਿਤਕ ਦੇਹਾਂ ਦੀ ਸਵੇਰ ਤੋਂ ਹੀ ਆਮ ਲੋਕ ਅਤੇ ਮੀਡੀਆ ਕਰਮਚਾਰੀ ਉਡੀਕ ਕਰ ਰਹੇ ਸਨ। ਇਸ ਤੋਂ ਇਲਾਵਾ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ, ਜਥੇ. ਸੇਵਾ ਸਿੰਘ ਸੇਖਵਾਂ, ਫਤਿਹਜੰਗ ਸਿੰਘ ਬਾਜਵਾ ਅਤੇ ਮਾਸਟਰ ਮਹੋਨ ਲਾਲ ਤੋਂ ਇਲਾਵਾ ਪਗੜੀ ਸੰਭਲਾ ਲਹਿਰ ਦੇ ਆਗੂ ਕੰਵਲਪ੍ਰੀਤ ਸਿੰਘ ਕਾਕੀ ਆਪਣੇ ਸਾਥੀਆਂ ਸਮੇਤ ਸ਼ਹੀਦਾਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਨ ਤੋਂ ਇਲਾਵਾ ਅੰਤਿਮ ਰਸਮਾ ਵਿੱਚ ਵੀ ਪਹੁੰਚੇ। ਭਾਵੇਂ ਕਿ ਮੁੱਖ ਮੰਤਰੀ ਅੰਤਮ ਰਸਮਾਂ ਤੋਂ ਪਹਿਲਾਂ ਦੁੱਖੀ ਪਰਿਵਾਰਾਂ ਨਾਲ ਮਿਲ ਕੇ ਜਾ ਚੁੱਕੇ ਸਨ।

ਪਰ ਫਿਰ ਵੀ ਮੀਡੀਆ ਅਤੇ ਇਲਾਕੇ ਦੇ ਲੋਕਾਂ ਨੇ ਦੇਰ ਸ਼ਾਮ ਤੱਕ ਸ਼ਹੀਦਾਂ ਦੇ ਸੰਸਕਾਰ ਦੀ ਉਡੀਕ ਕੀਤੀ। ਇਸ ਮੌਕੇ ਕੰਵਲਪ੍ਰੀਤ ਸਿੰਘ ਕਾਕੀ ਵਲੋਂ ਦੋਵਾਂ ਸ਼ਹੀਦਾਂ ਦੇ ਪਰਿਵਾਰਾਂ ਨੂੰ ਪਗੜੀ ਸੰਭਾਲ ਲਹਿਰ ਵੱਲੋਂ 50-50 ਹਜਾਰ ਰੁਪਏ ਸਹਾਇਤਾ ਦੇਣ ਦਾ ਐਲਾਨ ਕੀਤਾ।

# ਬਸਪਾ ਸਾਰੇ ਜਿਲ੍ਹਿਆਂ ਵਿਚ ਮਨਾਏਗੀ ਭੈਣ ਮਾਇਆਵਤੀ ਦਾ ਜਨਮ ਦਿਨ

**ਫਗਵਾੜਾ (ਬੀ ਕੇ ਰੱਤੂ)** - ਬਹੁਜਨ ਸਮਾਜ ਪਾਰਟੀ (ਬਸਪਾ) ਨੇ ਇਸਦੀ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਦਾ ਜਨਮ ਦਿਨ ਜਿਲ੍ਹਾ ਪੱਧਰ ’ਤੇ ਮਨਾਉਣ ਦਾ ਫੈਸਲਾ ਕੀਤਾ ਹੈ। ਇੱਥੇ ਪਾਰਟੀ ਦਫਤਰ ਵਿਖੇ ਸੂਬਾ ਪੱਧਰੀ ਮੀਟਿੰਗ ਨੂੰ ਸੰਬੋਧਤ ਕਰਦਿਆਂ ਬਸਪਾ ਦੇ ਰਾਸ਼ਟਰੀ ਜਨਰਲ ਸਕੱਤਰ ਤੇ ਮੈਂਬਰ ਰਾਜਸਭਾ ਸ੍ਰੀ ਨਰਿੰਦਰ ਕਸ਼ਯਪ ਨੇ ਕਿਹਾ ਕਿ ਭੈਣ ਜੀ ਦਾ ਜਨਮ ਦਿਨ ਸਾਰੇ ਜਿਲ੍ਹਿਆਂ ਵਿਚ 15 ਜਨਵਰੀ ਨੂੰ ਵੱਡੇ ਪੱਧਰ ’ਤੇ ਮਨਾਇਆ ਜਾਵੇਗਾ। ਸ੍ਰੀ ਕਸ਼ਯਪ ਨੇ ਕਿਹਾ ਕਿ ਇਸ ਦਿਨ ਪਾਰਟੀ ਵਰਕਰਾਂ ਵਲੋਂ ਪਾਰਟੀ ਸੰਗਠਨ ਪ੍ਰਤੀ ਪ੍ਰਤੀਬੱਧਤਾ ਬਾਰੇ ਵੀ ਸੰਕਲਪ ਲਿਆ ਜਾਵੇਗਾ ਤੇ ਜਨਕਲਿਆਣ ਸਬੰਧੀ ਕੰਮਕਾਜ ਵੀ ਕੀਤੇ ਜਾਣਗੇ।

ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਕਿਹਾ ਕਿ ਸੂਬੇ ਭਰ ਵਿਚ ਪਾਰਟੀ ਨੂੰ ਸਾਰੇ ਵਰਗਾਂ ਦਾ ਸਮਰਥਨ ਮਿਲ ਰਿਹਾ ਹੈ ਤੇ ਸੂਬੇ ਵਿਚ ਪਾਰਟੀ ਦੀ ਸਥਿਤੀ ਪਹਿਲਾਂ ਨਾਲੋਂ ਕਾਫੀ ਮਜਬੂਤ ਹੋਈ ਹੈ। ਉਨ੍ਹਾਂ ਕਿਹਾ ਕਿ ਬਸਪਾ ਵਲੋਂ ਸੰਗਠਨ ਦਾ ਨਿਰਮਾਣ ਵੀ ਬੂਥ ਪੱਧਰ ਤੱਕ ਕੀਤਾ ਜਾ ਰਿਹਾ ਹੈ ਤੇ ਸੰਗਠਨ ਦੇ ਨਿਰਮਾਣ ਦੇ ਨਾਲ ਹੀ ਬਸਪਾ ਦਾ ਸਾਰਾ ਕੈਡਰ ਪੂਰੀ ਤਰ੍ਹਾਂ ਚੋਣ ਤਿਆਰੀਆਂ ਵਿਚ ਡਟ ਜਾਵੇਗਾ ਤੇ ਪਾਰਟੀ ਸੂਬੇ ਵਿਚ ਬਣਨ ਵਾਲੀ ਅਗਲੀ ਸਰਕਾਰ ਵਿਚ ਹਿੱਸੇਦਾਰੀ ਕਰੇਗੀ।



ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਕਿਹਾ ਕਿ ਸੂਬੇ ਵਿਚ ਦਲਿਤਾਂ ਖਿਲਾਫ ਵੱਡੇ ਪੱਧਰ ’ਤੇ ਅਤਿਆਚਾਰ ਕੀਤੇ ਜਾ ਰਹੇ ਹਨ। ਅਬੋਹਰ ਕਾਂਡ ਜੁਲਮ ਦੀਆਂ ਸਾਰੀਆਂ ਹੱਦਾਂ ਨੂੰ ਪਾਰ ਕਰ ਗਿਆ। ਇਸ ਤੋਂ ਇਲਾਵਾ ਅੰਮ੍ਰਿਤਸਰ ਸ਼ਹਿਰ ਵਿਚ ਵੀ ਬੱਲਾ ਪੁਲਿਸ ਚੌਕੀ ਵਿਚ ਇਕ ਨਾਬਾਲਗ ਦਲਿਤ ਨੂੰ ਪੁਲਿਸ ਨੇ ਟਾਰਚਰ ਕਰਕੇ ਮਾਰ ਦਿੱਤਾ। ਇਸ ਤਰ੍ਹਾਂ ਹੀ ਬਠਿੰਡਾ ਵਿਚ ਵੀ ਪੁਲਿਸ ਨੇ ਤਿੰਨ ਨਾਬਾਲਗ ਦਲਿਤਾਂ ਨੂੰ ਨਜਾਇਜ ਹਿਰਾਸਤ ਵਿਚ ਰੱਖ ਕੇ ਮਾਰ ਕੁੱਟ ਕੀਤੀ। ਸੰਗਰੂਰ ਵਿਚ ਵੀ ਇਕ ਦਲਿਤ ’ਤੇ ਪੁਲਿਸ ਵਲੋਂ ਅਤਿਆਚਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਸੱਤ੍ਹਾਧਾਰੀ ਪਾਰਟੀਆਂ ਤੇ ਪੁਲਿਸ ਦੇ ਗਠਜੋੜ ਵਲੋਂ ਦਲਿਤਾਂ ਗਰੀਬਾਂ ’ਤੇ ਅਤਿਆਚਾਰ ਕੀਤੇ ਜਾ ਰਹੇ ਹਨ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਦਲਿਤਾਂ ਗਰੀਬਾਂ ਖਿਲਾਫ ਅਤਿਆਚਾਰ ਕਰਨ ਵਾਲੇ ਬਾਦਲ ਸਰਕਾਰ ਦੀ ਬਰਖਾਸਤੀ ਲਈ ਬਸਪਾ ਸੰਘਰਸ਼ ਕਰੇਗੀ। ਉਨ੍ਹਾਂ ਕਿਹਾ ਕਿ ਇਹ ਸਰਕਾਰ ਲੋਕਾਂ ਦਾ ਵਿਸ਼ਵਾਸ ਗੁਆ ਚੁੱਕੀ ਹੈ ਤੇ ਇਸਨੂੰ ਸੱਤ੍ਹਾ ਵਿਚ ਬਣੇ ਰਹਿਣ ਦਾ ਕੋਈ ਅਧਿਕਾਰ ਨਹੀਂ ਰਹਿ ਗਿਆ ਹੈ।

ਇਸ ਤੋਂ ਇਲਾਵਾ ਸੂਬਾ ਪ੍ਰਧਾਨ ਤੇ ਸਾਬਕਾ ਮੈਂਬਰ ਰਾਜਸਭਾ ਸ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਪਾਰਟੀ ਦਾ ਸੂਬੇ ਵਿਚ ਜਨ ਆਧਾਰ ਲਗਾਤਾਰ ਵਧ ਰਿਹਾ ਹੈ ਤੇ ਪਾਰਟੀ ਆਉਂਦੀਆਂ ਚੋਣਾਂ ਵਿਚ ਵਧੀਆ ਪ੍ਰਦਰਸ਼ਨ ਕਰੇਗੀ। ਇਸ ਮੌਕੇ ’ਤੇ ਬਸਪਾ ਸੂਬਾ ਕੋਆਰਡੀਨੇਟਰ ਪ੍ਰਕਾਸ਼ ਭਾਰਤੀ, ਰਛਪਾਲ ਰਾਜੂ, ਚੌਧਰੀ ਗੁਰਨਾਮ ਸਿੰਘ, ਅਜੀਤ ਸਿੰਘ ਭੈਣੀ, ਜਲੰਧਰ ਜੋਨ ਇੰਚਾਰਜ ਮਾਸਟਰ ਰਾਮ ਲੁਭਾਇਆ, ਬਲਵਿੰਦਰ ਕੁਮਾਰ ਅੰਬੇਡਕਰ, ਰੋਹਿਤ ਖੋਖਰ, ਡਾ. ਨਛੱਤਰ ਪਾਲ, ਹਰਭਜਨ ਸਿੰਘ ਬਜਹੇੜੀ, ਬਲਵਿੰਦਰ ਬਿੱਟਾ, ਕੁਲਦੀਪ ਸਰਦੂਲਗੜ, ਸੰਤ ਰਾਮ ਮੱਲੀਆਂ, ਗੁਰਲਾਲ ਸੈਲਾ, ਡਾ. ਮੱਖਣ ਸਿੰਘ, ਰਵਿੰਦਰ ਹੰਸ, ਸੇਵਾ ਸਿੰਘ ਰੱਤੂ, ਮਾਸਟਰ ਹਰਭਜਨ ਬਲਾਲੋਂ, ਮਦਨ ਬੈਂਸ, ਯਸ਼ਪਾਲ ਚੇਚੀ, ਦਲਜੀਤ ਰਾਏ, ਤਾਰਾ ਚੰਦ ਭਗਤ, ਮਨਜੀਤ ਅਟਵਾਲ ਆਦਿ ਵੀ ਮੌਜੂਦ ਸਨ।

# ਸਮਾਜ ਸੁਧਾਰਕ ਸਤਿਗੁਰੂ ਨਾਮਦੇਵ ਜੀ



**(ਪਿੰਡ ਘੁਮਾਣ (ਗੁਰਦਾਸਪੁਰ) ਵਿਖੇ ਜੋੜ ਮੇਲੇ ਨੂੰ ਸਮਰਪਿਤ)**

ਮੇਜਰ ਸਿੰਘ ਨਾਭਾ
9463553962

ਭਗਤੀ ਲਹਿਰ ਵਿਚੋਂ ਉਭਰੇ ਭਗਤ ਨਾਮਦੇਵ ਜੀ ਪਹਿਲੇ ਸ਼੍ਰੋਮਣੀ ਭਗਤ ਹੋਏ, ਜਿਹਨਾਂ ਦੀ ਰਚੀ ਬਾਣੀ ਦੇ 61 ਸ਼ਬਦਾਂ ਨੂੰ 'ਸ਼੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ਼ ਹੋਣ ਦਾ ਮਾਣ ਪ੍ਰਾਪਤ ਹੈ। ਭਗਤ ਨਾਮਦੇਵ ਜੀ ਦਾ ਜਨਮ 1270 ਈ. ਨੂੰ ਛੀਪਾ (ਛੀਂਬਾ) ਜਾਤ ਦੇ ਪਰਿਵਾਰ ਵਿਚ ਹੋਇਆ। ਆਪ ਜੀ ਦੇ ਬਜੁਰਗ ਨਰਸੀ ਬਾਮਣੀ ਦੇ ਪੱਕੇ ਵਸਨੀਕ ਸਨ। ਪਰ ਆਪ ਜੀ ਦਾ ਬਚਪਨ ਦਾ ਸਮਾਂ ਪੰਡਰਪੁਰ ਵਿਖੇ ਬਤੀਤ ਹੋਇਆ। ਆਪ ਦੇ ਬਜ਼ੁਰਗ ਕੱਪੜੇ ਰੰਗਣ (ਛਾਪੇਖਾਨਾ) ਅਤੇ ਕੱਪੜੇ ਸਿਉਣ ਦਾ ਕੰਮ ਕਰਦੇ ਸਨ। ਆਪ ਨੇ ਬਚਪਨ ਤੋਂ ਹੀ ਪ੍ਰਭੂ ਭਗਤੀ ਵੱਲ ਲਗਨ ਲਾ ਲਈ ਅਤੇ ਆਪਣਾ ਕਾਰੋਬਾਰ ਵੀ ਨਾਲੋ-ਨਾਲ ਕਰਦੇ ਰਹੇ।

ਭਗਤ ਨਾਮਦੇਵ ਜੀ ਨੇ, ਇਕ ਉੱਚ ਕੋਟੀ ਦੇ ਸਾਹਿਤਕਾਰ, ਕਵੀ, ਬ੍ਰਹਮ-ਗਿਆਨੀ ਹੋਣ ਦੇ ਨਾਤੇ, ਭਗਤ-ਬਾਣੀ ਦੇ ਨਾਲ ਨਾਲ ਰਜਨੀਤਿਕ ਜ਼ੁਲਮਾਂ, ਸਮਾਜਿਕ ਗਿਰਾਵਟਾਂ ਦੇ ਖਿਲਾਫ ਵੀ ਆਵਾਜ਼ ਉਠਾਈ। ਉਨ੍ਹਾਂ ਆਪਣੀ ਕ੍ਰਾਂਤੀਕਾਰੀ ਅਤੇ ਸਮਾਜ ਸੁਧਾਰਕ ਸਾਹਿਤਕ ਰਚਨਾ ਰਾਹੀਂ ਲੋਕਾਂ ਲਈ ਮਾਰਗ ਦਰਸ਼ਨ ਦਾ ਕੰਮ ਕੀਤਾ।

ਭਗਤ ਨਾਮਦੇਵ ਜੀ ਨੇ ਇਸਤਰੀ ਦਾ ਸਤਿਕਾਰ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਦਾ ਰਾਹ ਸੱਚ, ਪ੍ਰੇਮ, ਸ਼ਰਧਾ ਅਤੇ ਪਿਆਰ ਦਾ ਰਾਹ ਸੀ। ਵਹਿਮਾਂ-ਭਰਮਾਂ ਦੇ ਤਿਆਗ ਨੂੰ ਭਗਤ ਜੀ ਨੇ ਬਾਣੀ ਅੰਦਰ ਇਸਤਰੀ ਨੂੰ ਘਰ ਵਿਚ ਯੋਗ ਥਾਂ ਦੇਣ ਲਈ ਭਗਤ ਨਾਮਦੇਵ ਜੀ ਨੇ ਬਾਣੀ ਵਿਚ ਇੰਝ ਫਰਮਾਇਆ ਹੈ:

"ਘਰ ਕੀ ਨਾਰ ਤਿਆਗੈ ਅੰਧਾ॥
ਪਰ ਨਾਰੀ ਸਿਉ ਘਾਲੈ ਧੰਧਾ॥
ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ॥
ਅੰਤ ਕੀ ਬਾਰ ਮੂਆ ਲਪਟਾਨਾ॥੧॥
(ਅੰਗ ੧੧੬੪-੧੧੬੫)

ਉਹਨਾਂ ਦੀ ਬਾਣੀ ਵਿਚ ਕਿਰਤ ਕਰਨ, ਵੰਡ ਕੇ ਛਕਣ, ਨਾਮ ਜਪਣ ਦਾ ਉਪਦੇਸ਼ ਮਿਲਦਾ ਹੈ। ਕਿਰਤ ਕਰਨ ਦੇ ਨਾਲ ਨਾਲ ਸਿਮਰਨ ਨੂੰ ਵੀ ਆਪਸੀ ਸੁਮੇਲ ਕਰਨ 'ਤੇ ਜ਼ੋਰ ਦਿੱਤਾ।

ਰਾਂਗਨਿ ਰਾਂਗਉ ਸੀਵਨ ਸੀਵਉ॥
ਰਾਮ ਨਾਮ ਬਿਨ ਘਰੀਅ ਨ ਜੀਵਉ॥ (ਅੰਗ ੪੮੫)

ਭਗਤ ਨਾਮਦੇਵ ਜੀ ਦੀ ਬਾਣੀ ਵਿਸ਼ਾ-ਵਸਤੂ ਅਤੇ ਸ਼ੈਲੀ ਦੇ ਪੱਖੋਂ ਉੱਤਮ ਪ੍ਰਤੀਕ ਹੁੰਦੀ ਹੈ। ਉਨ੍ਹਾਂ ਅਨੁਸਾਰ ਪ੍ਰਮਾਤਮਾ ਇਕ ਹੈ। ਉਹਨਾਂ ਨੇ ਨਾਂ ਕਿਸੇ ਦੇਹਧਾਰੀ ਗੁਰੂ ਦੇ ਰੂਪ ਵਿਚ, ਨਾ ਹੀ ਕਿਸੇ ਵਿਸ਼ੇਸ਼ ਧਰਮ ਨਾਲ ਜੁੜ ਕੇ ਪੂਜਾ ਕਰਨ ਦੀ ਗੱਲ ਕੀਤੀ ਹੈ, ਸਗੋਂ ਉਹਨਾਂ ਨੇ ਤਾਂ ਉਸ 'ਏਕੰਕਾਰ' ਦੀ ਹੀ ਗੱਲ ਕੀਤੀ ਹੈ ਜੋ ਕਿ ਸਰਬ ਵਿਆਪਕ ਹੈ।

ਹਿੰਦੂ ਪੂਜੇ ਦੇਹੁਰਾ ਮੁਸਲਮਾਣੁ ਮਸੀਤਿ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥
(ਅੰਗ ੮੭੫)

ਭਗਤ ਨਾਮਦੇਵ ਜੀ ਨੇ ਮਨੁੱਖ ਨੂੰ ਹੰਕਾਰ, ਲੋਭ ਅਤੇ ਹਉਮੈ ਤੋਂ ਸੁਚੇਤ ਹੋਣ ਲਈ ਬਾਣੀ ਵਿਚ ਸਪੱਸ਼ਟ ਕਿਹਾ ਹੈ। ਇਸ ਮਨੁੱਖੀ-ਦੇਹੀ ਨੂੰ ਨਾਸ਼ਵਾਨ ਹੋਣ ਦਾ ਅਨੁਭਵ ਵੀ ਹਰ ਇਕ ਨੂੰ ਪਹਿਲਾਂ ਹੀ ਹੋਣਾ ਚਾਹੀਦਾ ਹੈ। ਇਸ ਲਈ ਕੋਈ ਵੀ ਮਨੁੱਖ ਇਸ ਧਰਤੀ ਉਪਰ ਸਦਾ ਰਹਿਣ ਦੀ ਖਾਹਿਸ਼ ਨਾ ਰੱਖੇ। ਪਰ ਮਨੁੱਖ ਇਹ ਸਭ ਕੁਝ ਭੁੱਲ ਜਾਂਦਾ ਹੈ ਉਹ ਆਪਣੇ ਕਾਰੋਬਾਰਾਂ ਵਿਚ ਇੰਨਾ ਰੁਲ ਜਾਂਦਾ ਹੈ ਕਿ ਪ੍ਰਮਾਤਮਾ ਨੂੰ ਭੁੱਲ ਹੀ ਜਾਂਦਾ ਹੈ। ਭਗਤ ਨਾਮਦੇਵ ਜੀ ਨੇ ਇਸ ਦੁਨੀਆਂ ਨੂੰ ਪਦਾਰਥਵਾਦੀ ਦੱਸਿਆ ਹੈ।

ਕਾਹੇ ਰੇ ਨਰ ਗਰਬੁ ਕਰਤ ਹਹੁ
ਬਿਨਸਿ ਜਾਇ ਝੂਠੀ ਦੇਹੀ॥ (ਅੰਗ ੬੯੨)

ਭਗਤ ਨਾਮਦੇਵ ਜੀ ਰਚਨਾਤਮਕ ਵਿਚਾਰਧਾਰਾ ਦੇ ਸੰਤ ਕਵੀ ਸਨ। ਉਹ ਇਨ-ਕਲਾਬੀ ਵਿਚਾਰਧਾਰਾ ਦੇ ਹਾਮੀ ਸਨ। ਰੂੜੀਵਾਦ ਤੋਂ ਉਪਰ ਉਠਣ ਦੀ ਉਹਨਾਂ ਆਵਾਜ਼ ਉਠਾਈ, ਜਾਤ-ਪਾਤ ਦੀਆਂ ਵੰਡੀਆਂ ਜੋ ਬ੍ਰਾਹਮਣਵਾਦ ਦੀਆਂ ਪਾਈਆਂ ਹੋਈਆਂ ਸਨ, ਦੇ ਖਿਲਾਫ ਆਪਣੀ ਕਾਵਿ ਰਚਨਾ ਅੰਦਰ ਆਵਾਜ਼ ਉਠਾਈ ਉਨ੍ਹਾਂ ਸਮਕਾਲੀ ਸਾਸ਼ਕਾਂ ਦੀਆਂ ਲੋਕ ਵਿਰੋਧੀ ਨੀਤੀਆਂ ਪ੍ਰਤੀ ਵੀ ਰੋਸ ਪ੍ਰਗਟ ਕੀਤਾ। ਭਾਰਤ ਵਿਚ ਉਸ ਸਮੇਂ, ਅਜਿਹੇ ਲੋਕ ਸਨ ਜਿਹੜੇ ਧਰਮ ਦੇ ਕੰਮਾਂ ਅਤੇ ਮਿਹਨਤ ਮਜ਼ਦੂਰੀ ਵਾਲੇ ਕੰਮਾਂ ਨੂੰ ਵੱਖੋ-ਵੱਖਰੇ ਹੋਣ 'ਚ ਵਿਸ਼ਵਾਸ਼ ਸਮਝਦੇ ਸਨ। ਨਾਮਦੇਵ ਜੀ ਨੇ ਧਰਮ ਤੇ ਕਿਰਤ ਨੂੰ ਅੱਡ ਅੱਡ ਕਿੱਤੇ ਸਮਝਣ ਦੀ ਧਾਰਨਾ ਦਾ ਵਿਰੋਧ ਕੀਤਾ। ਉਨ੍ਹਾਂ ਅਨੁਸਾਰ ਧਰਮ ਦਾ ਮਨੁੱਖ ਦੇ ਅੰਦਰ ਨਾਲ ਅਤੇ ਕਿਰਤ ਦਾ ਸੰਬੰਧ ਮਨੁੱਖ ਦੇ ਬਾਹਰ ਨਾਲ ਹੈ। ਇਸ ਲਈ ਮਨੁੱਖ ਨੂੰ ਆਪਣਾ ਕੰਮ ਕਾਰ ਕਰਦੇ ਸਮੇਂ ਪ੍ਰਮਾਤਮਾ ਨੂੰ ਆਪਣੇ ਮਨ ਅੰਦਰ ਜੋੜ ਕੇ ਰੱਖਿਆ ਜਾ ਸਕਦਾ ਹੈ। ਕਬੀਰ ਜੀ ਨੇ ਆਪਣੀ ਬਾਣੀ ਵਿਚ ਜ਼ਿਕਰ ਕੀਤਾ ਹੈ:

ਨਾਮਾ
ਕਹੈ ਤਿਲੋਚਨਾ ਮੁਖ ਤੇ ਰਾਮ ਸੰਮਾਲਿ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥(ਅੰਗ ੧੩੭੫-੭੬)

ਆਪਣੇ ਜੀਵਨ ਦੇ ਅੰਤਮ ਦਿਨ ਨਾਮਦੇਵ ਜੀ ਨੇ ਪੰਜਾਬ ਵਿਚ ਆ ਕੇ ਬਤੀਤ ਕੀਤੇ। ਘੁਮਾਣ ਸਾਹਿਬ (ਗੁਰਦਾਸਪੁਰ) ਵਿਖੇ ਆਪ 80 ਸਾਲ ਦੀ ਆਯੂ ਭੋਗ ਕੇ 1350 ਈਸਵੀ ਵਿਚ ਪ੍ਰਲੋਕ ਸੁਧਾਰ ਗਏ। ਇਥੇ ਹਰ ਸਾਲ ਲੋਹੜੀ ਵਾਲੇ ਦਿਨ ਤੋਂ ਦੇਸ਼ ਪ੍ਰਦੇਸ਼ਾਂ ਤੋਂ ਸ਼ਰਧਾਲੂ ਆਪਣੀਆਂ ਹਾਜ਼ਰੀਆਂ ਭਰਨ ਲਈ ਆਉਣੇ ਸ਼ੁਰੂ ਹੋ ਜਾਂਦੇ ਹਨ ਅਤੇ ਭਗਤ ਨਾਮਦੇਵ ਜੀ ਦੀ ਵਰਸੋਈ ਨਗਰੀ ਦੀ ਧਰਤੀ ਨੂੰ ਨਤਮਸਤਕ ਕਰਦੇ ਹਨ।

# ਕੀ ਕਾਂਗਰਸ ਪਾਰਟੀ ਦੀ ਨਵੀਂ ਲੀਡਰਸ਼ਿਪ ਬੇਹੋਸ਼ ਹੋ ਰਹੀ ਕਾਂਗਰਸ ਪਾਰਟੀ ਵਿੱਚ ਆਕਸੀਜ਼ਨ ਭਰਨ ਵਿੱਚ ਕਾਮਯਾਬ ਹੋ ਸਕੇਗੀ


## ਦੋਆਬਾ ਖੇਤਰ ਦੇ ਦਲਿਤਾਂ ਨੂੰ ਨਜ਼ਰਅੰਦਾਜ਼ ਕਰਨਾ ਖਤਰਨਾਕ ਸਾਬਤ ਹੋ ਸਕਦਾ ਹੈ ਕਾਂਗਰਸ ਪਾਰਟੀ ਲਈ



ਕੁਲਦੀਪ ਚੰਦ
91-9417563054

ਕਾਂਗਰਸ ਪਾਰਟੀ ਜੋਕਿ ਦੇਸ਼ ਦੀ ਸਭਤੋਂ ਪੁਰਾਣੀ ਰਾਜਨੀਤਿਕ ਪਾਰਟੀ ਹੈ ਅਤੇ ਅਜ਼ਾਦ ਭਾਰਤ ਵਿੱਚ ਇਸ ਪਾਰਟੀ ਨੇ ਲੰਬਾ ਸਮਾਂ ਰਾਜ ਕੀਤਾ ਹੈ। ਵੱਖ ਵੱਖ ਸੂਬਿਆਂ ਵਿੱਚ ਵੀ ਇਸ ਪਾਰਟੀ ਦੀਆਂ ਸਰਕਾਰਾਂ ਰਹੀਆਂ ਹਨ। ਪੰਜਾਬ ਵਿੱਚ ਵੀ ਜੇਕਰ ਰਾਜਨੀਤਿਕ ਇਤਿਹਾਸ ਵੇਖਿਆ ਜਾਵੇ ਤਾਂ ਬਹੁਤੀ ਵਾਰ ਕਾਂਗਰਸ ਪਾਰਟੀ ਦੀ ਹੀ ਸਰਕਾਰ ਰਹੀ ਹੈ। ਪੰਜਾਬ ਵਿੱਚ ਫੈਲੇ ਅੱਤਵਾਦ ਨੂੰ ਖਤਮ ਕਰਨ ਦਾ ਸਿਹਰਾ ਵੀ ਕਾਂਗਰਸ ਪਾਰਟੀ ਜਿਸਦੀ ਅਗਵਾਈ ਸਵਰਗੀ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਕਰ ਰਹੇ ਸਨ ਨੂੰ ਹੀ ਜਾਂਦਾ ਹੈ। ਇਸ ਦੌਰਾਨ ਹੀ ਮੁੱਖ ਮੰਤਰੀ ਸਵਰਗੀ ਬੇਅੰਤ ਸਿੰਘ ਦੀ ਹੱਤਿਆ ਕੀਤੀ ਗਈ ਸੀ। ਇਸਤੋਂ ਬਾਦ ਕਾਂਗਰਸ ਪਾਰਟੀ ਦੀ ਪੰਜਾਬ ਵਿੱਚ ਹਾਲਤ ਵਿਗੜਣੀ ਸ਼ੁਰੂ ਹੋ ਗਈ। ਸਵਰਗੀ ਬੇਅੰਤ ਸਿੰਘ ਤੋਂ ਬਾਦ ਸਵਰਗੀ ਹਰਚਰਨ ਸਿੰਘ ਬਰਾੜ ਅਤੇ ਫਿਰ ਬੀਬੀ ਰਾਜਿੰਦਰ ਕੌਰ ਭੱਠਲ ਨੇ ਕਾਂਗਰਸ ਪਾਰਟੀ ਦੀ ਕਮਾਂਡ ਸੰਭਾਲੀ। ਇਸਤੋਂ ਬਾਦ 1997 ਵਿੱਚ ਪੰਜਾਬ ਵਿੱਚ ਅਕਾਲੀ ਦੱਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣ ਗਈ। ਇਸਤੋਂ ਬਾਦ ਕੈਪਟਨ ਅਮਰਿੰਦਰ ਸਿੰਘ ਪੰਜਾਬ ਪ੍ਰਦੇਸ਼ ਕਗਰਸ ਕਮੇਟੀ ਦੇ ਪ੍ਰਧਾਨ ਬਣਾਏ ਗਏ। ਕੈਪਟਨ ਅਮਰਿੰਦਰ ਸਿੰਘ ਜੋਕਿ ਪਟਿਆਲਾ ਰਾਜ ਘਰਾਣੇ ਨਾਲ ਸਬੰਧਿਤ ਹਨ ਅਤੇ ਸਵਰਗੀ ਕਾਂਗਰਸੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਨਜਦੀਕੀਆਂ ਵਿਚੋਂ ਹਨ। ਕੈਪਟਨ ਅਮਰਿੰਦਰ ਸਿੰਘ 1980 ਵਿੱਚ ਲੋਕ ਸਭਾ ਮੈਂਬਰ ਬਣੇ ਪ੍ਰੰਤੂ 1984 ਵਿੱਚ ਕੇਂਦਰ ਦੀ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਵਲੋਂ ਸ਼੍ਰੀ ਦਰਬਾਰ ਸਾਹਿਬ ਵਿੱਚ ਫੌਜ ਭੇਜ਼ਣ ਦੇ ਵਿਰੋਧ ਵਿੱਚ ਪਾਰਟੀ ਤੋਂ ਅਸਤੀਫਾ ਦੇ ਦਿਤਾ। ਇਸਤੋਂ ਬਾਦ ਉਹ ਸ਼੍ਰੋਮਣੀ ਅਕਾਲੀ ਦੱਲ ਵਿੱਚ ਸ਼ਾਮਿਲ ਹੋ ਗਏ ਅਤੇ ਵਿਧਾਨ ਸਭਾ ਮੈਂਬਰ ਚੁਣੇ ਗਏ ਅਤੇ ਪੰਜਾਬ ਸਰਕਾਰ ਵਿੱਚ ਖੇਤੀਬਾੜੀ ਮੰਤਰੀ ਬਣ ਗਏ। ਇਸਤੋਂ ਬਾਦ ਉਹ ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋ ਗਏ ਅਤੇ ਅਕਾਲੀ ਦੱਲ ਪੰਥਕ ਬਣਾ ਲਿਆ। ਅੰਤ ਫਿਰ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋ ਗਏ ਅਤੇ 1999 ਤੋਂ 2002 ਤੱਕ ਸੂਬਾ ਪ੍ਰਧਾਨ ਅਤੇ ਫਿਰ ਮੁੱਖ ਮੰਤਰੀ ਰਹੇ। 2002 ਵਿੱਚ ਹੋਈਆਂ ਚੋਣਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਹੀ ਲੜੀਆਂ ਗਈਆਂ ਅਤੇ ਕਾਂਗਰਸ ਪਾਰਟੀ ਨੇ 62 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਜਦਕਿ ਸ਼੍ਰੋਮਣੀ ਅਕਾਲੀ ਦੱਲ ਨੂੰ 41 ਸੀਟਾਂ ਅਤੇ ਭਾਰਤੀ ਜਨਤਾ ਪਾਰਟੀ ਨੂੰ 03 ਸੀਟਾਂ ਮਿਲੀਆਂ। ਇਸ ਚੋਣ ਵਿੱਚ ਕਾਂਗਰਸ ਪਾਰਟੀ ਦੇ ਕੁੱਝ ਆਗੂਆਂ ਜਿਨ੍ਹਾਂ ਵਿੱਚ ਮੌਜੂਦਾ ਵਿਰੋਧੀ ਧਿਰ ਦੇ ਨੇਤਾ ਬਣਾਏ ਗਏ ਚਰਨਜੀਤ ਸਿੰਘ ਚੰਨੀ ਦਾ ਨਾਮ ਪ੍ਰਮੁੱਖ ਹੈ ਨੇ ਟਿਕਟਾਂ ਨਾਂ ਮਿਲਣ ਕਾਰਨ ਅਜ਼ਾਦ ਤੌਰ ਤੇ ਚੋਣ ਲੜੀ ਸੀ ਅਤੇ 37946 ਵੋਟਾਂ ਲੈਕੇ ਜੇਤੂ ਰਹੇ। 2012 ਵਿੱਚ ਚਰਨਜੀਤ ਸਿੰਘ ਚੰਨੀ ਨੇ ਕਾਂਗਰਸ ਪਾਰਟੀ ਵਲੋਂ ਚੋਣ ਲੜੀ ਸੀ ਅਤੇ 54640 ਵੋਟਾਂ ਲੈਕੇ ਸੀਟ ਤੇ ਕਬਜ਼ਾ ਬਰਕਰਾਰ ਰੱਖਿਆ। 2014 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਇਸ ਚਮਕੌਰ ਸਾਹਿਬ ਹਲਕੇ ਤੋਂ ਕਾਂਗਰਸ ਪਾਰਟੀ ਦੀਆਂ ਵੋਟਾਂ ਘਟਕੇ 39676 ਹੀ ਰਹਿ ਗਈਆਂ ਜਦਕਿ ਇਥੋਂ ਆਮ ਆਦਮੀ ਪਾਰਟੀ ਦੇ ਆਗੂ ਹਿੰਮਤ ਸਿੰਘ ਸ਼ੇਰਗਿੱਲ ਨੂੰ 47016 ਵੋਟਾਂ ਮਿਲੀਆਂ ਅਤੇ ਜੇਤੂ ਰਹੇ। 2002 ਤੋਂ 2007 ਤੱਕ ਕੈਪਟਨ ਅਮਰਿੰਦਰ ਸਿੰਘ ਹੀ ਪੰਜਾਬ ਦੇ ਮੁੱਖ ਮੰਤਰੀ ਰਹੇ। ਇਸ ਦੌਰਾਨ ਕਾਂਗਰਸ ਪਾਰਟੀ ਦੇ ਕੁੱਝ ਦੂਜੇ ਵਿਧਾਇਕਾਂ ਜਿਨ੍ਹਾਂ ਵਿੱਚੋਂ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ, ਪ੍ਰਤਾਪ ਸਿੰਘ ਬਾਜਵਾ, ਲਾਲ ਸਿੰਘ ਆਦਿ ਦੇ ਨਾਮ ਸ਼ਾਮਿਲ ਹਨ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਲਾਹੁਣ ਲਈ ਕਈ ਵਾਰ ਕਾਰਵਾਈ ਕੀਤੀ ਪ੍ਰੰਤੂ ਉਹਨਾਂ ਨੂੰ ਸਫਲਤਾ ਨਹੀਂ ਮਿਲੀ ਅਤੇ ਕੈਪਟਨ ਅਮਰਿੰਦਰ ਸਿੰਘ ਹੀ ਪੂਰੇ ਪੰਜ ਸਾਲ ਪੰਜਾਬ ਦੇ ਮੁੱਖ ਮੰਤਰੀ ਰਹੇ। 2007 ਵਿੱਚ ਹੋਈਆਂ ਚੋਣਾਂ ਵੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਹੀ ਲੜੀਆਂ ਗਈਆਂ ਪਰੰਤੂ ਇਨ੍ਹਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੂੰ ਸਿਰਫ 44 ਸੀਟਾਂ ਤੇ ਹੀ ਜਿੱਤ ਪ੍ਰਾਪਤ ਹੋਈ ਜਦਕਿ ਅਕਾਲੀ ਦੱਲ ਨੇ 49 ਸੀਟਾਂ ਅਤੇ ਭਾਰਤੀ ਜਨਤਾ ਪਾਰਟੀ ਨੇ 19 ਸੀਟਾਂ ਜਿੱਤਕੇ ਸੂਬੇ ਵਿੱਚ ਸ਼੍ਰੋਮਣੀ ਅਕਾਲੀ ਦੱਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਾਈ ਜਿਸਦੀ ਅਗਵਾਈ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕੀਤੀ। 2009 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਕੈਪਟਨ ਅਮਰਿੰਦਰ ਸਿੰਘ ਦੇ ਸਪੁੱਤਰ ਰਣਇੰਦਰ ਸਿੰਘ ਨੂੰ ਬਠਿੰਡਾ ਤੋਂ ਬਾਦਲ ਪਰਿਵਾਰ ਦੀ ਨੂੰਹ ਬੀਬੀ ਹਰਸਿਮਰਤ ਕੌਰ ਬਾਦਲ ਦੇ ਮੁਕਾਬਲੇ ਚੋਣ ਲੜਾਈ ਗਈ ਜੋ ਉਹ ਲੱਗਭੱਗ 121000 ਵੋਟਾਂ ਦੇ ਅੰਤਰ ਨਾਲ ਹਾਰ ਗਏ। ਕੈਪਟਨ ਦੀ ਪਤਨੀ ਬੀਬੀ ਪ੍ਰਨੀਤ ਕੌਰ ਨੇ ਪਟਿਆਲਾ ਤੋਂ ਚੋਣ ਲੜੀ ਜੋਕਿ ਲੱਗਭੱਗ ਇੱਕ ਲੱਖ ਵੋਟਾਂ ਦੇ ਅੰਤਰ ਨਾਲ ਜਿੱਤੇ। 2012 ਵਿੱਚ ਹੋਈਆਂ ਚੋਣਾਂ ਵੇਲੇ ਵੀ ਕਾਂਗਰਸ ਪਾਰਟੀ ਨੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਹੀ ਚੋਣ ਲੜੀ। ਇਨ੍ਹਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਦੇ ਆਗੂਆਂ ਦੀ ਆਪਸੀ ਫੁੱਟ ਕਾਰਨ ਪੰਜਾਬ ਵਿੱਚ ਮੁੜ ਸ਼੍ਰੋਮਣੀ ਅਕਾਲੀ ਦੱਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣ ਗਈ। ਪਿਛਲੇ ਕੁੱਝ ਸਾਲਾਂ ਤੋਂ ਪ੍ਰਤਾਪ ਸਿੰਘ ਬਾਜਵਾ ਨੂੰ ਕਾਂਗਰਸ ਪਾਰਟੀ ਦਾ ਪ੍ਰਧਾਨ ਬਣਾਇਆ ਗਿਆ ਪਰੰਤੂ ਇਸਤੋਂ ਬਾਦ ਕੁੱਝ ਕਾਂਗਰਸੀ ਆਗੂਆਂ ਵਿਸ਼ੇਸ਼ ਤੋਰ ਤੇ ਕੈਪਟਨ ਅਮਰਿੰਦਰ ਸਿੰਘ ਨੇ ਖੁੱਲਕੇ ਵਿਰੋਧ ਸ਼ੁਰੂ ਕਰ ਦਿਤਾ। 2014 ਵਿੱਚ ਹੋਈਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਕੈਪਟਨ ਅਮਰਿੰਦਰ ਸਿੰਘ ਅਮ੍ਰਿਤਸਰ ਤੋਂ ਭਾਜਪਾ ਆਗੂ ਅਰੁਣ ਜੇਤਲੀ ਨੂੰ ਹਰਾਕੇ ਚੋਣ ਜਿੱਤ ਗਏ ਜਦਕਿ ਪ੍ਰਤਾਪ ਸਿੰਪ ਬਾਜਵਾ ਗੁਰਦਾਸਪੁਰ ਤੋਂ ਚੋਣ ਹਾਰ ਗਏ। ਇਨ੍ਹਾਂ ਚੋਣਾਂ ਵਿੱਚ ਕੈਪਟਨ ਸਾਹਿਬ ਦੀ ਪਤਨੀ ਮਹਾਰਾਣੀ ਪ੍ਰਨੀਤ ਕੌਰ ਨੇ ਪਟਿਆਲਾ ਤੋਂ ਚੋਣ ਲੜੀ ਅਤੇ ਚੋਣ ਹਾਰ ਗਏ। ਇਸਤੋਂ ਬਾਦ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਤਾਪ ਸਿੰਘ ਬਾਜਵਾ ਦੇ ਗਰੁੱਪਾਂ ਵਿੱਚ ਸ਼ਬਦੀ ਜੰਗ ਹੋਰ ਵੀ ਤੇਜ਼ ਹੋ ਗਈ। ਇਨ੍ਹਾਂ ਦੋਨਾਂ ਆਗੂਆਂ ਨੇ ਕਈ ਵਾਰ ਵੱਖ ਵੱਖ ਕਾਂਗਰਸ ਪਾਰਟੀ ਦੇ ਹਾਈ ਕਮਾਨ ਆਗੂਆਂ ਨਾਲ ਮੀਟਿੰਗਾਂ ਕੀਤੀਆਂ। ਅੰਤ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਕਾਂਗਰਸ ਦੀ ਕਮਾਨ ਸੰਭਾਲੀ ਗਈ ਅਤੇ ਪ੍ਰਧਾਨ ਬਣਾਇਆ ਗਿਆ। ਇਸੇ ਤਰਾਂ ਰਾਜ ਸਭਾ ਮੈਂਬਰ ਬੀਬੀ ਅੰਬਿਕਾ ਸੋਨੀ ਅਤੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ ਚੋਣ ਪ੍ਰਚਾਰ ਕਮੇਟੀ ਦੇ ਆਗੂ ਬਣਾਇਆ ਗਿਆ ਹੈ। ਇੱਥੇ ਇੱਕ ਵੱਡਾ ਸਵਾਲ ਉਠਦਾ ਹੈ ਕਿ ਲੱਗਭੱਗ ਇੱਕ ਸਾਲ ਬਾਦ 2017 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਪਾਰਟੀ ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕੀ ਭੂਮਿਕਾ ਨਿਭਾਵੇਗੀ। ਪਿਛਲੇ 10 ਸਾਲਾਂ ਤੋਂ ਸੱਤਾ ਤੋਂ ਦੂਰ ਹੋਈ ਕਾਂਗਰਸ ਕੀ ਇਨ੍ਹਾਂ ਚੋਣਾਂ ਵਿੱਚ ਜਿੱਤ ਹਾਸਲ ਕਰਕੇ ਸਰਕਾਰ ਬਣਾ ਪਾਵੇਗੀ। ਕੈਪਟਨ ਅਮਰਿੰਦਰ ਸਿੰਘ ਬਾਕੀ ਅਗੂਆਂ ਵਿਸ਼ੇਸ਼ ਤੋਰ ਤੇ ਬਾਗੀ ਆਗੂਆਂ ਨੂੰ ਕਿੰਨਾ ਨਾਲ ਤੋਰਨ ਵਿੱਚ ਕਾਮਯਾਬ ਹੋਣਗੇ। ਚੋਣ ਪ੍ਰਚਾਰ ਕਮੇਟੀ ਦੇ ਆਗੂ ਬਣਾਏ ਗਏ ਬੀਬੀ ਅੰਬਿਕਾ ਸੋਨੀ ਆਪ ਲੋਕ ਸਭਾ ਚੋਣਾਂ ਵਿੱਚ ਸ਼੍ਰੀ ਅਨੰਦਪੁਰ ਸਾਹਿਬ ਹਲਕੇ ਤੋਂ ਚੋਣ ਹਾਰ ਚੁੱਕੇ ਹਨ। ਜੇਕਰ ਰਵਨੀਤ ਸਿੰਘ ਬਿੱਟੂ ਦੀ ਗੱਲ ਕਰੀਏ ਤਾਂ ਉਹ 2009 ਵਿੱਚ ਸ਼੍ਰੀ ਅਨੰਦਪੁਰ ਸਾਹਿਬ ਹਲਕੇ ਤੋਂ ਚੋਣ ਜਿੱਤੇ ਸਨ ਪਰੰਤੂ 2014 ਵਿੱਚ ਉਸਨੂੰ ਆਖਰੀ ਮੌਕੇ ਤੇ ਲੁਧਿਆਣਾਂ ਤੋਂ ਚੋਣ ਲੜਾਈ ਗਈ ਜਿੱਥੇ ਉਸਨੇ ਜਿੱਤ ਹਾਸਲ ਕੀਤੀ। ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਬਣਾਏ ਗਏ ਚਰਨਜੀਤ ਸਿੰਘ ਚੰਨੀ ਨੇ 2007 ਵਿੱਚ ਕਾਂਗਰਸ ਪਾਰਟੀ ਤੋਂ ਬਾਗੀ ਹੋਕੇ ਸ਼੍ਰੀ ਚਮਕੋਰ ਸਾਹਿਬ ਤੋਂ ਚੋਣ ਲੜੀ ਸੀ ਅਤੇ ਪੰਜ ਸਾਲ ਅਜ਼ਾਦ ਵਿਧਾਇਕ ਰਹੇ। 2012 ਵਿੱਚ ਕਾਂਗਰਸ ਪਾਰਟੀ ਦੀ ਟਿਕਟ ਤੇ ਚੋਣ ਲੜੀ ਅਤੇ ਜੇਤੂ ਬਣੇ।


ਚਰਨਜੀਤ ਸਿੰਘ ਚੰਨੀ ਬੇਸ਼ੱਕ ਪੁਰਾਣੇ ਦਲਿਤ ਕਾਂਗਰਸੀ ਆਗੂ ਹਨ ਪ੍ਰੰਤੂ ਚਰਨਜੀਤ ਸਿੰਘ ਚੰਨੀ ਆਮ ਦਲਿਤਾਂ ਤੋਂ ਕਾਫੀ ਦੂਰ ਹਨ ਅਤੇ ਹਾਲਾਤ ਇਹ ਹੈ ਕਿ ਉਨ੍ਹਾਂ ਦੀ ਜ਼ਿਲ੍ਹੇ ਦੇ ਦਲਿਤਾਂ ਵਿੱਚ ਵੀ ਕੋਈ ਖਾਸ ਪਹਿਚਾਣ ਨਹੀਂ ਹੈ। ਕੈਪਟਨ ਅਮਰਿੰਦਰ ਸਿੰਘ ਜੋਕਿ ਪਟਿਆਲਾ ਰਾਜ ਘਰਾਣੇ ਨਾਲ ਸਬੰਧਿਤ ਹਨ ਅਤੇ ਸਵਰਗੀ ਕਾਂਗਰਸੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਨਜਦੀਕੀਆਂ ਵਿਚੋਂ ਹਨ। ਕੈਪਟਨ ਅਮਰਿੰਦਰ ਸਿੰਘ 1980 ਵਿੱਚ ਲੋਕ ਸਭਾ ਮੈਂਬਰ ਬਣੇ ਪ੍ਰੰਤੂ 1984 ਵਿੱਚ ਕੇਂਦਰ ਦੀ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਵਲੋਂ ਸ਼੍ਰੀ ਦਰਬਾਰ ਸਾਹਿਬ ਵਿੱਚ ਫੌਜ ਭੇਜ਼ਣ ਦੇ ਵਿਰੋਧ ਵਿੱਚ ਪਾਰਟੀ ਤੋਂ ਅਸਤੀਫਾ ਦੇ ਦਿਤਾ। ਇਸਤੋਂ ਬਾਦ ਉਹ ਸ਼੍ਰੋਮਣੀ ਅਕਾਲੀ ਦੱਲ ਵਿੱਚ ਸ਼ਾਮਿਲ ਹੋ ਗਏ ਅਤੇ ਵਿਧਾਨ ਸਭਾ ਮੈਂਬਰ ਚੁਣੇ ਗਏ ਅਤੇ ਪੰਜਾਬ ਸਰਕਾਰ ਵਿੱਚ ਖੇਤੀਬਾੜੀ ਮੰਤਰੀ ਬਣ ਗਏ। ਇਸਤੋਂ ਬਾਦ ਉਹ ਸ਼੍ਰੋਮਣੀ ਅਕਾਲੀ ਦੱਲ ਤੋਂ ਵੱਖ ਹੋ ਗਏ ਅਤੇ ਅਕਾਲੀ ਦੱਲ ਪੰਥਕ ਬਣਾ ਲਿਆ। ਅੰਤ ਫਿਰ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋ ਗਏ ਅਤੇ 1999 ਤੋਂ 2002 ਤੱਕ ਸੂਬਾ ਪ੍ਰਧਾਨ ਅਤੇ ਫਿਰ ਮੁੱਖ ਮੰਤਰੀ ਰਹੇ। ਪੰਜਾਬ ਵਿੱਚ ਦਲਿਤਾਂ ਲਈ ਵਿਧਾਨ ਸਭਾ ਦੀਆਂ 34 ਸੀਟਾਂ ਹਨ ਜਿਸ ਵਿਚੋਂ ਮੌਜੂਦਾ ਸਮੇਂ 10 ਤੇ ਕਾਂਗਰਸ ਪਾਰਟੀ 21 ਤੇ ਸ਼੍ਰੋਮਣੀ ਅਕਾਲੀ ਦੱਲ ਅਤੇ 03 ਤੇ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਹਨ। ਲੋਕ ਸਭਾ ਦੀਆਂ ਕੁੱਲ 13 ਸੀਟਾ ਵਿਚੋਂ ਸਿਰਫ 03 ਸੀਟਾਂ ਹੀ ਕਾਂਗਰਸ ਕੋਲ ਹਨ ਅਤੇ ਰਾਜ ਸਭਾ ਵਿੱਚ ਵੀ 07 ਵਿਚੋਂ ਇਸ ਵੇਲੇ 03 ਐਮ ਪੀ ਕਾਂਗਰਸ ਦੇ ਹਨ। ਜੇਕਰ 2014 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਸਥਿਤੀ ਵੇਖੀਏ ਤਾਂ ਕੁੱਲ 117 ਵਿਧਾਨ ਸਭਾ ਹਲਕਿਆਂ ਵਿਚੋਂ ਕਾਂਗਰਸ ਪਾਰਟੀ ਨੂੰ ਸਿਰਫ 37 ਤੇ ਹੀ ਜਿੱਤ ਹਾਸਲ ਹੋਈ ਹੈ ਜਦਕਿ 16 ਤੇ ਭਾਰਤੀ ਜਨਤਾ ਪਾਰਟੀ, 29 ਤੇ ਸ਼੍ਰੋਮਣੀ ਅਕਾਲੀ ਦੱਲ, 33 ਤੇ ਆਮ ਆਦਮੀ ਪਾਰਟੀ ਅਤੇ 2 ਸੀਟਾਂ ਤੇ ਅਜ਼ਾਦ ਉਮੀਦਵਾਰ ਜੇਤੂ ਰਹੇ ਹਨ। ਪੰਜਾਬ ਵਿੱਚ ਦੁਆਬਾ ਖੇਤਰ ਦੇ ਦਲਿਤ ਰਾਜਨੀਤੀ ਵਿੱਚ ਹਾਵੀ ਰਹੇ ਹਨ ਪ੍ਰੰਤੂ ਪਿਛਲੇ ਦਿਨੀਂ ਕਿਤੇ ਗਏ ਬਦਲਾਓ ਵਿੱਚ ਇਸ ਖੇਤਰ ਦੇ ਦਲਿਤਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਪੰਜਾਬ ਵਿੱਚ ਕਾਂਗਰਸ ਪਾਰਟੀ ਦੇ ਆਗੂਆਂ ਦੀ ਆਪਸੀ ਫੁੱਟ ਜੱਗ ਜਾਹਿਰ ਹੈ। ਇਹ ਫੁੱਟ ਕਾਰਨ ਹੀ ਕਾਂਗਰਸ ਪਾਰਟੀ 2012 ਵਿੱਚ ਸੱਤਾ ਤੋਂ ਦੂਰ ਹੋਈ ਹੈ ਅਤੇ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਲਗਾਤਾਰ ਦੂਜੀ ਵਾਰ ਸ਼੍ਰੋਮਣੀ ਅਕਾਲੀ ਦੱਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ।



2017 ਵਿੱਚ ਹੋਣ ਵਾਲੀਆਂ ਚੋਣਾਂ ਲਈ ਕਾਂਗਰਸ ਪਾਰਟੀ ਲਈ ਇੱਕ ਪਾਸੇ ਆਪਸੀ ਫੁੱਟ ਖਤਰਨਾਕ ਸਾਬਿਤ ਹੋ ਸਕਦੀ ਹੈ ਦੂਜੇ ਪਾਸੇ ਕਾਂਗਰਸੀ ਆਗੂਆਂ ਦੀ ਆਮ ਜਨਤਾ ਤੋਂ ਦੂਰੀ ਵੀ ਇਸ ਲਈ ਖਤਰਨਾਕ ਹੈ।

ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਲਹਿਰ ਜਿਸਨੇ ਪੰਜਾਬ ਵਿੱਚ ਲੋਕ ਸਭਾ ਦੀਆਂ 04 ਸੀਟਾਂ ਜਿੱਤੀਆਂ ਹਨ ਅਤੇ ਇਸਦੇ ਕਈ ਆਗੂ ਲੋਕ ਮੁੱਦਿਆਂ ਤੇ ਡਟਕੇ ਪਹਿਰਾ ਦੇ ਰਹੇ ਹਨ ਵੀ ਕਾਂਗਰਸ ਪਾਰਟੀ ਦੇ ਸੁਪਨਿਆਂ ਤੇ ਪਾਣੀ ਫੇਰ ਸਕਦੀ ਹੈ। ਪਿਛਲੇ ਕੁੱਝ ਦਿਨਾਂ ਵਿੱਚ ਹੀ ਕਾਂਗਰਸ ਪਾਰਟੀ ਦੇ ਕਈ ਆਗੂ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿਕੇ ਆਮ ਆਦਮੀ ਪਾਰਟੀ ਵਿੱਚ ਜਾ ਚੁੱਕੇ ਹਨ। ਕਾਂਗਰਸ ਪਾਰਟੀ ਦੀ ਪੰਜਾਬ ਵਿੱਚ 2017 ਦੀਆਂ ਚੋਣਾਂ ਵਿੱਚ ਕੀ ਭੂਮਿਕਾ ਰਹੇਗੀ ਇਹ ਤਾਂ ਆਣ ਵਾਲਾ ਸਮਾਂ ਹੀ ਦੱਸੇਗਾ ਪਰ ਮੌਜੂਦਾ ਸਥਿਤੀ ਵਿੱਚ ਬਹੁਤੇ ਲੋਕ ਇਹ ਜਰੂਰ ਸੋਚ ਰਹੇ ਹਨ ਕਿ ਕੀ ਲੰਬੇ ਸਮੇਂ ਤੋਂ ਪੰਜਾਬ ਵਿੱਚ ਲੱਗਭੱਗ ਬੇਹੋਸ਼ ਹੋਈ ਕਾਂਗਰਸ ਪਾਰਟੀ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਆਕਸੀਜ਼ਨ ਮਿਲ ਸਕੇਗੀ ਜਾਂ ਫਿਰ 2017 ਵਿੱਚ ਵੀ ਕਾਂਗਰਸ ਪਾਰਟੀ ਸੱਤਾ ਤੋਂ ਬਾਂਝੀ ਹੀ ਰਹੇਗੀ।

# ਬੇਮਤਲਬ ਨਹੀਂ ਹੈ ਅਸਹਿਣਸ਼ੀਲਤਾ ਬਾਰੇ ਬੁੱਧੀਜੀਵੀਆਂ ਦੀ ਚਿੰਤਾ



ਕੁਲਦੀਪ ਨਈਅਰ

ਪੁਰਸਕਾਰ ਵਾਪਸ ਕੀਤੇ ਜਾਣ ਸਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਅਤੇ ਉਹਨਾਂ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਚੁੱਪ ਤੋਂ ਮੈਂ ਹੈਰਾਨ ਹਾਂ। ਸੌੜੀ ਰਾਜਨੀਤੀ ਵਿਚ ਰੁੱਝੇ ਹੋਏ ਇਨ੍ਹਾਂ ਲੋਕਾਂ ਨੂੰ ਇਸ ਗੱਲ ਦਾ ਕੋਈ ਅਹਿਸਾਸ ਨਹੀਂ ਜਾਪਦਾ ਕਿ ਸਾਹਿਤ, ਵਿਗਿਆਨ ਜਾਂ ਕਿਸੇ ਹੋਰ ਖੇਤਰ ਵਿਚ ਪੁਰਸਕਾਰ ਦਾ ਕੀ ਮਹੱਤਵ ਹੁੰਦਾ ਹੈ। ਬੁਲੰਦੀਆਂ ਨੂੰ ਹਾਸਲ ਕਰਨਾ ਸੌਖਾ ਨਹੀਂ ਹੁੰਦਾ। ਪੁਰਸਕਾਰ ਹਾਸਲ ਕਰਨ ਵਾਲਿਆਂ ਨੇ ਬਾਕੀਆਂ ਨਾਲੋਂ ਮੀਲ ਅੱਗੇ ਵੱਧ ਕੇ ਹੀ ਇਹ ਵਿਸ਼ੇਸ਼ਤਾ ਹਾਸਲ ਕੀਤੀ ਹੋਵੇਗੀ। ਉਨ੍ਹਾਂ ਦਾ ਦੋਸ਼ ਹੈ ਕਿ ਦੇਸ਼ ਵਿਚ ਅਸਹਿਣਸ਼ੀਲਤਾ ਦਾ ਮਾਹੌਲ ਪਸਰ ਰਿਹਾ ਹੈ। ਮੋਦੀ ਕਿਸੇ ਗੱਲ ਬਾਰੇ ਝੱਟਪੱਟ ਬੋਲਣ ਦੇ ਆਦੀ ਹਨ ਪਰ ਇਸ ਮਸਲੇ 'ਤੇ ਉਹਨਾਂ ਦੀ ਚੁੱਪ ਸਾਜਿਸ਼ੀ ਕਿਸਮ ਦੀ ਨਜ਼ਰ ਆ ਰਹੀ ਹੈ।

ਅਸਹਿਣਸ਼ੀਲਤਾ ਦਾ ਦੋਸ਼ ਕਿਸੇ ਵਿਅਕਤੀ ਵਿਸ਼ੇਸ਼ ਵੱਲੋਂ ਨਹੀਂ ਲਾਇਆ ਗਿਆ, ਸਗੋਂ ਦੇਸ਼ ਭਰ ਦੇ ਤਕਰੀਬਨ 500 ਉਘੇ ਵਿਦਵਾਨਾਂ, ਵਿਗਿਆਨਕਾਂ ਅਤੇ ਕਲਾਕਾਰਾਂ ਨੇ ਆਪਣੇ ਪੁਰਸਕਾਰ ਵਾਪਸ ਕੀਤੇ ਹਨ। ਉਹਨਾਂ ਲੋਕਾਂ ਨੇ ਇਕ-ਦੂਜੇ ਨਾਲ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ ਸਗੋਂ ਅਸਹਿਣਸ਼ੀਲਤਾ ਦੇ ਮਾਹੌਲ ਵਿਚ ਇਕੋ-ਜਿਹੀ ਘੁਟਣ ਮਹਿਸੂਸ ਕੀਤੀ। ਜਦੋਂ ਉਨ੍ਹਾਂ ਸਾਰਿਆਂ ਨੇ ਹੀ ਮਹਿਸੂਸ ਕੀਤਾ ਹੈ ਕਿ ਉਹ ਖੁੱਲ੍ਹ ਕੇ ਖੁਦ ਨੂੰ ਜ਼ਾਹਿਰ ਨਹੀ ਕਰ ਸਕਦੇ ਤਾਂ ਮੋਦੀ ਸਰਕਾਰ ਨੂੰ ਇਸ ਗੱਲ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਕਿ ਆਖਿਰ ਅਜਿਹੀ ਸੋਚ ਕਿਉਂ ਉਪਜੀ?

ਇਸ ਦੇ ਕਈ ਕਾਰਨ ਹੋ ਸਕਦੇ ਹਨ। ਇਕ ਕਾਰਨ ਕੇਂਦਰ ਸਰਕਾਰ ਦੇ ਮਾਮਲਿਆਂ ਵਿਚ ਕੱਟੜਵਾਦੀ ਰਾਸ਼ਟਰੀ ਸੋਇਮ ਸੇਵਕ ਸੰਘ ਦਾ ਵਧਦਾ ਦਖਲ ਹੈ। ਅਸਹਿਣਸ਼ੀਲਤਾ ਮਹਿਸੂਸ ਕੀਤੇ ਜਾਣ ਦੀ ਗੱਲ ਨੂੰ 'ਘੜਿਆ ਹੋਇਆ ਪ੍ਰਤੀਕਰਮ' ਕਹਿ ਕੇ ਨਕਾਰ ਦੇਣਾ, ਜਿਵੇਂ ਕਿ ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਹੈ, ਹਕੀਕਤ ਤੋਂ ਅੱਖਾਂ ਮੀਟਣ ਵਾਂਗ ਹੈ। ਹੁਣ ਤੱਕ ਭਾਜਪਾ ਨੂੰ ਅਹਿਸਾਸ ਹੋ ਜਾਣਾ ਚਾਹੀਦਾ ਸੀ ਕਿ ਉਸ ਵੱਲੋਂ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰਲੇ ਧਾਰਮਿਕ ਵਖਰੇਵੇਂ 'ਤੇ ਜ਼ੋਰ ਦਿੱਤੇ ਜਾਣ ਨਾਲ ਸੰਕੀਰਣਤਾ ਅਤੇ ਅਸਹਿਣਸ਼ੀਲਤਾ 'ਚ ਵਾਧਾ ਹੋਇਆ ਹੈ ਅਤੇ ਇਸ ਗੱਲ ਨੇ ਦੋਹਾਂ ਭਾਈਚਾਰਿਆਂ ਨੂੰ ਇਕ-ਦੂਜੇ ਤੋਂ ਦੂਰ ਕੀਤਾ ਹੈ।

ਪੁਰਸਕਾਰ ਵਾਪਸ ਕਰਨ ਵਾਲੇ ਇਕ ਲੇਖਕ ਨੇ ਸਾਹਿਤ ਅਕਾਦਮੀ ਨੂੰ ਲਿਖੇ ਆਪਣੇ ਪੱਤਰ ਵਿਚ ਕਿਹਾ ਹੈ ਕਿ ਅਸਹਿਮਤੀ ਦੀ ਆਵਾਜ਼ ਨੂੰ ਦਬਾਉਣ ਅਤੇ ਪ੍ਰਗਟਾਵੇ ਦੀ ਸੁਤੰਤਰਤਾ ਨੂੰ ਖੁੰਢਾ ਕਰਨ ਦੇ ਮੌਜੂਦਾ ਰੁਝਾਨ ਨੇ ਉਸ ਨੂੰ ਇਹ ਕਦਮ ਉਠਾਉਣ ਲਈ ਮਜਬੂਰ ਕੀਤਾ ਹੈ। ਉਸ ਨੇ ਨਰਿੰਦਰ ਦਾਭੋਲਕਾਰ, ਗੋਵਿੰਦ ਪਾਨਸਰੇ ਅਤੇ ਐਮ. ਐਮ. ਕਲਬੁਰਗੀ ਵਰਗੇ ਲੇਖਕਾਂ ਦੀ ਉਦਾਹਰਣ ਵੀ ਦਿੱਤੀ ਹੈ। ਜਿਹਨਾਂ ਨੂੰ ਆਪਣੀਆਂ ਲਿਖਤਾਂ ਕਾਰਨ ਮਾਰ ਦਿੱਤਾ ਗਿਆ।

ਮੈਨੂੰ ਵਿਸ਼ਵਾਸ ਹੈ ਕਿ ਪੁਰਸਕਾਰ ਵਾਪਸ ਕਰਨ ਵਾਲੇ ਲੋਕ ਆਪਣੇ ਵਿਰੋਧ ਦੇ ਪ੍ਰਗਟਾਵੇ ਲਈ 26 ਜਨਵਰੀ ਨੂੰ ਦਿੱਲੀ ਦੀਆਂ ਸੜਕਾਂ 'ਤੇ ਮਾਰਚ ਕਰਨਗੇ। ਮੈਨੂੰ ਸਮਝ ਨਹੀਂ ਆਉਂਦੀ ਕਿ ਸਾਡੇ ਸਹਿਣਸ਼ੀਲ ਦੇਸ਼ ਨੂੰ ਕੀ ਹੋ ਗਿਆ ਹੈ। ਇਸ ਨੇ ਅੰਗਰੇਜ਼ਾਂ ਖਿਲਾਫ ਵੱਡੀ ਲੜਾਈ ਲੜੀ ਸੀ।

ਆਜ਼ਾਦੀ ਦੀ ਲੜਾਈ ਵਿਚ ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਸ਼ਾਮਲ ਸਨ। ਉਸ ਲੜਾਈ ਵਿਚ ਮੁਸਲਿਮ ਭਾਈਚਾਰੇ



ਗੋਵਿੰਦ ਪਾਨਸਰੇ | ਨਰਿੰਦਰ ਦਾਭੋਲਕਰ | ਐਮ.ਐਮ. ਕਲਬੁਰਗੀ

ਦੇ ਮੌਲਾਨਾ ਅਬੁਲ ਕਲਾਮ ਆਜ਼ਾਦ ਅਤੇ ਸਰਹੱਦੀ ਗਾਂਧੀ ਖਾਨ ਅਬਦੁਲ ਗੱਫਾਰ ਖਾਨ ਵਰਗੇ ਆਗੂ ਸ਼ਾਮਲ ਸਨ। ਉਸ ਵਕਤ ਭਾਰਤੀ ਜਨਤਾ ਪਾਰਟੀ ਦਾ ਅਜੇ ਜਨਮ ਵੀ ਨਹੀਂ ਹੋਇਆ ਸੀ। ਇਹ ਵੇਖਣਾ ਦੁਖਦ ਹੈ ਕਿ ਅੱਜ ਉਹ ਲੋਕ ਸੱਤਾ ਵਿਚ ਹਨ, ਜਿਹਨਾਂ ਦਾ ਆਜ਼ਾਦੀ ਦੇ ਸੰਘਰਸ਼ ਵਿਚ ਰੱਤੀ ਭਰ ਵੀ ਯੋਗਦਾਨ ਨਹੀਂ ਸੀ।

ਅੱਜ ਜੋ ਕੁਝ ਹੋ ਰਿਹਾ ਹੈ, ਉਹ ਅਤਿਅੰਤ ਮਾੜਾ ਹੈ। ਫਿਰਕੂ ਧਰੁਵੀਕਰਨ, ਨਫਰਤੀ ਅਪਰਾਧਾਂ, ਅਸੁਰੱਖਿਆ ਅਤੇ ਹਿੰਸਾ ਦਾ ਮਾਹੌਲ ਦਿਨੋ-ਦਿਨ ਗਾੜ੍ਹਾ ਹੁੰਦਾ ਜਾ ਰਿਹਾ ਹੈ। ਸੰਵਿਧਾਨਕ ਅਹੁਦਿਆਂ 'ਤੇ ਬੈਠੇ ਲੋਕ ਨਫਰਤ ਦੀ ਮੁਹਿੰਮ ਨੂੰ ਵਧਾਵਾ ਜਾਂ ਸਰਪ੍ਰਸਤੀ ਦੇ ਰਹੇ ਜਾਪਦੇ ਹਨ। ਅਤੇ ਕੋਈ ਵੀ ਵੇਖ ਸਕਦਾ ਹੈ ਕਿ ਸਰਕਾਰ ਸੁਤੰਤਰ ਢੰਗ ਨਾਲ ਕੰਮ ਨਹੀਂ ਕਰ ਰਹੀ। ਆਰ. ਐਸ. ਐਸ. 'ਇੰਚਾਰਜ' ਬਣਿਆ ਹੋਇਆ ਹੈ। ਸਥਿਤੀ ਇਸ ਹੱਦ ਤੱਕ ਪਹੁੰਚ ਚੁੱਕੀ ਹੈ ਕਿ ਸਰਕਾਰ ਦੇ ਆਕਾਸ਼ਬਾਣੀ ਨੇ ਸੰਘ ਦੇ ਮੁਖੀ ਮੋਹਨ ਭਾਗਵਤ ਦੇ ਵਿਚਾਰਾਂ ਦਾ ਪ੍ਰਸਾਰਣ ਕੀਤਾ। ਉਨ੍ਹਾਂ ਨੇ ਕੋਈ ਇਤਰਾਜ਼ਯੋਗ ਗੱਲ ਤਾਂ ਨਹੀਂ ਕਹੀ ਪਰ ਦੇਸ਼ ਇਸ ਗੱਲ ਨੂੰ ਜਾਣਦਾ ਹੈ ਕਿ ਹਿੰਦੂਤਵ ਸਬੰਧੀ ਉਨ੍ਹਾਂ ਦੇ ਕਿੰਨੇ ਕੱਟੜ ਵਿਚਾਰ ਹਨ। ਸਾਫ ਹੈ ਕਿ ਹਿੰਦੂਆਂ ਦੇ ਕੱਟੜਵਾਦੀ ਖੇਮੇ ਨੇ ਸਰਕਾਰ 'ਤੇ ਕਬਜ਼ਾ ਕਰ ਲਿਆ ਹੈ। ਇਸ ਖੇਮੇ ਨੇ ਮੰਨ ਲਿਆ ਹੈ ਕਿ ਜੋ ਉਹ ਕਹਿੰਦੇ ਹਨ ਜਾਂ ਕਰਦੇ ਹਨ, ਉਹੀ ਲੋਕਾਂ ਦੀ ਇੱਛਾ ਹੈ। ਜੱਜ ਅਤੇ ਮੁਦਈ ਇਕ ਹੋ ਗਏ ਹਨ। ਹਿੰਦੂਆਂ ਵਿਚਲੇ ਉਦਾਰਵਾਦੀਆਂ ਦੀ ਗੱਲ ਵੱਖਰੀ ਹੈ। ਦੂਜੇ ਪਾਸੇ ਜਮਾਇਤ-ਏ-ਇਸਲਾਮੀ ਵੀ ਹੈ, ਜੋ ਕਦੇ ਉਦਾਰਵਾਦੀ ਨਹੀਂ ਬਣਨਾ ਚਾਹੇਗੀ। ਉਂਝ ਤਾਂ ਇਸ ਨੂੰ ਕਦੇ ਆਕਾਸ਼ਵਾਣੀ 'ਤੇ ਆਪਣੀ ਗੱਲ ਕਹਿਣ ਦੀ ਇਜਾਜ਼ਤ ਮਿਲਣ ਦੀ ਕੋਈ ਸੰਭਾਵਨਾ ਨਹੀਂ ਪਰ ਜੇ ਕਦੀ ਅਜਿਹਾ ਹੋਇਆ ਤਾਂ ਇਸ ਦੀਆਂ ਗੱਲਾਂ ਵੀ ਸੰਘ ਦੇ ਮੁਖੀ ਮੋਹਨ ਭਾਗਵਤ ਵਰਗੀਆਂ ਕੱਟੜ ਹੀ ਹੋਣਗੀਆਂ।

ਇਸ ਦੇ ਬਾਵਜੂਦ ਅਸੀਂ ਅਜੇ ਵੀ ਬਹੁਲਵਾਦ ਦੀ ਗੱਲ ਕਰਦੇ ਹਾਂ। ਜੇ ਇਸ ਦੇ ਕੋਈ ਅਰਥ ਹਨ ਤਾਂ ਘੱਟ-ਗਿਣਤੀਆਂ ਨੂੰ ਬਰਾਬਰ ਅਧਿਕਾਰ ਮਿਲਣੇ ਚਾਹੀਦੇ ਹਨ। ਸੰਵਿਧਾਨ ਅਜਿਹਾ ਹੀ ਕਹਿੰਦਾ ਹੈ। ਪਰ ਇਹ ਲਾਗੂ ਨਹੀਂ ਹੋ ਰਿਹਾ, ਕਿਉਂਕਿ ਜੋ ਲੋਕ ਸੱਤਾ ਵਿਚ ਹਨ, ਉਨ੍ਹਾਂ ਦਾ ਆਪਣਾ ਸੌੜਾ ਏਜੰਡਾ ਹੈ।

ਦੇਸ਼ ਵਿਚ 80 ਫੀਸਦੀ ਆਬਾਦੀ ਹਿੰਦੂ ਹੋਣ ਕਾਰਨ ਅਸੀਂ ਹਿੰਦੂ ਰਾਸ਼ਟਰ ਬਣ ਸਕਦੇ ਹਾਂ, ਜੋ ਕਿ ਆਰ. ਐਸ. ਐਸ. ਦਾ ਟੀਚਾ ਹੈ, ਫਿਰ ਵੀ ਵੰਡ ਨਾਲ ਜੰਮੇ ਭਾਰਤ ਦੇ ਅਸੀਂ ਲੋਕਾਂ ਨੇ ਧਰਮ-ਨਿਰਪੱਖਤਾ ਨੂੰ ਤਰਜੀਹ ਦਿੱਤੀ ਅਤੇ ਦੇਸ਼ ਦੇ ਨਾਲ ਧਰਮ ਨੂੰ ਨਹੀਂ ਰਲਾਇਆ। ਸਹੀ ਹੈ ਕਿ ਪਾਕਿਸਤਾਨ ਇਸਲਾਮਿਕ ਦੇਸ਼ ਬਣ ਗਿਆ ਪਰ ਅਜਿਹਾ ਉਸ ਦੇ ਬਾਨੀ ਮੁਹੰਮਦ ਅਲੀ ਜਿਨਾਹ ਦੇ ਸਮਰਥਨ ਤੋਂ ਬਗੈਰ ਹੋਇਆ। ਪਾਕਿਸਤਾਨ ਦੀ ਸਥਾਪਤੀ ਸਮੇਂ ਉਨ੍ਹਾਂ ਕਿਹਾ ਸੀ ਕਿ ਅਸੀਂ ਲੋਕ ਜਾਂ ਤਾਂ ਭਾਰਤੀ ਹਾਂ ਜਾਂ ਪਾਕਿਸਤਾਨੀ, ਮੁਸਲਿਮ ਜਾਂ ਹਿੰਦੂ ਨਹੀਂ ਹਾਂ। ਪਰ ਪਾਕਿਸਤਾਨ 'ਤੇ ਮੌਲਾਣਿਆਂ ਦਾ ਕਬਜ਼ਾ ਹੋ ਗਿਆ। ਲੰਮੇ ਸਮੇਂ ਤੋਂ ਬਾਅਦ ਬੜੀ ਮੁਸ਼ਕਿਲ ਨਾਲ ਉਥੋਂ ਦੀ ਜਨਤਾ ਨੇ ਹੁਣ ਥੋੜ੍ਹੀ ਜਿਹੀ ਉਦਾਰਤਾ ਲਿਆਂਦੀ ਹੈ। ਦੂਜੇ ਪਾਸੇ ਭਾਰਤ ਵਿਚ ਅਸੀਂ ਹਿੰਦੂਤਵ ਪੱਖੀ ਭਾਵਨਾਵਾਂ ਵਿਚ ਵਹਿ ਗਏ ਹਾਂ। ਹਿੰਦੂਤਵ ਸਮਰਥਕ ਭਾਵਨਾ ਮੋਦੀ ਸਰਕਾਰ ਦੇ ਬਣਨ ਨਾਲ ਮਜਬੂਤ ਹੋਈ ਹੈ। ਇਸ ਦਾ ਮਤਲਬ ਧਰਮ-ਨਿਰਪੱਖਤਾ ਨੂੰ ਨਕਾਰਨਾ ਹੈ, ਜੋ ਕਿ ਸਾਡੇ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਦਰਜ ਹੈ।

ਵੰਡ ਤੋਂ ਪਹਿਲਾਂ ਮੁਸਲਿਮ ਲੀਗ ਦੀ ਰਾਇ ਮੁਸਲਮਾਨਾਂ ਲਈ ਵੱਖਰਾ ਦੇਸ਼ ਬਣਾਉਣ ਦੀ ਸੀ। ਸਹੀ ਹੈ ਕਿ ਪਾਕਿਸਤਾਨ ਇਸਲਾਮਿਕ ਗਣਤੰਤਰ ਬਣਿਆ ਪਰ ਮੈਨੂੰ ਜਾਪਦਾ ਹੈ ਕਿ ਇਸ ਦਾ ਨਤੀਜਾ ਮੁਸਲਮਾਨਾਂ ਲਈ ਸੁਖਦ ਨਹੀਂ ਰਿਹਾ। ਉਹ ਤਿੰਨ ਦੇਸ਼ਾਂ- ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼- ਵਿਚ ਵੰਡੇ ਗਏ। ਕਲਪਨਾ ਕਰੋ ਜੇ ਮੁਸਲਮਾਨ ਇਕੱਠੇ ਰਹਿੰਦੇ ਤਾਂ ਉਹਨਾਂ ਦੀ ਆਬਾਦੀ 35 ਫੀਸਦੀ ਹੋਣੀ ਸੀ ਜੋ ਕਿਸੇ ਲੋਕਤੰਤਰੀ ਦੇਸ਼ ਲਈ ਵੱਡੀ ਗਿਣਤੀ ਹੈ।

70 ਸਾਲਾਂ ਦੇ ਤਜਰਬੇ ਦਾ ਡਰਾਉਣਾ ਪੱਖ ਇਹ ਹੈ ਕਿ ਧਰਮ ਦੇ ਆਧਾਰ 'ਤੇ ਖਿੱਚੀ ਗਈ ਵੰਡ ਦੀ ਲਕੀਰ ਨੇ ਹਿੰਦੂਆਂ ਅਤੇ ਮੁਸਲਮਾਨਾਂ ਵਿਚਲੀ ਵੈਰ-ਭਾਵਨਾ ਹਿਸ ਖਿੱਤੇ ਦੇ ਵਿਕਾ ਵਿਚ ਕਿਵੇਂ ਅੜਿੱਕਾ ਬਣ ਰਹੀ ਹੈ, ਇਸ ਨੂੰ ਕੋਈ ਵੀ ਵੇਖ ਸਕਦਾ ਹੈ। ਸਿਰਫ ਇੰਨਾ ਹੀ ਨਹੀਂ ਹੈ, ਦੋਵੇਂ ਅਕਸਰ ਟਕਰਾਅ ਵਾਲੇ ਰੁਖ ਵਿਚ ਰਹਿੰਦੇ ਹਨ। ਦੋਹਾਂ ਵਿਚਕਾਰ ਦੋ ਪੂਰੇ ਯੁੱਧ ਹੋ ਚੁੱਕੇ ਹਨ। ਇਸ ਤੋਂ ਇਲਾਵਾ ਕਾਰਗਿਲ ਦੀ ਘਟਨਾ ਹੋਈ। ਹਾਲਾਂਕਿ ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕਿਹਾ ਹੈ ਕਿ ਯੁੱਧ ਕੋਈ ਬਦਲ ਨਹੀਂ ਹੈ,ਫਿਰ ਵੀ ਦੋਹਾਂ ਦੇਸ਼ਾਂ ਵਿਚਕਾਰ ਸਥਾਈ ਸ਼ਾਂਤੀ ਦੇ ਕੋਈ ਆਸਾਰ ਨਹੀਂ ਹਨ। ਪਾਕਿਸਤਾਨ ਦਾ ਕਹਿਣਾ ਹੈ ਕਿ ਕਸ਼ਮੀਰ ਕੇਂਦਰੀ ਮੁੱਦਾ ਹੈ ਅਤੇ ਜੇ ਇਹ ਸੁਲਝ ਜਾਵੇ ਤਾਂ ਫਲਦਾਇਕ ਦੋਸਤੀ ਲਿਆ ਸਕਦਾ ਹੈ ਪਰ ਮੇਰਾ ਮੰਨਣਾ ਹੈ ਕਿ ਕਸ਼ਮੀਰ ਲੱਛਣ ਹੈ, ਰੋਗ ਨਹੀਂ। ਰੋਗ ਤਾਂ ਆਪਸੀ ਬੇਭਰੋਸਗੀ ਹੈ। ਜਦੋਂ ਤੱਕ ਇਸ ਨੂੰ ਖਤਮ ਨਹੀਂ ਕੀਤਾ ਜਾਂਦਾ, ਉਦੋਂ ਤੱਕ ਦੋਹਾਂ ਦੇਸ਼ਾਂ ਵਿਚਲੇ ਟਕਰਾਅ ਨੂੰ ਕੋਈ ਸੰਧੀ ਖਤਮ ਨਹੀਂ ਕਰ ਸਕਦੀ।

# ਮੇਰੀਆਂ ਅਭੁੱਲ ਯਾਦਾਂ



ਫਰੈਡੀ ਜੋਜ਼ਫ

**ਨੋਟ- ਇਹ ਫੀਚਰ ਅਮਰੀਕਾ ਦੇ ਪੇਪਰ ਅੰਬੇਡਕਰ ਟਾਈਮਜ਼ (ਅੰਗ੍ਰੇਜ਼ੀ) ਦੇਸ਼ ਦੁਆਬਾ ਵਿੱਚ ਵੀ ਨਾਲੋ ਨਾਲ ਛੱਪ ਰਿਹਾ ਹੈ।**

ਮੇਰੀ ਮਾਂ ਸੰਸਾਰ ਦੀ ਸਭ ਤੋਂ ਚੰਗੀ ਮਾਂ ਸੀ। ਅੱਜ ਸੱਤਰ ਸਾਲ ਦੀ ਉਮਰ ਵਿੱਚ ਵੀ ਮੇਰੇ ਲਈ ਇਹ ਬਿਆਨ ਕਰਨਾ ਔਖਾ ਹੈ ਕਿ ਉਸਦਾ ਦਿਲ ਕਿੰਨਾ ਵੱਡਾ ਸੀ। ਮੈਨੂੰ ਲਗਦਾ ਹੈ ਕਿ ਉਸਦੇ ਦਿਲ ਵਿੱਚ ਸਾਰੀ ਦੁਨੀਆਂ ਵੀ ਸਮਾ ਜਾਵੇ ਤਾਂ ਵੀ ਕੁਝ ਨਾ ਕੁਝ ਥਾਂ ਬਚ ਜਾਵੇਗੀ। ਜਵਾਨੀ ਸਮੇਂ ਹੀ ਉਸ ਤੇ ਇਹ ਕਹਿਰ ਟੁੱਟ ਗਿਆ ਕਿ ਸਾਡੇ ਪਿਤਾ ਜੀ ਖੁਦਾ ਨੂੰ ਪਿਆਰੇ ਹੋ ਗਏ। ਮੇਰੀ ਮਾਂ ਨੇ ਵੱਡੀਆਂ ਮੁਸੀਬਤਾਂ ਦਾ ਸਾਮ੍ਹਣਾ ਕੀਤਾ ਪਰ ਦਿਲ ਨਹੀਂ ਛੱਡਿਆ। ਜਦ ਮੈਂ ਐਫ.ਏ. ਕੀਤੀ ਤਾਂ ਪਿਛੋਂ ਬੀ.ਏ. ਵੀ ਕਰ ਲਈ ਤਾਂ ਸਾਰਾ ਪਿੰਡ ਮੇਰੀ ਮਾਂ ਨੂੰ ਆਖਦਾ ਹੁੰਦਾ ਸੀ - ਤੇਰੇ ਕਸ਼ਟ ਕੱਟੇ ਗਏ। ਤੇਰਾ ਮੁੰਡਾ ਬਹੁਤ ਵੱਡਾ ਬੰਦਾ ਬਣੇਗਾ। ਮੈਨੂੰ ਸਰਕਾਰ ਵਿੱਚ ਕਈ ਵੱਡੇ ਅਹੁਦਿਆਂ ਦੀ ਆਫਰ ਹੋਈ ਪਰ ਮੈਂ ਪੱਤਰਕਾਰੀ ਨੂੰ ਚੁਣਿਆ ਅਤੇ ਨਾਲ ਹੀ ਸਿਆਸਤ ਵਿੱਚ ਪੈ ਗਿਆ। ਸਾਡੇ ਸਮੇਂ ਵਿੱਚ ਸਿਆਸਤ ਲੁੱਟ ਮਾਰ ਦਾ ਵਸੀਲਾ ਨਹੀਂ ਸੀ - ਤਿਆਗ ਅਤੇ ਕੁਰਬਾਨੀ ਦਾ ਮਾਰਗ ਸੀ। ਸਿਆਸਤ ਕਾਰਣ ਬਹੁਤ ਚੰਗੇ ਦਿਨ ਵੀ ਵੇਖੇ ਪਰ ਬਹੁਤ ਮਾੜੇ ਦਿਨ ਵੀ ਵੇਖੇ ਜੋ ਮੇਰੇ ਲਈ ਉਨੇ ਦੁਖਦਾਈ ਨਹੀਂ ਸਨ - ਪਰ ਮੇਰੀ ਮਾਂ ਲਈ ਬਹੁਤ ਦੁੱਖਦਾਈ ਸਨ। ਪਰ ਉਸਨੇ ਕੁਝ ਸਮਿਆਂ ਦੀਆਂ ਝਲਕੀਆਂ ਵੀ ਵੇਖੀਆਂ। ਜਿਸ ਸਮੇਂ ਇੰਦਰ ਕੁਮਾਰ ਗੁਜਰਾਲ ਭਾਰਤ ਦੇ ਵਿਦੇਸ਼ ਮੰਤਰੀ ਬਣੇ ਤਾਂ ਉਹ ਸਾਡੇ ਘਰ ਬਰੇਕ ਫਾਸਟ ਤੇ ਆਏ ਤਾਂ ਉਨ੍ਹਾਂ ਮੇਰੀ ਮਾਂ ਦੇ ਪੈਰੀਂ ਹੱਥ ਲਾਇਆ। ਫੂਡ ਸਪਲਾਈ ਮੰਤਰੀ ਹਰਭਜਨ ਸਿੰਘ ਸਾਡੇ ਪਿੰਡ ਸੰਸਾਰਪੁਰ ਆਏ ਤਾਂ ਉਨ੍ਹਾਂ ਨੇ ਮੇਰੀ ਮਾਂ ਦੇ ਪੈਰੀਂ ਹੱਥ ਲਾਇਆ। ਚੌਧਰੀ ਚਰਨ ਸਿੰਘ ਜਦ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਜਲੰਧਰ ਆਏ ਤਾਂ ਮੈਂ ਉਸ ਸਮੇਂ ਲੋਕ ਦਲ ਪੰਜਾਬ ਦਾ ਜਨਰਲ ਸੱਕਤਰ ਸਾਂ। ਮੇਰੀ ਮਾਂ ਨੇ ਆਪਣੇ ਬੇਟੇ (ਮੈਨੂੰ) ਦੇਸ਼ ਦੇ ਪ੍ਰਧਾਨ ਮੰਤਰੀ ਨਾਲ ਹੱਥ ਮਿਲਾਉਂਦਿਆਂ ਦੇਖਿਆ। ਬਹੁਤ ਸਾਰੀਆਂ ਅਜੇਹੀਆਂ ਗੱਲਾਂ ਹਨ ਜੋ ਉਸਨੇ ਵੇਖੀਆਂ ਪਰ ਮੇਰੇ ਨਾਲ ਸਬੰਧਤ ਉਸਨੇ ਅਜੇਹੇ ਦੁਖ ਵੀ ਵੇਖੇ ਜੋ ਇੱਕ ਅਨਪੜ੍ਹ ਵਿਧਵਾ ਔਰਤ ਲਈ ਸਹਿਣੇ ਮੁਸ਼ਕਿਲ ਸੀ। ਉਸਨੂੰ ਪਤਾ ਹੀ ਨਹੀਂ ਸੀ ਕਿ ਉਸਦੇ ਬੇਟੇ ਤੇ ਆਉਣ ਵਾਲੇ ਦੁੱਖਾਂ ਦਾ ਕਾਰਣ ਕੀ ਹੈ। ਇਸ ਬਾਰੇ ਚਰਚਾ ਹੁੰਦੀ ਰਹੇਗੀ ਪਰ ਇਥੇ ਮੈਂ ਇਹ ਦਸਣਾ ਜ਼ਰੂਰੀ ਸਮਝਦਾ ਹਾਂ ਕਿ ਉਸਦਾ ਦਿਲ ਕਿੰਨਾ ਵੱਡਾ ਸੀ।

ਉਨ੍ਹਾਂ ਦਿਨਾਂ ਵਿੱਚ ਪਿੰਡ ਵਿੱਚ ਪੱਕੇ ਮਕਾਨ ਗਿਣਤੀ ਦੇ ਹੀ ਸਨ - ਬਹੁਤੇ ਕੱਚੇ ਮਕਾਨ ਹੀ ਸਨ। ਸਾਡਾ ਘਰ ਪੱਕਾ ਸੀ ਤੇ ਉਂਜ ਵੀ ਕੁਝ ਖੁਲ੍ਹਾ ਸੀ ਜਦ ਵੀ ਜ਼ਿਆਦਾ ਮੀਂਹ ਆਉਂਦਾ ਤੇ ਕੱਚੇ ਮਕਾਨਾਂ ਨੂੰ ਖਤਰਾ ਹੁੰਦਾ ਤਾਂ ਸਾਡੇ ਘਰ ਵਿੱਚ 7-8 ਪਰਿਵਾਰਾਂ ਦਾ ਉਤਾਰਾ ਹੁੰਦਾ। ਜੋ ਮੀਂਹ ਹਟਣ ਪਿਛੋਂ ਚਲੇ ਜਾਂਦੇ। ਸੰਸਾਰਪੁਰ ਦੇ ਨੇੜੇ ਪਿੰਡ ਖੁਸਰੋਪੁਰ ਤੋਂ ਇੱਕ ਜੁੱਤੀਆਂ ਗੰਢਣ ਵਾਲਾ ਦੀਵਾਨ ਚੰਦ ਪਿੰਡ ਸੰਸਾਰਪੁਰ ਵਿੱਚ ਆਪਣਾ ਅੱਡਾ ਲਾਉਂਦਾ ਸੀ। ਸ਼ਾਮ ਨੂੰ ਜਾਣ ਲੱਗਾ ਉਹ ਆਪਣਾ ਸਮਾਨ ਸਾਡੇ ਘਰ ਰੱਖ ਜਾਂਦਾ। ਸਾਡੇ ਘਰ ਦੇ ਸਾਮ੍ਹਣੇ ਰੁਕੋ ਝੀਰੀ ਦੀ ਦਾਣੇ ਭੁਨਣ ਵਾਲੀ ਭੱਠੀ ਸੀ, ਉਸਦੀ ਕੜਾਹੀ, ਦਾਤੀ ਤੇ ਬਚਿਆ ਬਾਲਣ ਵੀ ਸਾਡੇ ਘਰ ਵਿਚ ਹੀ ਰੱਖਿਆ ਜਾਂਦਾ ਸੀ। ਮਸੀਹੀ ਸਾਧੂ ਸੰਤ ਸਾਡੇ ਘਰ ਹੀ ਠਹਿਰਦੇ ਹੁੰਦੇ ਸਨ। ਪਿੰਡ ਵਿੱਚ ਇੱਕ ਬਜ਼ੁਰਗ ਉਮਰਾ ਸੀ। ਲੋਕ ਆਖਦੇ ਸਨ ਕਿ ਉਹ ਉਸ ਸਮੇਂ 80 ਸਾਲ ਦਾ ਸੀ। ਉਹ ਹੀ ਪਿੰਡ ਵਿੱਚ ਸਭ ਤੋਂ ਪਹਿਲਾਂ ਈਸਾਈ ਬਣਿਆ ਅਤੇ ਇਸ ਤਰ੍ਹਾਂ ਪਿੰਡ ਵਿੱਚ ਈਸਾਈਅਤ ਦੀ ਨੀਂਹ ਰੱਖੀ ਗਈ। ਮੇਰੀ ਮਾਂ ਹਰ ਤੀਜੇ ਚੌਥੇ ਦਿਨ ਉਸ ਨੂੰ ਘਰ ਬੁਲਾ ਕੇ ਇੱਕ ਵੱਡੇ ਮਿੱਠੇ ਬੰਨ ਨਾਲ ਉਸ ਨੂੰ ਚਾਹ ਪਿਲਾ ਕੇ ਉਸ ਪ੍ਰਤੀ ਆਦਰ ਭਾਵ ਪ੍ਰਗਟ ਕਰਦੀ ਸੀ। ਕੋਈ ਵੀ ਮੰਗਤਾ ਸਾਡੇ ਘਰੋਂ ਖਾਲੀ ਨਹੀਂ ਸੀ ਜਾਂਦਾ।

ਮੇਰੀ ਮਾਂ ਸਿਲਾਈ ਦਾ ਕੰਮ ਕਰਦੀ ਸੀ। ਉਸ ਸਮੇਂ ਦਰਜੀ ਕੋਈ ਟਾਵਾਂ ਟਿੱਲਾ ਹੀ ਹੁੰਦਾ ਸੀ। ਇਕ ਦਿਨ ਇੱਕ ਮੰਗਤੀ ਆਈ ਉਸਨੇ ਮੇਰੀ ਮਾਂ ਨੂੰ ਕਿਹਾ ਕਿ ਮੈਨੂੰ ਕੋਈ ਪੁਰਾਣਾ ਜੰਪਰ ਦੇ। ਮੇਰੀ ਮਾਂ ਉਸ ਸਮੇਂ ਆਪਣੇ ਲਈ ਜੰਪਰ ਸੀ ਰਹੀ ਸੀ। ਮੇਰੀ ਮਾਂ ਨੇ ਮੰਗਤੀ ਨੂੰ ਕਿਹਾ- ਬੈਠ ਚਾਹ ਪੀ ਅਤੇ ਉਸਦੇ ਚਾਹ ਪੀਦਿਆਂ ਪੀਦਿਆਂ ਉਸਨੇ ਉਹ ਜੰਪਰ ਸੀ ਕੇ ਤਿਆਰ ਕਰ ਲਿਆ ਤੇ ਉਸ ਮੰਗਤੀ ਨੂੰ ਦੇ ਦਿੱਤਾ। ਮੇਰੀ ਮਾਂ ਕੋਲ ਕਈ ਕੁੜੀਆਂ ਸਿਲਾਈ ਦਾ ਕੰਮ ਸਿੱਖਣ ਆਉਂਦੀਆਂ ਸਨ। ਉਨ੍ਹਾਂ ਵਿਚੋਂ ਇੱਕ ਨੇ ਮੇਰੀ ਮਾਂ ਨੂੰ ਕਿਹਾ - ਭਾਬੀ ਤੂੰ ਇਹ ਕੀ ਕੀਤਾ ਆਪਣਾ ਇੱਕੋ ਇੱਕ ਨਵਾਂ ਜੰਪਰ ਉਸ ਨੂੰ ਦੇ ਦਿੱਤਾ। ਮੇਰੀ ਮਾਂ ਆਖਣ ਲੱਗੀ - ਖੁਦਾ ਮੈਨੂੰ ਆਪੇ ਹੋਰ ਦੇਵੇਗਾ। ਸਾਡੇ ਪਿੰਡ ਕੁਝ ਜੱਟਾਂ ਦੀਆਂ ਕੁੜੀਆਂ ਵੀ ਮੇਰੀ ਮਾਂ ਕੋਲ ਸਿਲਾਈ ਸਿੱਖਣ ਆਉਂਦੀਆਂ ਸਨ। ਘੰਟੇ ਕੇ ਪਿਛੋਂ ਹੀ ਜੱਟਾਂ ਦੀਆਂ ਦੋ ਕੁੜੀਆਂ ਜੋ ਸਿਲਾਈ ਸਿੱਖਣ ਦਾ ਕੰਮ ਪੂਰਾ ਕਰ ਚੁੱਕੀਆਂ ਸਨ ਆਈਆਂ ਅਤੇ ਮੇਰੀ ਮਾਂ ਨੂੰ ਇੱਕ ਇੱਕ ਸੂਟ ਅਤੇ 20-20 ਕਿਲੋ ਮੱਕੀ ਦੇ ਗਈਆਂ।

**(ਚਲਦਾ)**

# ਕੇਜਰੀਵਾਲ ਦੇ ਰਿਜ਼ਰਵੇਸ਼ਨ ਵਿਰੋਧੀ ਬਿਆਨ ਦੇ ਰੋਸ ਵਜੋਂ ਕਾਂਗਰਸ ਨੇ ਕੀਤਾ ਪੁਤਲਾ ਫੂਕ ਮੁਜਾਹਰਾ

**ਫਗਵਾੜਾ (ਬੀ ਕੇ ਰੱਤੂ)-** ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਲੋਂ ਐਸ.ਸੀ./ਐਸ.ਟੀ./ਓ.ਬੀ.ਸੀ. ਰਿਜਰਵੇਸ਼ਨ ਸਬੰਧੀ ਦਿੱਤੇ ਬਿਆਨ ਦੇ ਰੋਸ ਵਜੋਂ ਅੱਜ ਕਾਂਗਰਸ ਪਾਰਟੀ ਨੇ ਕ੍ਰਿਸ਼ਨ ਕੁਮਾਰ ਹੀਰੋ ਦੀ ਅਗਵਾਈ ਹੇਠ ਸਥਾਨਕ ਹਦੀਆਬਾਦ ਚੌਕ ਵਿਖੇ ਕੇਜਰੀਵਾਲ ਦਾ ਪੁਤਲਾ ਫੂਕ ਕੇ ਜਬਰਦਸਤ ਰੋਸ ਮੁਜਾਹਰਾ ਅਤੇ ਆਮ ਆਦਮੀ ਪਾਰਟੀ ਵਿਰੋਧੀ ਨਾਰੇਬਾਜੀ ਕੀਤੀ। ਇਸ ਮੋਕੇ ਵਿਸ਼ੇਸ਼ ਤੌਰ ਤੇ ਪਹੁੰਚੇ ਸਾਬਕਾ ਕੈਬਿਨੇਟ ਮੰਤਰੀ ਜੋਗਿੰਦਰ ਸਿੰਘ ਮਾਨ ਨੇ ਕਿਹਾ ਕਿ ਡਾ. ਅੰਬੇਡਕਰ ਨੇ ਐਸ.ਸੀ./ਐਸ.ਟੀ./ਓ.ਬੀ.ਸੀ. ਵਰਗ ਦੇ ਲੋਕਾਂ ਲਈ ਜੋ ਵਿਵਸਥਾ ਭਾਰਤੀ ਸੰਵਿਧਾਨ ਵਿਚ ਕੀਤੀ ਹੈ ਉਸ ਨਾਲ ਛੇੜਛਾੜ ਨਹੀਂ ਹੋਣ ਦਿੱਤੀ ਜਾਵੇਗੀ। ਉਹਨਾਂ ਕਿਹਾ ਕਿ ਕੇਜਰੀਵਾਲ ਨੇ ਰਿਜਰਵੇਸ਼ਨ ਵਿਰੋਧੀ ਬਿਆਨ ਦੇ ਕੇ ਆਪਣੀ



ਉਹਨਾਂ ਨੂੰ ਹੋਸ਼ ਵਿਚ ਆ ਜਾਣਾ ਚਾਹੀਦਾ ਹੈ। ਕਾਂਗਰਸ ਪਾਰਟੀ ਨੇ ਹਮੇਸ਼ਾ ਦਲਿਤਾਂ ਦੇ ਹਿਤਾਂ ਦੀ ਰਾਖੀ ਕੀਤੀ ਹੈ ਜਦਕਿ ਹੋਰ ਸਾਰੀਆਂ ਹੀ ਪਾਰਟੀਆਂ ਵਲੋਂ ਦਲਿਤਾਂ ਨੂੰ ਸਿਰਫ ਵੋਟ ਬੈਂਕ ਸਮਝ ਕੇ ਇਸਤੇਮਾਲ ਕੀਤਾ ਗਿਆ। ਪੰਜਾਬ ਦੇ ਮੌਜੂਦਾ ਅਕਾਲੀ-ਭਾਜਪਾ ਰਾਜ ਵਿਚ ਵੀ ਸੂਬੇ ਦਾ ਦਲਿਤ ਵਰਗ ਜਬਰ ਜੁਲਮ ਦਾ ਸ਼ਿਕਾਰ ਹੈ ਅਤੇ 'ਆਪ' ਦੀ ਦਲਿਤ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਕੀਤਾ ਹੈ ਅਤੇ ਜੋ ਲੋਕ ਪੰਜਾਬ ਵਿਚ 2017 ਦੀਆਂ ਵਿਧਾਨਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਦੇ ਸਬਜਬਾਗ ਦਾ ਸ਼ਿਕਾਰ ਹੋ ਰਹੇ ਸਨ ਦਲਿਤ ਵਿਰੋਧੀ ਮਾਨਸਿਕਤਾ ਵੀ ਸਾਹਮਣੇ ਆ ਗਈ ਹੈ। ਜਿਸ ਕਰਕੇ ਪੰਜਾਬ ਦਾ ਦਲਿਤ ਵਰਗ ਆਉਂਦੀਆਂ ਵਿਧਾਨਸਭਾ ਚੋਣਾਂ ਵਿਚ ਅਕਾਲੀ-ਭਾਜਪਾ ਅਤੇ ਆਮ ਆਦਮੀ ਪਾਰਟੀ ਨੂੰ ਮੂੰਹ ਨਹੀਂ ਲਗਾਏਗਾ। ਇਸ ਮੋਕੇ ਸੂਬਾ ਕਾਂਗਰਸ ਸਕੱਤਰ ਜਗਜੀਤ ਬਿੱਟੂ, ਪੀ.ਪੀ.ਸੀ.ਸੀ. ਮੈਂਬਰ ਮਨੀਸ਼ ਭਾਰਦਵਾਜ, ਬਲਾਕ ਫਗਵਾੜਾ ਸ਼ਹਿਰੀ ਦੇ ਪ੍ਰਧਾਨ ਸੰਜੀਵ ਬੁੱਗਾ ਕੌਂਸਲਰ, ਦਿਹਾਤੀ ਪ੍ਰਧਾਨ ਦਲਜੀਤ ਰਾਜੂ ਦਰਵੇਸ਼ ਪਿੰਡ, ਕੌਂਸਲਰ ਮਨੀਸ਼ ਪ੍ਰਭਾਕਰ, ਅਵਿਨਾਸ਼ ਗੁਪਤਾ ਬਾਸ਼ੀ, ਐਸ.ਸੀ. ਸੈਲ ਦਿਹਾਤੀ ਦੇ ਪ੍ਰਧਾਨ ਸੁਰਜੀਤ ਖੇੜਾ, ਅਵਤਾਰ ਸਿੰਘ ਪੰਡਵਾ, ਹਰਸਰੂਪ ਰਿਹਾਣਾ ਜੱਟਾਂ, ਜੋਗਿੰਦਰ ਪਾਲ ਭਬਿਆਣਾ, ਦੇਸ-ਰਾਜ ਝਮਟ, ਪਰਮਜੀਤ ਕੌਰ ਨਰੂੜ, ਸ਼ੋਕੀ ਰਾਮ, ਰੇਨੂ ਭੁੱਲਾਰਾਈ, ਸੰਤੋਖ ਰਾਏ ਨਰੂੜ, ਵਿੱਕੀ ਰਾਣੀਪੁਰ, ਅਮਰੀਕ ਸਿੰਘ ਮੌਲੀ, ਦਿਲਬਾਗ ਸਿੰਘ ਮਲਕਪੁਰ, ਲਾਡੀ ਬੋਹਾਨੀ, ਦਲਜੀਤ ਸਿੰਘ ਮਾਇਓਪੱਟੀ, ਪ੍ਰੀਤਮ ਸਿੰਘ ਨਰੂੜ, ਤੀਰਥ ਰਾਮ ਸਰਪੰਚ ਭੁੱਲਾਰਾਈ, ਸੁਰਿੰਦਰ ਪੱਪੀ ਮਸਤ ਨਗਰ, ਬਖਸ਼ੀ ਰਾਮ ਨਵੀਂ ਆਬਾਦੀ ਆਦਿ ਵੀ ਹਾਜਰ ਸਨ।

ਸੋਹੰ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## ਲੋਹੜੀ ਪ੍ਰੋਗਰਾਮ- ਜਨਵਰੀ 13, 2016

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 13 ਜਨਵਰੀ 2016 ਦਿਨ ਬੁੱਧਵਾਰ ਨੂੰ ਸ਼ਾਮੀ 6 ਵਜੇ ਲੋਹੜੀ ਮਨਾਈ ਜਾਵੇਗੀ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਦਿਨ ਆਪਣੇ ਪਰਿਵਾਰਾਂ ਅਤੇ ਦੋਸਤਾਂ ਮਿੱਤਰਾਂ ਨਾਲ ਗੁਰੂ ਘਰ ਵਿਖੇ ਦਰਸ਼ਨ ਦੇਣ। ਗੁਰੂ ਘਰ ਵਿਖੇ ਮਨਾਈ ਜਾ ਰਹੀ ਇਹ ਲਗਾਤਾਰ ਚੌਥੀ ਲੋਹੜੀ ਹੈ। ਨਵਜੰਮੇ ਬੱਚਿਆਂ ਦੇ ਮਾਪਿਆਂ ਨੂੰ ਵਿਸ਼ੇਸ਼ ਤੌਰ ਤੇ ਬੇਨਤੀ ਹੈ ਕਿ ਆਪਣੇ ਬੱਚੇ ਦੀ ਪਹਿਲੀ ਲੋਹੜੀ ਗੁਰੂ ਘਰ ਵਿਖੇ ਮਨਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਇਸ ਮੌਕੇ ਲੰਗਰ, ਪਾਠ ਅਤੇ ਪ੍ਰਸ਼ਾਦ ਦੀ ਸੇਵਾ ਸੰਗਤ ਵੱਲੋਂ ਕੀਤੀ ਜਾਵੇਗੀ। ਇਸ ਮੌਕੇ ਪੰਥ ਦੇ ਪ੍ਰਸਿੱਧ ਕੀਰਤਨੀ ਜਥੇ, ਸਤਿਕਾਰਿਤ ਬੁਲਾਰੇ ਅਤੇ ਕਮਿਊਨਿਟੀ ਲੀਡਰ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਅਤੇ ਉਹਨਾਂ ਦੇ ਆਦਰਸ਼ਾਂ ਬਾਰੇ ਸੰਗਤ ਨੂੰ ਜਾਣਕਾਰੀ ਦੇਣਗੇ। ਕੀਰਤਨ ਦੀਵਾਨ ਦਾ ਸਮਾਂ ਵਧਾਇਆ ਵੀ ਜਾ ਸਕਦਾ ਹੈ।



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੀਫੋਰਨੀਆ) WWW.SriGuruRavidassTemple.com

## ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ : ਫਰਵਰੀ 26 ਤੋਂ 28, 2016

ਸ੍ਰੀ ਗੁਰੂ ਰਵਿਦਾਸ ਸਭਾ ਕੈਲੇਫੋਰਨੀਆ, ਪਿਟਸਬਰਗ ਵੱਲੋਂ ਸਤਿਗੁਰੂ ਰਵਿਦਾਸ ਜੀ ਦਾ 639ਵਾਂ ਪ੍ਰਕਾਸ਼ ਦਿਹਾੜਾ 28 ਫਰਵਰੀ, 2016 ਨੂੰ ਗੁਰੂ ਘਰ ਵਿਖੇ ਮਨਾਇਆ ਜਾ ਰਿਹਾ ਹੈ।

### ਪ੍ਰੋਗਰਾਮਾਂ ਦਾ ਵੇਰਵਾ

ਆਰੰਭ ਸ੍ਰੀ ਅਖੰਡ ਪਾਠ ਸਾਹਿਬ
ਫਰਵਰੀ, 26, 2016 (ਸ਼ੁੱਕਰਵਾਰ) ਸਵੇਰੇ 9:30 ਵਜੇ
ਨਿਸ਼ਾਨ ਸਾਹਿਬ ਦੀ ਸੇਵਾ - ਫਰਵਰੀ 27, 2016 (ਸਨਿਚਰਵਾਰ)
ਭੋਗ ਸ੍ਰੀ ਅਖੰਡ ਪਾਠ ਸਾਹਿਬ - ਫਰਵਰੀ 28, 2016 (ਐਤਵਾਰ) 9:30 ਵਜੇ
ਕੀਰਤਨ ਦੀਵਾਨ - ਭੋਗ ਉਪਰੰਤ 2 ਵਜੇ ਦੁਪਹਿਰ ਤੱਕ

ਕਮੇਟੀ ਨੂੰ ਲੰਗਰ ਤਿਆਰ ਕਰਨ ਅਤੇ ਸੇਵਾ ਕਰਨ, ਗੁਰੂ ਘਰ ਨੂੰ ਸਾਫ ਸੁਥਰਾ ਰੱਖਣ, ਟਰੈਫਿਕ/ਪਾਰਕਿੰਗ, ਰਸੋਈ ਅਤੇ ਹੋਰ ਸੇਵਾ ਲਈ ਵਲੰਟੀਆਂ ਦੀ ਲੋੜ ਹੈ। ਜੋ ਕੋਈ ਇਸ ਸੇਵਾ ਦਾ ਚਾਹਵਾਨ ਹੋਵੇ, ਉਹ ਪ੍ਰਧਾਨ ਸੋਮ ਨਾਥ ਭਾਟੀਆ (408-499-0747) ਜਾਂ ਵਾਈਸ ਪ੍ਰਧਾਨ ਰਮੇਸ਼ ਸੁਮਨ (925-366-3618) ਜਾਂ ਜਨਰਲ ਸਕੱਤਰ ਦਿਲਬਾਗ ਸਿੰਘ (209-834-4611) ਨਾਲ ਸੰਪਰਕ ਕਰ ਸਕਦਾ ਹੈ।

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਨੂੰ ਇੰਮੀਗ੍ਰੇਸ਼ਨ ਦੇ ਮਸਲਿਆਂ ਤੇ ਲੋਕਾਂ ਦੀ ਮਦਦ ਲਈ ਇਕ ਇੰਮੀਗ੍ਰੇਸ਼ਨ ਅਟਾਰਨੀ ਅਤੇ ਸਿਹਤ ਨਾਲ ਸਬੰਧਤ ਸਵਾਲਾਂ ਦੇ ਜਵਾਬ ਲਈ ਡਾਕਟਰਾਂ ਦੇ ਗਰੁੱਪ ਦੀ ਲੋੜ ਹੈ। ਸਭਾ ਨੂੰ ਸਮਾਜ ਸੇਵੀ ਨਰਸਾਂ ਅਤੇ ਡਾਕਟਰਾਂ ਦੀ ਮਨੁੱਖਤਾ ਦੇ ਆਧਾਰ ਤੇ ਮਦਦ ਕਰਨ ਲਈ ਲੋੜ ਹੈ।

### ਸੰਗਤ ਦੇ ਸੇਵਾਦਾਰ

ਚੇਅਰਮੈਨ
ਸ਼ਿੰਦਰ ਪਾਲ ਨਰਬਟ
ਪ੍ਰਧਾਨ
ਸੋਮ ਨਾਥ ਭਾਟੀਆ
ਜਨਰਲ ਸਕੱਤਰ
ਦਿਲਬਾਗ ਸਿੰਘ
ਖਜਾਨਚੀ
ਜਸਵੀਰ ਚਾਹਲ

ਸਟਾਲਾਂ, ਲੰਗਰ ਜਾਂ ਹੋਰ ਸੇਵਾ ਦੇ ਲਈ ਸੰਪਰਕ ਕਰੋ

ਜਨਰਲ ਸਕੱਤਰ
ਦਿਲਬਾਗ ਸਿੰਘ
(209-834-4611)

ਚੇਅਰਮੈਨ
ਸ਼ਿੰਦਰਪਾਲ ਨਰਬਟ
(925-683-0178



# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.



Buy Quality Used Trucks

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ

ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ, ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।

ਅਸੀਂ ਮਿੱਟੀ ਲੋਡ ਕਰਨ ਵਾਲੇ ਟਰੱਕ ਵੀ ਵੇਚਦੇ ਹਾਂ।





Call : Dharminder Singh
Cell : 530-870-6600
Fax : 530-405-1429
Email: myfuturetruck@gmail.com
2535 Front St. West Sacramento, CA 95691

**ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਨਵਾਂ ਸਾਲ ਪੂਰਨ ਸ਼ਰਧਾ ਅਤੇ ਧੂੰਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ 700 ਦੇ ਕਰੀਬ ਸੰਗਤ ਹਾਜ਼ਰ ਹੋਈ। ਸਾਰੀ ਸੰਗਤ ਨੇ ਪੂਰਨ ਧਾਰਮਿਕ ਸ਼ਰਧਾ ਅਤੇ ਮਰਿਆਦਾ ਨਾਲ ਨਵੇਂ ਸਾਲ ਦਾ ਸਵਾਗਤ ਕੀਤਾ।ਇਸ ਮੌਕੇ ਕੀਰਤਨੀ ਜਥਿਆਂ ਨੇ ਰਸ ਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਰੂ ਜੀ ਦੀ ਬਾਣੀ ਨਾਂਲ ਜੋੜਿਆ।**















# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਨੇ ਨਵਾਂ ਸਾਲ ਧੂੰਮ-ਧਾਮ ਨਾਲ ਮਨਾਇਆ





ਬੀਤੇ ਐਤਵਾਰ ਗੁਰੂ ਘਰ ਦੀ ਮਰਿਆਦਾ ਅਨੁਸਾਰ ਜੇ ਕੋਈ ਸੰਗਤ ਦੇ ਰੂਪ ਵਿਚ ਬਾਹਰਲੇ ਮੁਲਕ ਤੋਂ ਗੁਰੂ ਘਰ ਆਉਂਦਾ ਹੈ ਤਾਂ ਉਹਨਾਂ ਨੂੰ ਸਿਰੋਪਿਆਂ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਗੁਰੂ ਘਰ ਦੇ ਟਰੱਸਟੀ ਮੈਂਬਰ ਸ੍ਰੀ ਦਿਆਲ ਰਾਮ ਨਰ, ਸਰਪੰਚ ਅਤੇ ਉਹਨਾਂ ਦੀ ਸੁਪਤਨੀ ਅਜੀਤ ਕੌਰ ਨਰ ਦਾ ਪੋਤਾ ਸਟੀਵ ਨਰ ਅਤੇ ਪੋਤਨੂੰਹ ਪਰਮਜੀਤ ਕੌਰ ਨਰ ਅਤੇ ਪੜਪੋਤਾ ਨਾਯਰ ਨਰ ਇੰਗਲੈਂਡ ਤੋਂ ਗੁਰੂ ਘਰ ਵਿਖੇ ਆਉਣ ਤੇ ਉਹਨਾਂ ਦਾ ਸਿਰੋਪੇ ਨਾਲ ਸਨਮਾਨ ਕੀਤਾ ਗਿਆ। ਇਸ ਸ਼ੁਭ ਦਿਹਾੜੇ ਤੇ ਸਟੇਜ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਜੀ ਅਤੇ ਦਲਵਿੰਦਰ ਰੱਲ੍ਹ ਨੇ ਨਿਭਾਈ। ਇਸ ਮੌਕੇ ਭਾਈ ਸਾਹਿਬ ਭਾਈ ਸ੍ਰੀ ਪ੍ਰਿਤਪਾਲ ਸਿੰਘ ਅਤੇ ਉਹਨਾਂ ਦੇ ਜਥੇ ਨੇ ਸਮੂਹ ਸੰਗਤ ਨੂੰ ਨਵੇਂ ਸਾਲ ਦੀ ਵਧਾਈ ਦਿੰਦਿਆਂ ਸ਼ਬਦ ਗਾਇਨ ਕੀਤਾ। ਇਸ ਮੌਕੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ ਗਈਆਂ ਅਤੇ ਆਉਣ ਵਾਲੇ ਸਮੇਂ ਲਈ ਸ਼ੁਭਕਾਮਨਾਵਾਂ ਕੀਤੀਆਂ। ਸ. ਗੁਰਦੀਪ ਸਿੰਘ ਹੀਰਾ ਨਵੇਂ ਸਾਲ ਦੀ ਆਮਦ ਤੇ ਧਾਰਮਿਕ ਗੀਤ/ਕਵਿਤਾਵਾਂ ਨਾਲ ਆਪਣੀ ਸਾਂਝ ਪਾਈ।

**ਬੇਟੀ ਤਕਸ਼ਿਲਾ ਸਪੁੱਤਰੀ ਸ੍ਰੀ ਪ੍ਰੇਮ ਕੁਮਾਰ ਚੁੰਬਰ ਅਤੇ ਸ੍ਰੀਮਤੀ ਨਰਿੰਦਰ ਕੌਰ ਚੁੰਬਰ ਦਾ ਸ਼ੁਭ ਵਿਆਹ ਬੇਟਾ ਆਕਾਸ਼ ਸਪੁੱਤਰ ਸ੍ਰੀ ਤਿਲਕ ਰਾਜ ਨਈਅਰ ਅਤੇ ਸ੍ਰੀਮਤੀ ਸਵਿਤਾ ਨਈਅਰ ਨਾਲ 18 ਅਕਤੂਬਰ 2015 ਨੂੰ ਬਹੁਤ ਹੀ ਚਾਵਾਂ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਧਾਰਮਿਕ ਰਹੁ-ਰੀਤਾਂ ਅਨੁਸਾਰ ਹੋਇਆ। ਅਦਾਰਾ 'ਦੇਸ਼ ਦੁਆਬਾ' ਦੋਵੇਂ ਪਰਿਵਾਰਾਂ ਨੂੰ ਹਾਰਦਿਕ ਵਧਾਈ ਦਿੰਦਾ ਹੈ।**



ਬੇਟੀ ਤਕਸ਼ਿਲਾ ਨੂੰ ਉਹਨਾਂ ਦੇ ਮਾਮੇ ਦਾ ਲੜਕਾ ਚੂੜਾ ਚੜ੍ਹਾਉਣ ਦੀ ਰਸਮ ਅਦਾ ਕਰਦਾ ਹੋਇਆ


ਤਕਸ਼ਿਲਾ ਦੀ ਦਾਦੀ ਮਾਤਾ ਬਿਸ਼ਨ ਕੌਰ ਆਸ਼ੀਰਵਾਰ ਦਿੰਦੇ ਹੋਏ।


ਬੇਟੀ ਤਕਸ਼ਿਲਾ ਨੂੰ ਭੂਆ ਲੈਕਚਰਾਰ ਨਿਰੰਜਣ ਕੌਰ ਤੇ ਫੁੱਫੜ ਪ੍ਰਿੰਸੀਪਲ ਅਸ਼ੋਕ ਕੁਮਾਰ ਲੱਧੜ ਆਸ਼ੀਰਵਾਦ ਦਿੰਦੇ ਹੋਏ।


ਬੇਟੀ ਤਕਸ਼ਿਲਾ ਆਪਣੇ ਮਾਤਾ-ਪਿਤਾ ਅਤੇ ਦਾਦੀ ਨਾਲ ਮਾਈਆਂ ਦੀ ਰਸਮ ਵੱਲ ਵਧਦੇ ਹੋਏ


ਤਕਸ਼ਿਲਾ ਆਪਣੇ ਮਾਤਾ-ਪਿਤਾ, ਨਾਨੀ ਪ੍ਰਕਾਸ਼ ਕੌਰ ਹੀਰਾ ਅਤੇ ਮਾਮਾ ਜੀ ਦੇ ਲੜਕੇ ਨਾਲ


ਤਕਸ਼ਿਲਾ ਆਪਣੇ ਦਾਦੀ ਜੀ, ਭੂਆ ਅਤੇ ਅੰਟੀ ਨਾਲ


ਤਕਸ਼ਿਲਾ ਆਪਣੀ ਤਾਈ ਜੀ ਸੰਤੋਸ਼ ਚੁੰਬਰ ਅਤੇ ਤਾਇਆ ਸ੍ਰੀ ਸੀ ਐਲ ਚੁੰਬਰ ਨਾਲ


ਤਕਸ਼ਿਲਾ ਆਪਣੇ ਮਾਤਾ-ਪਿਤਾ ਅਤੇ ਭਰਾ ਨਾਲ


ਤਕਸ਼ਿਲਾ ਆਪਣੇ ਚਾਚਾ ਤਰਸੇਮ ਚੁੰਬਰ ਅਤੇ ਚਾਚੀ ਰਣਜੀਤ ਚੁੰਬਰ ਅਤੇ ਭੈਣ ਮੀਰਾ ਨਾਲ


ਤਕਸ਼ਿਲਾ ਆਪਣੀ ਮਾਸੀ ਜੀ ਸਵਿੰਦਰ ਭਾਟੀਆ ਅਤੇ ਭਰਾ ਵਿਵੇਕ ਭਾਟੀਆ ਨਾਲ


ਤਕਸ਼ਿਲਾ ਆਪਣੀ ਭੂਆ ਰੇਸ਼ਮ ਕੌਰ ਮਹਿਮੀ ਅਤੇ ਕਜਨ ਡਾ ਨਮਰਤਾ ਮਹਿਮੀ ਨਾਲ


ਤਕਸ਼ਿਲਾ ਆਪਣੀ ਭੂਆ ਬਲਵਿੰਦਰ ਬੱਧਣ ਅਤੇ ਫੁੱਫੜ ਪ੍ਰਿੰਸੀਪਲ ਰਾਜ ਕੁਮਾਰ ਬੱਧਣ ਨਾਲ


ਤਕਸ਼ਿਲਾ ਆਪਣੀ ਛੋਟੀ ਭੂਆ ਨਰਿੰਜਣ ਕੌਰ ਲੱਧੜ (ਲੈਕਚਰਾਰ) ਅਤੇ ਭੈਣ ਨਾਲ


ਤਕਸ਼ਿਲਾ ਆਪਣੀ ਸਮੂਹ ਪਰਿਵਾਰਕ ਮੈਂਬਰਾਂ ਨਾਲ


ਐਕਸੀਅਨ ਸ੍ਰੀ ਸੀ ਐਲ ਮਾਨ ਆਪਣੀ ਸੁਪਤਨੀ ਨਾਲ


ਪ੍ਰੇਮ ਚੁੰਬਰ ਆਪਣੇ ਸਾਂਢੂ ਸ੍ਰੀ ਐਸ ਐਮ ਭਾਟੀਆ (ਸੀਨੀਅਰ ਮੈਨੇਜਰ ਇੰਸ਼ੋਰੈਂਸ) ਅਤੇ ਅਫਸਰ ਪ੍ਰੇਮ ਪਾਲ ਗੰਗੜ ਨਾਲ


ਤਕਸ਼ਿਲਾ ਆਪਣੇ ਭਰਾਵਾਂ ਨਾਲ


ਤਕਸ਼ਿਲਾ ਆਪਣੇ ਭੈਣ-ਭਰਾਵਾਂ ਦੇ ਨਾਲ


ਸ੍ਰੀਮਤੀ ਹਰਭਜਨ ਕੌਰ ਪਰਿਵਾਰ ਸਮੇਤ ਮਾਤਾ ਬਿਸਨ ਕੌਰ ਨਾਲ


ਜਾਗੋ ਦੀ ਰਸਮ

**ਬੇਟੀ ਤਕਸ਼ਿਲਾ ਸਪੁੱਤਰੀ ਸ੍ਰੀ ਪ੍ਰੇਮ ਕੁਮਾਰ ਚੁੰਬਰ ਅਤੇ ਸ੍ਰੀਮਤੀ ਨਰਿੰਦਰ ਕੌਰ ਚੁੰਬਰ ਦਾ ਸ਼ੁਭ ਵਿਆਹ ਬੇਟਾ ਆਕਾਸ਼ ਸਪੁੱਤਰ ਸ੍ਰੀ ਤਿਲਕ ਰਾਜ ਨਈਅਰ ਅਤੇ ਸ੍ਰੀਮਤੀ ਸਵਿਤਾ ਨਈਅਰ ਨਾਲ 18 ਅਕਤੂਬਰ 2015 ਨੂੰ ਬਹੁਤ ਹੀ ਚਾਵਾਂ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਧਾਰਮਿਕ ਰਹੁ-ਰੀਤਾਂ ਅਨੁਸਾਰ ਹੋਇਆ। ਅਦਾਰਾ 'ਦੇਸ਼ ਦੁਆਬਾ' ਦੋਵੇਂ ਪਰਿਵਾਰਾਂ ਨੂੰ ਹਾਰਦਿਕ ਵਧਾਈ ਦਿੰਦਾ ਹੈ।**


ਸੁਖਮਨੀ ਸਾਹਿਬ ਦੇ ਪਾਠ ਸਮੇਂ ਇਕੱਤਰ ਸੰਗਤਾਂ






ਗ੍ਰੰਥੀ ਸਿੰਘ ਭਾਈ ਸਾਹਿਬ ਅਰਦਾਸ ਕਰਦੇ ਹੋਏ


ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਡਾ ਰਘਬੀਰ ਕੌਰ ਵਿਚਾਰ ਸਾਂਝੇ ਕਰਦੇ ਹੋਏ


ਸ੍ਰੀ ਸੀ ਐਲ ਚੁੰਬਰ ਆਪਣੇ ਵਿਚਾਰ ਸਾਂਝੇ ਕਰਦੇ ਹੋਏ


ਮਾਣਯੋਗ ਲੱਛਮਣ ਦਾਸ ਬੱਧਣ ਵਿਚਾਰ ਸਾਂਝੇ ਕਰਦੇ ਹੋਏ

ਵਿਆਹ ਦੇ ਸ਼ੁਭ ਮੌਕੇ ਪਰਿਵਾਰ ਵੱਲੋਂ ਆਪਣੀਆਂ ਸਮਾਜਿਕ ਰੁਚੀਆਂ ਵੀ ਜਾਰੀ ਰੱਖੀਆਂ।



ਡਾ. ਜਸਵੰਤ ਰਾਏ ਸਾਹਰੀ ਦੀ ਕਿਤਾਬ 'ਕੌਮ ਦਾ ਸਿਤਾਰਾ ਬਾਬੂ ਹਰਨਾਮ ਸਿੰਘ' ਡਾ ਰਘਬੀਰ ਕੌਰ ਰਿਲੀਜ਼ ਕਰਦੇ ਹੋਏ।






ਬੇਟਾ ਅਕਾਸ਼ ਆਪਣੀ ਮਾਤਾ ਅਤੇ ਹੋਰ ਪਰਿਵਾਰਕ ਮੈਂਬਰਾਂ ਨਾਲ ਜਾਗੋ ਦੀ ਰਸਮ ਨਿਭਾਉਂਦੇ ਹੋਏ।




ਤਕਸ਼ਿਲਾ ਜਾਗੋ ਦੇ ਨਾਲ




ਪਰਿਵਾਰਕ ਮੈਂਬਰ ਤੇ ਰਿਸ਼ਤੇਦਾਰ ਜਾਗੋ ਦੀ ਰਸਮ ਵੇਲੇ ਖੁਸੀਆਂ ਸਾਂਝੀਆਂ ਕਰਦੇ ਹੋਏ













ਨਵਾਂ ਸਾਲ 2016 ਦੀਆਂ ਲੱਖ-ਲੱਖ ਮੁਬਾਰਕਾਂ। ਆਪ ਸਭ ਲਈ ਇਹ ਸਾਲ ਖੁਸ਼ੀਆਂ-ਖੇੜਿਆਂ ਭਰਪੂਰ ਹੋਵੇ। ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਸਾਰੀ ਮਨੁੱਖਤਾ ਸਾਲ 2016 ਵਿਚ ਖੁਸ਼ੀ ਅਤੇ ਸੁਖੀ ਜੀਵਨ ਬਤੀਤ ਕਰੇ।



Happy New Year
2016

ਵਿਨੋਦ ਕੁਮਾਰ ਚੁੰਬਰ
ਵਾਈਸ ਚੇਅਰਮੈਨ
ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ, ਕੈਲੇਫੋਰਨੀਆ



ਵਿਨੋਦ ਕੁਮਾਰ ਚੁੰਬਰ ਆਪਣੇ ਪਰਿਵਾਰ ਨਾਲ

ਨਵਾਂ ਸਾਲ 2016 ਦੀਆਂ ਲੱਖ-ਲੱਖ ਮੁਬਾਰਕਾਂ। ਆਪ ਸਭ ਲਈ ਇਹ ਸਾਲ ਖੁਸ਼ੀਆਂ-ਖੇੜਿਆਂ ਭਰਪੂਰ ਹੋਵੇ। ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਸਾਰੀ ਮਨੁੱਖਤਾ ਸਾਲ 2016 ਵਿਚ ਖੁਸ਼ੀ ਅਤੇ ਸੁਖੀ ਜੀਵਨ ਬਤੀਤ ਕਰੇ।

Happy New Year 2016

Lashkar Singh Badhan



Ex Chairman,
Shri Guru Ravidass Sabha
Sacramento (California)

916-300-9060




ਸ: ਲਸ਼ਕਰ ਸਿੰਘ ਬੱਧਣ ਅਤੇ ਸਮੂਹ ਪਰਿਵਾਰ

## ਪ੍ਰਿੰਸੀਪਲ ਸੰਤ ਸਿੰਘ ਸੇਖੋਂ ਦੇ ਨਾਂ 'ਤੇ ਪੁਰਸਕਾਰ ਆਰੰਭਤਾ ਨੂੰ ਸਮਰਪਿਤ

# ‘ਪੰਜਾਬੀ ਸਾਹਿਤ ਦੇ ਇਤਿਹਾਸ ਦਾ ਬਾਬਾ ਬੋਹੜ’



ਪ੍ਰੋ: ਐਚ.ਐਲ.ਕਪੂਰ
001- 916- 587-4002

ਮੇਰੇ ਪਾਠਕ ਵੀਰਾਂ, ਭੈਣਾਂ ਤੇ ਸਾਹਿਤ ਪ੍ਰੇਮੀਆਂ ਨੂੰ ਇਹ ਜਾਣ ਕੇ ਬੜੀ ਖੁਸ਼ੀ ਤੇ ਫਖ਼ਰ ਮਹਿਸੂਸ ਹੋਵੇਗਾ ਕਿ ਅਮਰੀਕਾ 'ਚ 2005 ਤੋਂ ਅੱਜ ਤੱਕ ਲਗਾਤਾਰ ਹਰ ਸਾਲ 'ਧੀਆਂ ਦੀ ਲੋਹੜੀ/ ਬੇਬੀ ਡੇਅ' ਮਨਾਉਣਾ ਸ਼ੁਰੂ ਕਰਨ ਵਾਲੀਆਂ ਸੰਸਥਾਵਾਂ, 'ਇੰਟਰਨੈਸ਼ਨਲ ਸਿੱਖ ਸਾਹਿਤ ਸਭਾ' ਤੇ 'ਦਲ ਖਾਲਸਾ ਅਲਾਇੰਸ' ਵੱਲੋਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਸੇਵਾ ਕਰਨ ਵਾਲੀਆਂ ਉੱਘੀਆਂ ਸ਼ਖਸੀਅਤਾਂ ਨੂੰ ਹਰ ਸਾਲ ਉਕਤ ਮੌਕੇ 'ਤੇ, ਭਾਰਤ ਦੇ ਮਹਾਨ ਸਪੂਤ, ਪੰਜਾਬੀ ਸਾਹਿਤ ਦੇ ਮਹਾਨ ਵਿਦਵਾਨ ਤੇ ਚਿੰਤਕ 'ਪ੍ਰਿੰਸੀਪਲ ਸਰਦਾਰ ਸੰਤ ਸਿੰਘ ਸੇਖੋਂ ਪੁਰਸਕਾਰ' ਨਾਲ ਸਨਮਾਨਿਤ ਕੀਤਾ ਜਾਇਆ ਕਰੇਗਾ। ਮੈਨੂੰ ਅਜਿਹੇ ਮਹਾਨ ਵਿਅਕਤਿੱਤਵ ਦੇ ਮਾਲਕ ਤੇ ਪੰਜਾਬੀ ਸਾਹਿਤ ਦੇ ਮਹਾਨ ਵਿਦਵਾਨ 'ਤੇ ਉਹਨਾਂ ਦੀਆਂ ਪੰਜਾਬੀ ਸਾਹਿਤ 'ਚ ਕੀਤੀਆਂ ਬੇਜੋੜ ਪ੍ਰਾਪਤੀਆਂ ਤੇ ਲੇਖ ਲਿਖਦਿਆਂ ਬੜਾ ਫਖ਼ਰ ਮਹਿਸੂਸ ਹੋ ਰਿਹਾ ਹੈ। ਮੇਰੀ ਆਪਣੀ ਵਿਚਾਰਧਾਰਾ ਦੇ ਪ੍ਰੇਰਨਾ ਸਰੋਤ ਵੀ ਪ੍ਰਿੰਸੀਪਲ ਸਰਦਾਰ ਸੰਤ ਸਿੰਘ ਜੀ ਸੇਖੋਂ ਹੀ ਹਨ।

ਪ੍ਰਿੰਸੀਪਲ ਸਰਦਾਰ ਸੰਤ ਸਿੰਘ ਸੇਖੋਂ ਦੇ ਨਾਮ ਨਾਲ ਇਹ ਲਿਖਣਾ ਕਿ ਉਹ ਇਕ ਮਹਾਨ ਦਾਰਸ਼ਨਿਕ, ਪ੍ਰਤਿਭਾਵਾਨ ਤੇ ਸ੍ਰੇਸ਼ਟ ਬੁੱਧੀ ਵਾਲੇ ਵਿਅਕਤਿੱਤਵ ਦੇ ਮਾਲਕ ਸਨ, ਕੋਈ ਅਤਿਕਥਨੀ ਨਹੀਂ ਹੋਵੇਗੀ। ਉਨ੍ਹਾਂ ਨੂੰ ਬਹੁ-ਪੱਖੀ ਪ੍ਰਤਿਭਾ ਦੇ ਮਾਲਕ ਤੇ ਇਕ ਮਹਾਨ ਚਿੰਤਕ ਹੋਣਾ ਵੀ ਨਿਰਸੰਕੋਚ ਕਿਹਾ ਜਾ ਸਕਦਾ ਹੈ। ਉਹ ਇਕ ਉੱਚ ਕੋਟੀ ਦੇ ਕਵੀ, ਨਾਟਕਕਾਰ, ਕਹਾਣੀਕਾਰ, ਗਲਪਕਾਰ, ਇਤਿਹਾਸਕਾਰ, ਆਲੋਚਕ ਅਤੇ ਅਨੁਵਾਦਕ ਸਨ। ਜਿੱਥੋਂ ਤੱਕ ਉਨ੍ਹਾਂ ਦੇ ਇਕ ਆਲੋਚਕ ਹੋਣ ਦੀ ਗੱਲ ਹੈ, ਇਹ ਬਿਲਕੁਲ ਦਰੁੱਸਤ ਹੈ ਕਿ ਉਹ ਆਧੁਨਿਕ ਪੰਜਾਬੀ ਆਲੋਚਨਾ ਦੇ ਬਾਨੀ ਸਨ। ਉਹ 'ਪੰਜਾਬੀ ਸਾਹਿਤ ਦੇ ਇਤਿਹਾਸ' ਨੂੰ ਅੰਗਰੇਜ਼ੀ ਭਾਸ਼ਾ 'ਚ ਲਿਖਣ ਵਾਲੇ ਇਕ ਸੰਵੇਦਨਸ਼ੀਲ ਲਿਖਾਰੀ ਸਨ ਭਾਵੇਂ ਕਿ ਅੰਗਰੇਜ਼ੀ 'ਚ 'ਪੰਜਾਬੀ ਸਾਹਿਤ ਦੇ ਇਤਿਹਾਸ' ਨੂੰ ਸਭ ਤੋਂ ਪਹਿਲਾਂ ਡਾ: ਮੋਹਨ ਸਿੰਘ ਦੀਵਾਨਾ ਨੇ ਲਿਖਿਆ, ਤਾਂ ਕਿ ਅੰਗਰੇਜ਼ੀ ਪੜ੍ਹੇ-ਲਿਖੇ ਲੋਕ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਅਮੀਰੀ ਨੂੰ ਜਾਣ ਸਕਣ। ਡਾ: ਦੀਵਾਨਾ ਦੇ ਅੰਗਰੇਜ਼ੀ 'ਚ ਲਿਖੇ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਨਾਂ ਹੈ 'ਐਨ ਇੰਨਟਰੋਡਕਸ਼ਨ ਟੂ ਦੀ ਸਟੱਡੀ ਆਫ ਪੰਜਾਬੀ ਲਿਟਰੇਚਰ'। ਪ੍ਰਿੰਸੀਪਲ ਸੰਤ ਸਿੰਘ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 'ਪੰਜਾਬੀ ਸਾਹਿਤ ਦਾ ਇਤਿਹਾਸ' ਛੇ ਜਿਲਦਾਂ 'ਚ ਲਿਖਣ ਲਈ ਆਖਿਆ ਪਰ ਉਹ 1997 'ਚ ਆਪਣੀ ਹੋਈ ਮੌਤ ਤੋਂ ਪਹਿਲਾਂ ਇਸ ਦੀਆਂ ਦੋ ਜਿਲਦਾਂ ਹੀ ਪੂਰੀਆਂ ਕਰ ਸਕੇ। ਪੰਜਾਬੀ ਭਾਸ਼ਾ ਦੇ ਇਤਿਹਾਸ ਦੀਆਂ ਭੂਗੋਲਿਕ ਸੀਮਾਵਾਂ ਤੇ ਸੱਭਿਆਚਾਰ ਬਾਰੇ ਵੀ ਉਨ੍ਹਾਂ ਨੇ ਲਿਖਿਆ। ਪੰਜਾਬੀ ਭਾਸ਼ਾ 'ਚ ਲਿਖੀ ਹੋਈ ਸਵੈ-ਜੀਵਨੀ 'ਜੀਵਨ ਦਾ ਪੰਧ' ਪੰਜਾਬੀ ਸਾਹਿਤ ਦੇ ਇਤਿਹਾਸ 'ਚ ਇਕ ਮੀਲ ਪੱਥਰ ਸਾਬਤ ਹੋਏ। ਉਹ ਪੰਜਾਬੀ ਤੋਂ ਅੰਗਰੇਜ਼ੀ 'ਚ ਅਨੁਵਾਦ ਤੇ ਅੰਗਰੇਜ਼ੀ ਤੋਂ ਪੰਜਾਬੀ 'ਚ ਅਨੁਵਾਦ ਕਰਨ ਦੇ ਨਿਪੁੰਨ ਅਨੁਵਾਦਕ ਸਨ। ਉਨ੍ਹਾਂ ਨੇ ਪੰਜਾਬ ਦੇ ਉਗਰਵਾਦ ਦੇ ਕਾਲੇ ਦੌਰ ਦੀ ਰਾਜਨੀਤੀ ਦੀ ਬੜੇ ਕੜੇ ਸ਼ਬਦਾਂ 'ਚ ਆਲੋਚਨਾ ਕੀਤੀ ਸੀ। ਇਸ ਨੂੰ ਅੱਜ ਵੀ ਪੜ੍ਹਿਆ ਜਾ ਸਕਦਾ ਹੈ। ਉਹਨਾਂ ਨੇ ਕਈ ਕਿਤਾਬਾਂ ਦਾ ਦੋਹਾਂ ਹੀ ਭਾਸ਼ਾਵਾਂ ਵਿਚ ਅਨੁਵਾਦ ਕੀਤਾ।

ਅਗਰ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਦੇ ਪੂਰਵਜ, ਸਮਕਾਲੀਨ ਤੇ ਉਨ੍ਹਾਂ ਦੇ ਜਾਨਸ਼ੀਨ ਸਾਹਿਤਕਾਰਾਂ ਦਾ ਮੁਲਾਂਕਣ ਕੀਤਾ ਜਾਵੇ ਤਾਂ ਇਨ੍ਹਾਂ ਨੂੰ ਉਨ੍ਹਾਂ ਸਭ ਨਾਲੋਂ ਵਿਵੇਕਸ਼ੀਲ ਭਾਵ ਬੁੱਧੀਮਾਨਤਾ ਦਾ ਗੁਣਵਾਚਕ ਵਿਸ਼ੇਸ਼ਣ ਲਾ ਕੇ ਪੁਕਾਰਿਆ ਜਾ ਸਕਦਾ ਹੈ। ਫਿਰ ਵੀ, ਸਿੱਖ ਗੁਰੂ ਸਾਹਿਬਾਨ ਖਾਸ ਤੌਰ ਤੇ ਉਨ੍ਹਾਂ ਗੁਰੂ ਸਾਹਿਬਾਨ, ਜਿਨ੍ਹਾਂ ਨੇ ਚੁਣੌਤੀਆਂ ਦਾ ਬੜੇ ਤਕੜੇ ਹੋ ਕੇ ਬੁੱਧੀਮਤਾ ਤੇ ਕੁਰਬਾਨੀਆਂ ਦੇ ਕੇ ਸਾਹਮਣਾ ਕੀਤਾ, ਸੇਖੋਂ ਸਾਹਿਬ ਨੇ ਦਾਨਸ਼ਵਰੀ ਤੇ ਬੁੱਧੀਮਤਾ 'ਚ ਉਨ੍ਹਾਂ ਦਾ ਦਰਜਾ ਸਭ ਤੋਂ ਸਰਵੋਤਮ ਰੱਖਿਆ। ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਬਾਨੀ ਤੇ ਇਕ ਵੱਡੇ ਸੰਤ ਕਵੀ ਸਨ, ਗੁਰੂ ਅਰਜਨ ਦੇਵ ਜੀ ਜਿਨ੍ਹਾਂ ਨੇ 'ਆਦਿ ਗ੍ਰੰਥ' ਲਿਖਵਾਇਆ ਤੇ ਉਹ ਆਪ ਵੀ ਇਕ ਵੱਡੇ ਸੰਤ ਕਵੀ ਤੇ ਬ੍ਰਹਮ ਗਿਆਨੀ ਸਨ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸਾ ਪੰਥ' ਦੀ ਰੱਖੀ ਤੇ ਸਿੱਖ ਧਰਮ ਨੂੰ ਬਾਕੀ ਸਭ ਧਰਮਾਂ ਨਾਲੋਂ ਵੱਖਰੀ ਪਹਿਚਾਣ ਦਿੱਤੀ ਤੇ ਦਸਮ ਪਾਤਸ਼ਾਹ ਆਪ ਖੁਦ ਵੀ ਇਕ ਮਹਾਨ ਸੰਤ-ਸਿਪਾਹੀ ਤੇ ਮਹਾਨ ਕਵੀ ਵੀ ਸਨ। ਭਾਈ ਗੁਰਦਾਸ ਜੀ ਜਿਨ੍ਹਾਂ ਦੇ ਕਾਵਿ ਨੂੰ 'ਗੁਰਬਾਣੀ ਦੀ ਕੁੰਜੀ' ਦਾ ਦਰਜਾ ਪ੍ਰਾਪਤ ਹੈ, ਨੂੰ ਵੀ ਸੇਖੋਂ ਸਾਹਿਬ ਨੇ ਉੱਤਮ ਦਰਜੇ 'ਤੇ ਰੱਖਿਆ ਹੈ। ਵੀਹਵੀਂ ਸਦੀ 'ਚ ਭਾਈ ਵੀਰ ਸਿੰਘ ਜੀ ਦੀ ਤਾਰੀਫ਼ ਕਰਦਿਆਂ ਉਹ, ਉਨ੍ਹਾਂ ਨੂੰ ਪੰਜਾਬੀ ਸਾਹਿਤ ਦੇ ਆਧੁਨਿਕ ਕਾਵਿ ਦਾ ਮੋਢੀ ਤੇ ਕੁਦਰਤ ਦਾ ਵੱਡਾ ਕਵੀ ਕਹਿੰਦੇ ਹਨ ਤੇ ਪ੍ਰੋ: ਮੋਹਨ ਸਿੰਘ ਦੀ ਤਾਰੀਫ਼ ਕਰਦਿਆਂ ਸੇਖੋਂ ਸਾਹਿਬ ਉਹਨਾਂ ਨੂੰ ਵੀਹਵੀਂ ਸਦੀ ਦਾ ਵੱਡਾ ਪ੍ਰਗਤੀਵਾਦੀ ਕਵੀ ਕਹਿੰਦੇ ਹਨ, ਜਿਹਨਾਂ ਨੇ ਪੰਜਾਬੀ ਕਵਿਤਾ 'ਚ ਸਮਾਜਵਾਦੀ-ਯਥਾਰਥਵਾਦੀ ਵਿਸ਼ਿਆਂ ਤੇ ਕਵਿਤਾ ਲਿਖੀ ਤੇ ਪੰਜਾਬੀ ਕਵਿਤਾ ਨੂੰ ਅਧਿਆਤਮਵਾਦੀ ਜਿੱਲ੍ਹਣ 'ਚੋਂ ਕੱਢ ਕੇ ਆਮ ਮਨੁੱਖ ਦੀਆਂ ਕਦਰਾਂ-ਕੀਮਤਾਂ ਨਾਲ ਜੋੜ ਕੇ ਪੰਜਾਬੀ ਕਵਿਤਾ ਦੇ ਵਿਸ਼ੇ-ਵਸਤੂ ਨੂੰ ਬੁਲੰਦੀਆਂ 'ਤੇ ਪਹੁੰਚਾਇਆ। ਸਾਹਿਤਕ ਖੇਤਰ ਤੋਂ ਹਟ ਕੇ ਉਨ੍ਹਾਂ ਅੰਮ੍ਰਿਤਾ ਸ਼ੇਰਗਿੱਲ ਨੂੰ ਕਲਾ ਦੇ ਖੇਤਰ 'ਚ ਇਕ ਮਹਾਨ ਬੁੱਧੀਵਾਨ ਕਲਾਕਾਰ ਕਿਹਾ, ਜਿਸ ਦੀ ਮਿਸਾਲ ਕਲਾ ਦੇ ਖੇਤਰ 'ਚ ਹੋਰ ਕਿਤੇ ਘੱਟ ਹੀ ਮਿਲਦੀ ਹੈ। ਇਨ੍ਹਾਂ ਉਕਤ ਸ਼ਖਸੀਅਤਾਂ ਦਾ ਜੀਵਨ ਕਾਲ ਖਤਮ ਹੋਣ ਉਪਰੰਤ ਅਗਰ ਕਿਸੇ ਨੂੰ ਸਰਬ-ਸ੍ਰੇਸ਼ਟਤਾ ਤੇ ਉੱਚੀ ਵਿਦਵਤਾ ਤੇ ਪ੍ਰਤਿਭਾ ਵਾਲੇ ਵਿਦਵਾਨ ਲੇਖਕ ਦਾ ਦਰਜਾ ਪ੍ਰਾਪਤ ਹੋਇਆ ਹੈ ਤਾਂ ਉਹ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਜੀ ਹੀ ਹਨ। ਅਜਿਹੀ ਬੁੱਧੀਮਤਾ ਹੋਣ ਕਾਰਨ ਹੀ ਪੰਜਾਬੀ ਸਾਹਿਤ ਜਗਤ ਉਨ੍ਹਾਂ ਨੂੰ ਪਿਆਰ ਤੇ ਸਤਿਕਾਰ ਨਾਲ 'ਬਾਬਾ ਬੋਹੜ' ਦੇ ਨਾਮ ਨਾਲ ਵੀ ਯਾਦ ਕਰਦਾ ਹੈ।

ਪ੍ਰਿੰਸੀਪਲ ਸੰਤ ਸਿੰਘ ਸੇਖੋਂ (1908-1997) ਦਾ ਜਨਮ ਚੱਕ ਨੰਬਰ 70 ਜ਼ਿਲ੍ਹਾ ਲਾਇਲਪੁਰ ਹੁਣ ਪਾਕਿਸਤਾਨ 'ਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਸਰਦਾਰ ਹੁਕਮ ਸਿੰਘ ਤੇ ਉਨ੍ਹਾਂ ਦਾ ਜੱਦੀ ਪਿੰਡ ਦਾਖਾ, ਜ਼ਿਲ੍ਹਾ ਲੁਧਿਆਣਾ ਹੈ। ਉਨ੍ਹਾਂ ਦੀ ਪੁਸ਼ਤੈਨੀ ਜਾਇਦਾਦ ਕੋਈ 80 ਵਿਘੇ ਦੇ ਕਰੀਬ ਇਸ ਪਿੰਡ 'ਚ ਹੈ। ਪਰ ਇਹ ਜ਼ਮੀਨ ਇੰਨੀ ਜ਼ਿਆਦਾ ਵੀ ਨਹੀਂ ਸੀ ਜਿਹੜੀ ਕਿ ਇਹ ਵੱਡੇ ਪਰਿਵਾਰ ਦਾ ਚੰਗੀ ਤਰ੍ਹਾਂ ਗੁਜ਼ਾਰਾ ਚਲਾ ਸਕੇ, ਪ੍ਰੰਤੂ ਉਨ੍ਹਾਂ ਦਿਨਾਂ 'ਚ ਇਹ ਜ਼ਮੀਨ ਵਾਹੀਯੋਗ ਸੀ ਪਰ ਜਿਹੜਾ ਹਿੱਸਾ ਜ਼ਮੀਨ ਦਾ ਇਨ੍ਹਾਂ ਨੂੰ ਹਿੱਸੇ 'ਚ ਮਿਲਿਆ, ਉਸ 'ਚ ਇਹਨਾਂ ਦੇ ਪਰਿਵਾਰ ਦਾ ਗੁਜ਼ਾਰਾ ਕਰਨਾ ਮੁਸ਼ਕਿਲ ਸੀ। ਜਿਉਂ ਹੀ ਅੰਗਰੇਜ਼ ਸਰਕਾਰ ਨੇ ਪੰਜਾਬ ਦੇ ਪੱਛਮ ਵੱਲ ਨਹਿਰਾਂ ਦੀ ਖੁਦਾਈ ਕਰਕੇ ਜ਼ਮੀਨ ਦੀ ਸਿੰਚਾਈ ਦਾ ਪ੍ਰਬੰਧ ਕੀਤਾ ਤਾਂ ਇਹਨਾਂ ਦੇ ਪਰਿਵਾਰ ਤੇ ਇਹਨਾਂ ਦੇ ਆਲੇ-ਦੁਆਲੇ ਦੇ ਲੋਕਾਂ ਨੇ ਲਾਇਲਪੁਰ ਜ਼ਿਲ੍ਹੇ ਦੇ ਨਵੇਂ ਆਬਾਦ ਹੋ ਰਹੇ ਇਲਾਕੇ 'ਚ ਜ਼ਿਆਦਾ ਜ਼ਮੀਨ ਪ੍ਰਾਪਤ ਕਰਨ ਲਈ ਜਾਣਾ ਸ਼ੁਰੂ ਕਰ ਦਿੱਤਾ ਪਰ ਅਸਲ 'ਚ ਕਿਸਮਤ ਦਾ ਚੱਕਰ ਦੇਖੋ, ਚੱਕ ਨੰਬਰ 70 'ਚ ਜਾ ਵੱਸਣ ਉਪਰੰਤ ਸਰਕਾਰ ਨੇ ਉਹਨਾਂ ਨੂੰ ਨੌਂਹ ਤੇ ਰੱਖਣ ਜੋਗੀ ਵੀ ਜ਼ਮੀਨ, ਵਾਹੀ ਕਰਨ ਵਾਸਤੇ ਨਾ ਦਿੱਤੀ ਪ੍ਰੰਤੂ ਹੁਕਮ ਸਿੰਘ ਦੇ ਬਹਿਨੋਈ (ਭੈਣ ਦਾ ਪਤੀ) ਇਕ ਨੇਕ ਦਿਲ ਇਨਸਾਨ ਸੀ, ਉਸ ਨੇ ਆਪਣੀ ਜ਼ਮੀਨ 'ਚੋਂ ਕੁਝ ਹਿੱਸਾ ਵਾਹੀ ਕਰਨ ਵਾਸਤੇ ਇਨ੍ਹਾਂ ਨੂੰ ਦੇ ਦਿੱਤਾ।



ਪ੍ਰੋ: ਸੇਖੋਂ ਸਾਹਿਬ ਦੇ ਮਾਤਾ ਜੀ ਜਿਹਨਾਂ ਦਾ ਨਾਂ ਸ੍ਰੀਮਤੀ ਪ੍ਰੇਮ ਕੌਰ ਸੀ। ਸੇਖੋਂ ਸਾਹਿਬ ਨੇ ਉਨ੍ਹਾਂ ਨੂੰ ਆਪਣੀ ਸੰਸਾਰ ਪ੍ਰਸਿੱਧਤਾ ਹਾਸਲ ਕਰ ਚੁੱਕੀ ਕਹਾਣੀ 'ਪੇਮੀ ਦੇ ਨਿਆਣੇ' 'ਚ ਇਕ ਮੁੱਖ ਪਾਤਰ ਵਜੋਂ ਪੇਸ਼ ਕੀਤਾ ਹੈ ਉਹ ਵੀ ਲੁਧਿਆਣਾ ਜ਼ਿਲ੍ਹੇ ਦੇ ਹੀ ਇਕ ਪਿੰਡ ਦੇ ਜੰਮਪਲ ਸਨ। ਉਨ੍ਹਾਂ ਦੇ ਮਾਤਾ ਜੀ ਉਨ੍ਹਾਂ ਦਿਨਾਂ 'ਚ 'ਸਿੰਘ ਸਭਾ ਲਹਿਰ' ਦੇ ਪ੍ਰਭਾਵ 'ਚ ਆ ਕੇ, ਉਸ 'ਚ ਸ਼ਾਮਲ ਹੋ ਗਏ। ਉਨ੍ਹਾਂ ਦਿਨਾਂ 'ਚ 'ਸਿੰਘ ਸਭਾ ਲਹਿਰ' ਇਸ ਕਰਕੇ ਹੋਂਦ 'ਚ ਆਈ ਸੀ ਕਿ ਸਿੱਖ ਧਰਮ 'ਤੇ ਇਸਾਈ ਧਰਮ ਦਾ ਪ੍ਰਭਾਵ ਨਾ ਪਏ ਤੇ ਸਿੱਖ ਧਰਮ 'ਚ ਹੋਰ ਸੁਧਾਰ ਕਰਨਾ ਵੀ ਇਸ ਸਿੰਘ ਸਭਾ ਦਾ ਮਕਸਦ ਸੀ। ਇਹਨਾਂ ਦੀ ਮਾਤਾ ਜੀ ਤੇ ਉਸ ਦਾ ਪਿਛਲਾ ਪਰਿਵਾਰ ਸਿੰਘ ਸਭਾ ਲਹਿਰ ਦੀਆਂ ਸਰਗਰਮੀਆਂ 'ਚ ਹਿੱਸਾ ਲੈਣ ਕਰਕੇ ਇਸ 'ਚ ਇਕ ਅਹਿਮ ਸਥਾਨ ਰੱਖਦਾ ਸੀ। ਇਸ ਕਰਕੇ ਉਨ੍ਹਾਂ ਦੀ ਮਾਤਾ ਜੀ 'ਚ ਉਨ੍ਹਾਂ ਦਿਨਾਂ 'ਚ ਸਿੰਘ ਸਭਾ ਦੀਆਂ ਸਾਰੀਆਂ ਯੋਗਤਾਵਾਂ ਦਾ ਪ੍ਰਭਾਵ ਆਉਣਾ ਕੁਦਰਤੀ ਗੱਲ ਸੀ। ਇਸ ਲਈ ਉਨ੍ਹਾਂ ਦੇ ਮਾਤਾ ਜੀ 'ਚ ਇਕ ਆਮ ਘਰੇਲੂ ਔਰਤਾਂ ਵਾਲੇ ਸੰਸਕਾਰਾਂ ਦੀ ਘਾਟ ਸੀ ਤੇ ਉਨ੍ਹਾਂ ਦੀ ਘਰ ਦੇ ਰੁਝੇਵਿਆਂ 'ਚ ਕੋਈ ਦਿਲਚਸਪੀ ਵੀ ਨਹੀਂ ਸੀ। ਇਸ ਕਰਕੇ ਉਹ ਆਪਣੇ ਪਤੀ ਨੂੰ ਪਸੰਦ ਨਹੀਂ ਕਰਦੇ ਸਨ ਕਿਉਂਕਿ ਉਨ੍ਹਾਂ ਦੇ ਪਤੀ 'ਤੇ ਸਨਾਤਨੀ ਵਿਚਾਰਾਂ ਦਾ ਬਹੁਤ ਪ੍ਰਭਾਵ ਹੋਣ ਕਰਕੇ ਸੁਭਾਅ ਵੀ ਨਹੀਂ ਮਿਲਦਾ ਸੀ। ਇਸ ਫਰਕ ਨੇ ਪਤੀ-ਪਤਨੀ 'ਚ ਕਲੇਸ਼ ਵਧਾ ਦਿੱਤਾ। ਇਹ ਕਲੇਸ਼ ਉਦੋਂ ਤੱਕ ਚੱਲਦਾ ਰਿਹਾ ਜਦੋਂ ਤੱਕ ਬੱਚੇ ਵੱਡੇ ਨਹੀਂ ਹੋ ਗਏ। ਬੱਚੇ ਵੱਡੇ ਹੋਣ 'ਤੇ ਉਹ ਚਾਹੁੰਦੇ ਸਨ ਕਿ ਮਾਤਾ-ਪਿਤਾ ਸਾਡੇ ਵੱਲ ਧਿਆਨ ਜ਼ਿਆਦਾ ਦੇਣ। ਪਤਨੀ ਦਾ ਪਰਿਵਾਰ ਕਿਉਂਕਿ ਬਹੁਤ ਥੋੜ੍ਹਾ ਸਮਾਂ ਪਹਿਲਾਂ ਹੀ ਸਿੰਘ ਸਭਾ ਲਹਿਰ ਦੇ ਪ੍ਰਭਾਵ 'ਚ ਆਇਆ ਸੀ ਤੇ ਉਹ ਚਾਹੁੰਦੇ ਸਨ ਕਿ ਸਿੱਖ ਭਾਈਚਾਰੇ 'ਚ ਕੁਝ ਸੁਧਾਰ ਹੋ ਜਾਏ। ਇਸ ਕਰਕੇ ਉਹ ਜ਼ਿਆਦਾ ਸਮਾਂ ਸਿੰਘ ਸਭਾ ਲਹਿਰ ਦੀਆਂ ਸਰਗਰਮੀਆਂ 'ਚ ਹੀ ਲਾਉਂਦੇ ਸਨ। ਉਸ ਸਮੇਂ ਸਿੱਖ ਸਮਾਜ ਨੂੰ ਚੁਤਰਫੋਂ ਭਰਮਾਂ-ਵਹਿਮਾਂ ਤੇ ਜਾਤ-ਪਾਤ ਨੇ ਘੇਰਿਆ ਹੋਇਆ ਸੀ, ਕਿਉਂਕਿ ਸਿੱਖ ਸਮਾਜ 'ਚ ਹਿੰਦੂਤਵ ਦਾ ਬਹੁਤ ਪ੍ਰਭਾਵ ਸੀ। ਇਹੀ ਕਾਰਨ ਸਿੱਖ ਧਰਮ ਨੂੰ ਗਿਰਾਵਟ ਵੱਲ ਲਿਜਾ ਰਹੇ ਸਨ। ਇਸ ਕਰਕੇ ਹੀ ਪਤਨੀ ਆਪਣੇ ਪਤੀ ਨੂੰ ਖਿਝਾਉਂਦੀ ਸੀ ਕਿ ਸਖਤ ਮਿਹਨਤ ਕਰੋ ਤੇ ਜੀਵਨ ਦੇ ਹਰ ਖੇਤਰ 'ਚ ਭਾਗ ਲਓ। ਪਤੀ ਹਿੰਦੂ ਪ੍ਰਕਿਰਤੀ ਵਾਲੇ ਸੁਭਾਅ 'ਚ ਜੰਮਿਆ-ਪਲਿਆ ਤੇ ਵੱਡਾ ਹੋਇਆ ਹੋਣ ਕਰਕੇ ਉਸਨੇ ਆਪ ਸਭ ਕੁਝ ਕਿਸਮਤ ਦੇ ਸਹਾਰੇ ਛੱਡ ਦਿੱਤਾ ਤੇ ਆਪਣੇ ਆਪ ਨੂੰ ਨਵੇਂ ਹਾਲਾਤ ਦੇ ਮੁਤਾਬਕ ਢਾਲ ਨਾ ਸਕਿਆ।

ਇਸ ਘਰ ਦੇ ਕਲਾ-ਕਲੇਸ਼ ਦਾ ਸੇਖੋਂ ਦੇ ਸੁਭਾਅ ਤੇ ਬੜਾ ਦੁੱਖਦਾਈ ਅਸਰ ਹੋਇਆ ਤੇ ਉਸ ਨੇ ਆਪਣੀਆਂ ਕਈ ਕਹਾਣੀਆਂ 'ਚ ਆਪਣੇ ਘਰੇਲੂ ਕਲੇਸ਼ ਦੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਇਸ ਦੀ ਇਕ ਸਪਸ਼ਟ ਮਿਸਾਲ ਉਨ੍ਹਾਂ ਦੀ ਕਹਾਣੀ 'ਇਕ ਯੋਧੇ ਦਾ ਚਲਾਣਾ' 'ਚ ਬੜੀ ਸਪਸ਼ਟਤਾ ਨਾਲ ਦੇਖਿਆ ਜਾ ਸਕਦਾ ਹੈ। ਇਸੇ ਹੀ ਤਰ੍ਹਾਂ ਉਨ੍ਹਾਂ ਦੇ ਇਕਾਂਗੀ 'ਪਿਤਾ ਪੁਰਖੀ' ਤੇ ਨਾਵਲ 'ਲਹੂ ਮਿੱਟੀ' 'ਚ ਵੀ ਦੇਖਿਆ ਜਾ ਸਕਦਾ ਹੈ।

ਸੇਖੋਂ ਸਾਹਿਬ ਦੀਆਂ ਤਿੰਨ ਵੱਡੀਆਂ ਭੈਣਾਂ ਤੋਂ ਬਾਅਦ ਉਨ੍ਹਾਂ ਦਾ ਜਨਮ ਹੋਇਆ।ਘਰ ਦੇ ਹਾਲਾਤ ਉਕਤ ਪ੍ਰਕਾਰ ਦੇ ਦੱਸੇ ਅਨੁਸਾਰ ਹੋਣ ਦੇ ਬਾਵਜੂਦ ਵੀ ਦੋਵੇਂ ਮਾਤਾ-ਪਿਤਾ ਦੀ ਖਾਹਿਸ਼ ਸੀ ਕਿ ਸੇਖੋਂ ਵੱਡਾ ਹੋ ਕੇ, ਪੜ੍ਹ ਲਿਖ ਕੇ ਉਨ੍ਹਾਂ ਦੀਆਂ ਆਸਾਂ ਉਮੀਦਾਂ ਪੂਰੀਆਂ ਕਰੇ। ਸੋ ਉਨ੍ਹਾਂ ਨੇ ਬਚਪਨ 'ਚ ਹੀ ਇਹ ਠਾਣ ਲਈ ਸੀ ਕਿ ਉਹ ਪੜ੍ਹ-ਲਿਖ ਕੇ ਜ਼ਰੂਰ ਆਪਣੇ ਮਾਤਾ-ਪਿਤਾ ਦੀਆਂ ਉਮੀਦਾਂ 'ਤੇ ਖਰਾ ਉਤਰੇਗਾ। ਬਚਪਨ 'ਚ ਉਨ੍ਹਾਂ ਦੀ ਇਹ ਇੱਛਾ ਵੀ ਸੀ ਕਿ ਉਹ ਵੱਡਾ ਹੋ ਕੇ ਇਕ ਛੈਲ-ਛਬੀਲਾ ਪਹਿਲਵਾਨ ਬਣੇਗਾ ਪਰ ਬਚਪਨ 'ਚ ਹੀ ਉਨ੍ਹਾਂ 'ਤੇ ਬੌਧਿਕਤਾ ਭਾਰੂ ਸੀ, ਇਸ ਲਈ ਉਨ੍ਹਾਂ ਨੇ ਆਪਣਾ ਧਿਆਨ ਪੜ੍ਹਾਈ-ਲਿਖਾਈ ਵੱਲ ਹੀ ਰੱਖਿਆ। ਜਵਾਨ ਹੋਣ 'ਤੇ ਉਨ੍ਹਾਂ 'ਚ ਇੱਛਾ ਜਾਗੀ ਕਿ ਉਹ ਰਾਜਨੀਤੀ 'ਚ ਪ੍ਰਵੇਸ਼ ਕਰਕੇ ਆਪਣੇ ਆਪ ਨੂੰ ਉਸ 'ਚ ਹੀ ਸਥਾਪਤ ਕਰ ਲਏਗਾ। ਉਹ ਇਕ ਰਾਜਨੀਤਿਕ ਪਾਰਟੀ 'ਚ ਸ਼ਾਮਲ ਹੋ ਗਏ ਤੇ ਤਿੰਨ ਵਾਰ ਪੰਜਾਬ ਵਿਧਾਨ ਸਭਾ ਦੀ ਤੇ ਇਕ ਵਾਰ ਲੋਕ ਸਭਾ ਦੀ ਚੋਣ ਲੜੀ ਪਰ ਹਾਰ ਵਾਰ ਉਹ ਹਾਰਦੇ ਰਹੇ।

ਹੁਣ ਖੁਸ਼ਕਿਸਮਤੀ ਨਾਲ ਉਨ੍ਹਾਂ ਪਾਸ ਇਕੋ ਹੀ ਖੇਤਰ ਬਚਿਆ ਸੀ ਕਿ ਉਹ ਲਿਖਾਰੀ ਬਣਨ। ਉਨ੍ਹਾਂ ਨੇ ਪੜ੍ਹਨਾ-ਲਿਖਣਾ ਆਰੰਭ ਕਰ ਦਿੱਤਾ। ਉਨ੍ਹਾਂ ਨੇ ਸਾਹਿਤ, ਇਤਿਹਾਸ ਤੇ ਰਾਜਨੀਤੀ ਖੇਤਰ ਦੀਆਂ ਅਣਗਿਣਤ ਕਿਤਾਬਾਂ ਪੜ੍ਹੀਆਂ ਤੇ ਉਨ੍ਹਾਂ ਦਾ ਬੜੀ ਡੂੰਘਾਈ 'ਚ ਜਾ ਕੇ ਅਧਿਐਨ ਵੀ ਕੀਤਾ। ਉਨ੍ਹਾਂ ਨੇ ਆਪਣਾ ਜ਼ਿਆਦਾ ਧਿਆਨ ਸਭਿਆਚਾਰ ਤੇ ਇਤਿਹਾਸਕ ਕਿਤਾਬਾਂ ਪੜ੍ਹਨ ਵੱਲ ਰੁਚਿਤ ਰੱਖਿਆ। ਇਹੀ ਕਾਰਨ ਸੀ ਕਿ ਜ਼ਿਆਦਾ ਪੜ੍ਹਾਈ ਕਰਨ ਨੇ ਉਹਨਾਂ ਨੂੰ ਇਕ ਹੋਣਹਾਰ ਹੁਸ਼ਿਆਰ ਵਿਦਿਆਰਥੀ ਬਣਾ ਦਿੱਤਾ। ਇਹਨਾਂ ਦਿਨਾਂ 'ਚ ਇਹਨਾਂ ਦੇ ਪਿਤਾ ਨੂੰ ਇਕ ਝੂਠੇ ਕਤਲ ਦੇ ਕੇਸ 'ਚ ਫਸਾ ਦਿੱਤਾ ਗਿਆ ਤੇ ਪੁਲਿਸ ਨੇ ਉਨ੍ਹਾਂ ਤੇ ਬੜਾ ਤਸ਼ੱਦਦ ਕੀਤਾ। ਇਸ ਦਾ ਵੀ ਸੇਖੋਂ ਦੇ ਮਨ 'ਤੇ ਬੜਾ ਡੂੰਘਾ ਅਸਰ ਹੋਇਆ, ਪਰ ਉਨ੍ਹਾਂ ਨੇ ਆਪਣੀ ਪੜ੍ਹਾਈ ਨਹੀਂ ਛੱਡੀ। ਸੇਖੋਂ ਨੇ ਪਿੰਡ ਦੇ ਸਕੂਲ ਤੋਂ ਦਸਵੀਂ ਪਾਸ ਕਰਕੇ ਉਚੇਰੀ ਪੜ੍ਹਾਈ ਲਈ ਗੌਰਮਿੰਟ ਕਾਲਜ ਲਾਇਲਪੁਰ 'ਚ ਦਾਖਲਾ ਲੈ ਲਿਆ। ਉਥੋਂ ਉਨ੍ਹਾਂ ਨੇ ਐਫ. ਐਸ. ਸੀ. ਮੈਡੀਕਲ ਪਾਸ ਕੀਤੀ ਪਰ ਮੈਡੀਕਲ ਕਾਲਜ 'ਚ ਦਾਖਲਾ ਨਹੀਂ ਲਿਆ ਕਿਉਂਕਿ ਚੀਰ-ਫਾੜ ਉਨ੍ਹਾਂ ਨੂੰ ਭੈੜੀ ਲੱਗਦੀ ਸੀ। ਇਸ ਲਈ ਉਨ੍ਹਾਂ ਨੇ ਫਾਰਮੈਨ ਕਰਿਸਚੀਅਨ ਕਾਲਜ ਲਾਹੌਰ ਵਿਖੇ ਬੀ. ਏ. ਕਰਨ ਲਈ ਦਾਖਲਾ ਲੈ ਲਿਆ। ਉਨ੍ਹਾਂ ਨੇ ਉਥੋਂ ਬੀ. ਏ. ਅੰਗਰੇਜ਼ੀ ਆਨਰਜ਼ 'ਚ ਪਾਸ ਕੀਤੀ ਤੇ ਐਮ. ਏ. ਅਰਥ ਸ਼ਾਸਤਰ 'ਚ ਵੀ ਇੱਥੋਂ ਹੀ ਪਾਸ ਕਰ ਲਈ। ਹੁਣ ਉਨ੍ਹਾਂ ਦੀ ਇੱਛਾ ਕਾਲਜ ਲੈਕਚਰਾਰ ਲੱਗਣ ਦੀ ਸੀ ਕਿਉਂਕਿ ਕਾਲਜ ਪੱਧਰ 'ਤੇ ਕੰਮ ਕਰਨ ਨਾਲ ਵਿਦਿਅਕ ਮਾਹੌਲ ਦਾ ਪੱਧਰ ਬੜਾ ਉੱਚਾ ਹੁੰਦਾ ਹੈ ਤੇ ਉਥੇ ਕੰਮ ਕਰਨ ਵਾਲੇ ਟੀਚਰਾਂ ਦਾ ਗਿਆਨ ਦਾ ਘੇਰਾ ਤੇ ਮਾਨਸਿਕ ਪੱਧਰ ਵੀ ਬੜਾ ਉੱਚਾ ਹੁੰਦਾ ਹੈ। ਸੇਖੋਂ ਸਾਹਿਬ ਦੀ ਕਿਸਮਤ ਚੰਗੀ ਕਹਿ ਲਓ ਜਾਂ ਮੌਕਾ ਮਿਲਣ ਦੀ ਗੱਲ ਕਰ ਲਓ ਕਿ ਉਨ੍ਹਾਂ ਨੂੰ ਕਾਲਜ ਲੈਕਚਰਾਰ ਦੀ ਨੌਕਰੀ ਇਸ ਸ਼ਰਤ 'ਤੇ ਮਿਲ ਗਈ ਕਿ ਅਰਥ-ਸ਼ਾਸਤਰ ਪੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਅੰਗਰੇਜ਼ੀ ਦਾ ਵਿਸ਼ਾ ਵੀ ਪੜ੍ਹਾਉਣਾ ਪਵੇਗਾ। ਸੰਨ 1931 'ਚ ਸੇਖੋਂ ਸਾਹਿਬ ਨੇ ਇਹ ਸ਼ਰਤ ਮੰਨ ਕੇ ਖਾਲਸਾ ਕਾਲਜ, ਅੰਮ੍ਰਿਤਸਰ 'ਚ ਬਤੌਰ ਇਕ ਲੈਕਚਰਾਰ ਦੇ ਆਪਣੀ ਨੌਕਰੀ ਸ਼ੁਰੂ ਕਰ ਦਿੱਤੀ। ਹੁਣ ਉਨ੍ਹਾਂ ਲਈ ਐਮ. ਏ. ਅੰਗਰੇਜ਼ੀ ਕਰਨਾ ਬੜਾ ਮੁਸ਼ਕਿਲ ਕੰਮ ਹੋ ਗਿਆ। ਇੱਥੇ ਉਨ੍ਹਾਂ ਦੀ ਫਿਰ ਖੁਸ਼ਕਿਸਮਤੀ ਸਮਝ ਲਓ ਕਿ ਜਿਸ ਨੇ ਪਹਿਲਾਂ ਇਕ ਐਮ. ਏ. ਪਾਸ ਕੀਤੀ ਹੋਵੇ, ਉਹ ਪ੍ਰਾਈਵੇਟ ਤੌਰ 'ਤੇ ਦੂਸਰੀ ਐਮ. ਏ. ਪਾਸ ਕਰਨ ਲਈ ਸਤੰਬਰ/ਅਕਤੂਬਰ ਮਹੀਨੇ 'ਚ ਹੋਣ ਵਾਲੀਆਂ ਸਪਲੀਮੈਂਟਰੀ ਪ੍ਰੀਖਿਆਵਾਂ 'ਚ ਬੈਠ ਸਕਦਾ ਹੈ ਤੇ ਉਨ੍ਹਾਂ ਨੇ ਇੰਝ ਹੀ ਕੀਤਾ ਤੇ ਪ੍ਰਾਈਵੇਟ ਤੌਰ 'ਤੇ ਐਮ. ਏ ਅੰਗਰੇਜ਼ੀ ਵੀ ਪਾਸ ਕਰ ਲਈ। ਖਾਲਸਾ ਕਾਲਜ, ਅੰਮ੍ਰਿਤਸਰ ਜਿਹੇ ਕਾਲਜ 'ਚ ਪ੍ਰੋਫੈਸਰੀ ਕਰਨਾ ਬੜੇ ਫਖ਼ਰ ਦੀ ਗੱਲ ਹੈ ਕਿਉਂਕਿ ਇਹ ਭਾਰਤ ਵਰਸ਼ 'ਚ ਇਕ ਮੰਨਿਆ-ਪ੍ਰਮੰਨਿਆ ਵਿਦਿਅਕ ਅਦਾਰਾ ਹੈ।

ਖਾਲਸਾ ਕਾਲਜ, ਅੰਮ੍ਰਿਤਸਰ 'ਚ ਨੌਕਰੀ ਕਰਦਿਆਂ ਸੇਖੋਂ ਸਾਹਿਬ ਨੇ ਸਾਹਿਤ ਲਿਖਣ ਲਈ ਆਪਣਾ ਮਨ ਇਕਾਗਰ ਕਰ ਲਿਆ, ਕਿਉਂਕਿ ਉਨ੍ਹਾਂ ਨੂੰ ਇੱਥੇ ਸਾਹਿਤਕ ਮਾਹੌਲ ਮਿਲ ਗਿਆ। ਇਸ ਤੋਂ ਪਹਿਲਾਂ ਅਜੇ ਉਨ੍ਹਾਂ ਨੇ ਲਿਖਣਾ ਸ਼ੁਰੂ ਨਹੀਂ ਕੀਤਾ ਸੀ ਪਰ ਸਕੂਲ ਦੀ ਪੜ੍ਹਾਈ ਦੇ ਦੌਰਾਨ ਉਨ੍ਹਾਂ ਨੇ ਕਵਿਤਾ ਲਿਖਣੀ ਆਰੰਭ ਕਰ ਦਿੱਤੀ ਸੀ। ਉਨ੍ਹਾਂ ਹੀ ਦਿਨਾਂ 'ਚ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ 'ਤੇ ਕਵਿਤਾ ਲਿਖੀ ਤੇ ਇਸ ਤੋਂ ਉਪਰੰਤ ਦੂਸਰੇ ਗੁਰੂ ਸਾਹਿਬਾਨ 'ਤੇ ਉਨ੍ਹਾਂ ਦੇ ਸ਼ਹੀਦੀ ਤੇ ਪ੍ਰਗਟਤਾ ਪੁਰਬ 'ਤੇ ਕਵਿਤਾਵਾਂ ਲਿਖੀਆਂ, ਜਿਹਨਾਂ ਦੀ ਬੜੀ ਸਰਾਹਨਾ ਹੋਈ। ਅਜੇ ਜਦੋਂ ਸੇਖੋਂ ਸਾਹਿਬ ਕਰਿਸਚੀਅਨ ਕਾਲਜ 'ਚ ਬੀ. ਏ. ਕਰ ਹੀ ਰਹੇ ਸਨ ਤਾਂ ਉਨ੍ਹਾਂ ਨੇ ਮੁਗਲ ਰਾਣੀ ਨੂਰਜਹਾਂ ਜੋ ਕਿ ਬੜੀ ਪ੍ਰਵੀਨ ਤੇ ਸੁੰਦਰ ਸੀ 'ਤੇ ਕਾਵਿ ਨਾਟਕ ਲਿਖਣਾ ਆਰੰਭ ਕਰ ਦਿੱਤਾ। ਇਸ ਦਾ ਕੁਝ ਭਾਗ ਅਜੇ ਉਨ੍ਹਾਂ ਨੇ ਲਿਖਿਆ ਹੀ ਸੀ ਕਿ ਉਹ ਇਸ ਨੂੰ ਸੰਭਾਲ ਕੇ ਆਪਣੇ ਪਾਸ ਨਾ ਰੱਖ ਸਕੇ। ਇਸ ਤੋਂ ਇਹ ਅੰਦਾਜ਼ਾ ਭਲੀ-ਭਾਂਤ ਹੀ ਲਾਇਆ ਜਾ ਸਕਦਾ ਹੈ ਕਿ ਸੇਖੋਂ ਸਾਹਿਬ ਦੇ ਸਾਹਿਤਕ ਸਫ਼ਰ ਦੀ ਨੀਂਹ ਉਸ ਸਮੇਂ ਹੀ ਰੱਖੀ ਗਈ ਸੀ ਜਦੋਂ ਉਹ ਅਜੇ ਸਕੂਲ 'ਚ ਪੜ੍ਹਦੇ ਹੀ ਸਨ। ਇਸ ਤਰ੍ਹਾਂ ਉਨ੍ਹਾਂ ਦੇ ਕਾਲਜ ਲੈਕਚਰਾਰ ਲੱਗਣ ਸਮੇਂ ਤੱਕ ਉਨ੍ਹਾਂ ਦਾ ਸਾਹਿਤਕ ਸਫ਼ਰ ਜੁਆਨੀ 'ਚ ਪਹੁੰਚ ਚੁੱਕਾ ਸੀ।

ਕਾਲਜ 'ਚ ਜਦੋਂ ਉਨ੍ਹਾਂ ਨੇ ਪੜ੍ਹਾਉਣਾ ਸ਼ੁਰੂ ਕੀਤਾ ਤਾਂ ਇੱਥੇ ਉਨ੍ਹਾਂ ਕਾਲਜ ਦੇ ਦੂਸਰੇ ਵਿਦਵਾਨ ਪ੍ਰੋਫੈਸਰਾਂ ਦੀ ਸੰਗਤ ਨਾਲ, ਕੁਝ ਖੇਤਰੀ ਪ੍ਰਭਾਵਾਂ ਨਾਲ ਤੇ ਅੰਤਰ ਰਾਸ਼ਟਰੀ ਅੰਦੋਲਨਾਂ ਦੇ ਪ੍ਰਭਾਵਾਂ ਨਾਲ, ਲਿਖਣ ਦੀ ਇੱਛਾ ਹੋਰ ਪ੍ਰਬੱਲ ਹੋਈ। ਕਾਲਜ ਦੇ ਅੰਗਰੇਜ਼ੀ ਵਿਭਾਗ ਦੇ ਪ੍ਰੋ: ਤੇਜਾ ਸਿੰਘ ਜੀ ਮੁਖੀ ਸਨ ਤੇ ਉਨ੍ਹਾਂ ਨੇ ਸੇਖੋਂ ਸਾਹਿਬ ਦੀ ਸਾਹਿਤਕ ਕਾਬਲੀਅਤ ਨੂੰ ਭਾਂਪ ਲਿਆ ਸੀ ਤੇ ਬਿਨਾਂ ਕੋਈ ਦੇਰੀ ਕੀਤਿਆਂ ਉਨ੍ਹਾਂ ਨੂੰ ਐਮ. ਏ. ਕਲਾਸਾਂ ਨੂੰ ਪੜ੍ਹਾਉਣ ਦੀ ਜ਼ਿੰਮੇਵਾਰੀ ਦੇ ਦਿੱਤੀ। ਇਸ ਅਧਿਆਪਨ ਦੌਰਾਨ ਉਨ੍ਹਾਂ ਨੇ ਅੰਗਰੇਜ਼ੀ ਸਾਹਿਤ ਦੀ ਪੜ੍ਹਾਈ ਦਾ ਅਧਿਐਨ, ਵੀਹਵੀਂ ਸਦੀ ਦਾ ਖਾਸ ਤੌਰ 'ਤੇ, ਤੇ ਇਸ ਤੋਂ ਪਹਿਲਾਂ ਦੇ ਸਾਹਿਤ ਦਾ ਅਧਿਐਨ, ਬੜੀ ਮਿਹਨਤ ਤੇ ਰੁਚੀ ਨਾਲ ਕੀਤਾ ਤਾਂ ਕਿ ਉਹ ਅੰਗਰੇਜ਼ੀ ਵਿਸ਼ੇ ਨੂੰ ਪੜ੍ਹਾਉਣ 'ਚ ਇਕ ਆਦਰਸ਼ ਅਧਿਆਪਕ ਬਣ ਸਕਣ। ਡੀ. ਐਚ. ਲਾਰੈਂਸ ਨਾਵਲਕਾਰ ਤੇ ਹਾਪਕਿਨਜ਼ ਜੀਟਸ, ਈਲੀਅਟ, ਐਡਨ ਤੇ ਸਪੈਂਡਰ ਕਵੀ, ਉਨ੍ਹਾਂ ਦੇ ਮਨਭਾਉਂਦੇ ਲਿਖਾਰੀ ਸਨ। ਸੇਖੋਂ ਸਾਹਿਬ ਦੀਆਂ ਲਿਖਤਾਂ ਤੇ ਪੂਰਾ ਨਿਖਾਰ ਉਸ ਸਮੇਂ ਆਇਆ ਜਦੋਂ ਉਨ੍ਹਾਂ ਉਕਤ ਅਧਿਐਨ ਕਰਨ ਉਪਰੰਤ ਲਿਖਣਾ ਅੰਗਰੇਜ਼ੀ 'ਚ ਸ਼ੁਰੂ ਕੀਤਾ ਤੇ ਉਸ ਤੋਂ ਬਾਅਦ ਪੰਜਾਬੀ 'ਚ। ਪ੍ਰੋ: ਮੋਹਨ ਸਿੰਘ ਆਧੁਨਿਕ ਪੰਜਾਬੀ ਦਾ ਵੱਡਾ ਪ੍ਰਗਤੀਵਾਦੀ ਕਵੀ ਬਣ ਚੁੱਕਾ ਸੀ ਤੇ ਉਹ ਵੀ ਇਸੇ ਕਾਲਜ 'ਚ ਹੀ ਫਾਰਸੀ ਦੇ ਲੈਕਚਰਾਰ ਲੱਗੇ ਹੋਏ ਸਨ। ਕਾਲਜ ਸਮੇਂ ਹੀ ਉਹ ਦੋਵੇਂ ਗੂੜ੍ਹੇ ਮਿੱਤਰ ਬਣ ਗਏ ਸਨ। ਉਨ੍ਹਾਂ ਦੀ ਇਹ ਮਿੱਤਰਤਾ 1978 ਪ੍ਰੋ: ਮੋਹਨ ਸਿੰਘ ਜੀ ਦੀ ਮੌਤ ਤੱਕ ਕਾਇਮ ਰਹੀ। ਪ੍ਰੋ: ਸੇਖੋਂ ਸਾਹਿਬ ਨੇ ਕਾਵਿਤਾ ਇਸ ਕਰਕੇ ਲਿਖਣੀ ਬੰਦ ਕਰ ਦਿੱਤੀ ਕਿਉਂਕਿ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਪ੍ਰੋ: ਮੋਹਨ ਸਿੰਘ ਜੀ ਪੰਜਾਬੀ 'ਚ ਬਹੁਤ ਵਧੀਆ ਕਵਿਤਾ ਲਿਖ ਰਹੇ ਸਨ, ਇਸ ਲਈ ਉਨ੍ਹਾਂ ਨੂੰ ਕਵਿਤਾ ਲਿਖਣ ਦੀ ਲੋੜ ਨਹੀਂ ਹੈ। ਕਵਿਤਾ ਦਾ ਪਿੜ ਉਨ੍ਹਾਂ ਨੇ ਪ੍ਰੋ: ਮੋਹਨ ਸਿੰਘ ਜੀ ਲਈ ਛੱਡ ਦਿੱਤਾ। ਠੀਕ ਇਸੇ ਤਰ੍ਹਾਂ ਪ੍ਰੋ. ਮੋਹਨ ਸਿੰਘ ਜੀ ਨੇ ਵੀ ਕੋਈ ਹਿੱਚ-ਕਿਚਾਹਟ ਮਹਿਸੂਸ ਨਹੀਂ ਕੀਤੀ ਤੇ ਕਿਹਾ ਕਿ ਅਗਰ ਮੈਂ ਕਵਿਤਾ ਦੇ ਖੇਤਰ 'ਚ ਆਪਣਾ ਕੱਦ ਬਣਾਇਆ ਹੈ ਤਾਂ ਇਸ ਦਾ ਕਾਰਨ ਵੀ ਪ੍ਰੋ: ਸੰਤ ਸਿੰਘ ਜੀ ਸੇਖੋਂ ਹੀ ਹਨ ਕਿਉਂਕਿ ਉਹ ਵੀ ਪੰਜਾਬੀ 'ਚ ਬਹੁਤ ਵਧੀਆ ਕਵਿਤਾ ਲਿਖ ਲੈਂਦੇ ਸਨ। ਮੈਂ ਵੀ ਚੰਗੀ ਕਵਿਤਾ ਲਿਖਣ ਦਾ ਪ੍ਰਭਾਵ ਵੀ ਉਨ੍ਹਾਂ ਤੋਂ ਹੀ ਲਿਆ ਹੈ। ਇਸੇ ਕਰਕੇ ਹੀ ਉਹ ਪੰਜਾਬੀ ਦੇ ਵੀਹਵੀਂ ਸਦੀ ਦੇ ਸਿਰਮੌਰ ਕਵੀ ਬਣ ਸਕੇ ਹਨ। ਇਨ੍ਹਾਂ ਦਿਨਾਂ 'ਚ ਹੀ ਅੰਮ੍ਰਿਤਸਰ 'ਚ ਇਸਲਾਮੀਆ ਕਾਲਜ ਸਥਾਪਤ ਹੋਇਆ। ਡਾ: ਮੁਹੰਮਦ ਤਾਸੀਰ ਜਿਹੜੇ ਕਿ ਪੀ. ਐਚ. ਡੀ. ਆਕਸਫੋਰਡ ਯੂਨੀਵਰਸਿਟੀ ਤੋਂ ਸਨ, ਉਨ੍ਹਾਂ ਨੇ ਕਾਲਜ ਦੇ ਪ੍ਰਿੰਸੀਪਲ ਵਜੋਂ ਆਪਣੀ ਡਿਊਟੀ ਸੰਭਾਲੀ। ਫੈਜ਼ ਅਹਿਮਦ ਫੈਜ਼ ਜਿਹੜਾ ਕਿ ਗ਼ਾਲਬ ਤੋਂ ਬਾਅਦ ਉਰਦੂ ਦਾ ਵੱਡਾ ਕਵੀ ਸੀ, ਵੀ ਇਸ ਇਸਲਾਮੀਆ ਕਾਲਜ 'ਚ ਅੰਗਰੇਜ਼ੀ ਦੇ ਪ੍ਰੋਫੈਸਰ ਸਨ। ਪ੍ਰੋ: ਸੇਖੋਂ ਦੀ ਉਨ੍ਹਾਂ ਨਾਲ ਵੀ ਬੜੀ ਗੂੜ੍ਹੀ ਦੋਸਤੀ ਸੀ। ਡਾ: ਫੈਜ਼ ਉਨ੍ਹਾਂ ਦਿਨਾਂ 'ਚ 'ਪ੍ਰਗਤੀਵਾਦੀ ਲਿਖਾਰੀ ਐਸੋਸੀਏਸ਼ਨ' 'ਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਸਨ। ਇਸ ਪ੍ਰਗਤੀਵਾਦੀ ਐਸੋਸੀਏਸ਼ਨ ਨੂੰ ਪੰਜਾਬ 'ਚ ਉਨ੍ਹਾਂ ਨੇ ਹੀ ਸ਼ੁਰੂ ਕੀਤਾ ਸੀ। ਪ੍ਰੋ: ਸੇਖੋਂ ਦੀ ਉਨ੍ਹਾਂ ਨਾਲ ਕਾਫੀ ਗੂੜ੍ਹੀ ਮਿੱਤਰਤਾ ਸੀ ਤੇ ਇਸ ਕਰਕੇ ਹੀ ਪ੍ਰੋ: ਸੇਖੋਂ ਦੇ ਲਿਖੇ ਪੰਜਾਬੀ 'ਚ ਪਹਿਲੇ ਇਕਾਂਗੀ ਸੰਗ੍ਰਹਿ 'ਛੇ ਘਰ' ਦਾ ਮੁੱਖ ਬੰਦ ਡਾ. ਤਾਸੀਰ ਨੇ ਆਪਣੀ ਇੱਛਾ ਨਾਲ ਖੁਸ਼ੀ-ਖੁਸ਼ੀ ਲਿਖਿਆ। ਜਿੱਥੋਂ ਤੱਕ ਫੈਜ਼ ਅਹਿਮਦ ਫੈਜ਼ ਦਾ ਸਬੰਧ ਹੈ, ਉਨ੍ਹਾਂ ਨੇ ਵੀ ਆਪਣਾ ਲਿਖਿਆ ਪਹਿਲਾ ਕਾਵਿ ਸੰਗ੍ਰਹਿ ਪ੍ਰੋ: ਸੇਖੋਂ ਸਾਹਿਬ ਨੂੰ ਦਿੱਤਾ ਕਿ ਉਹ ਆਪਣੀ ਮਰਜ਼ੀ ਨਾਲ ਇਸ ਨੂੰ ਜਿੱਥੇ ਮਰਜ਼ੀ ਛਪਵਾ ਕੇ ਦੇਣ। ਫੈਜ਼ ਸਾਹਿਬ ਨੂੰ ਪਤਾ ਸੀ ਕਿ 'ਲਹੌਰ ਬੁੱਕ ਸ਼ਾਪ' ਵਾਲੇ ਪ੍ਰੋ: ਸੇਖੋਂ ਸਾਹਿਬ ਦੇ ਬਹੁਤ ਨਜ਼ਦੀਕੀ ਹਨ ਤੇ ਇਸ ਨੂੰ ਜਲਦੀ ਛਾਪਣ 'ਚ ਕੋਈ ਅਸਮਰਥਤਾ ਨਹੀਂ ਦਿਖਾਉਣਗੇ। ਇਨ੍ਹਾਂ ਤੋਂ ਇਲਾਵਾ ਸ੍ਰੀ ਹਰੀਵੰਸ਼ ਰਾਏ ਬਚਨ, ਬੁੱਧਾ ਦੇਵ ਬੋਸ, ਰਜਿੰਦਰ ਸਿੰਘ ਬੇਦੀ ਤੇ ਮੁਲਕ ਰਾਜ ਆਨੰਦ ਵੀ ਸੇਖੋਂ ਸਾਹਿਬ ਦੇ

(ਬਾਕੀ ਅਗਲੇ ਸਫੇ ਤੇ)

# 'ਪੰਜਾਬੀ ਸਾਹਿਤ ਦੇ ਇਤਿਹਾਸ ਦਾ ਬਾਬਾ ਬੋਹੜ'

ਸਮਕਾਲੀ ਸਨ ਤੇ ਇਨ੍ਹਾਂ ਸਭ ਦਾ ਆਪਸ 'ਚ ਮੇਲ-ਜੋਲ ਬੜਾ ਚੰਗਾ ਸੀ ਤੇ ਇਹ ਸਭ ਯੂਰਪ ਦੀ ਸਮਾਜਵਾਦੀ ਪ੍ਰਗਤੀਵਾਦੀ ਲਹਿਰ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਸਨ ਤੇ ਭਾਰਤ ਦੇ ਵੱਖ-ਵੱਖ ਖੇਤਰਾਂ 'ਚ ਭਾਰਤ ਦੀਆਂ ਦੂਸਰੀਆਂ ਹੋਰ ਭਾਸ਼ਾਵਾਂ 'ਚ ਬੜੀ ਤੇਜ਼ੀ ਨਾਲ ਲਿਖ ਰਹੇ ਸਨ।

'ਪ੍ਰਗਤੀਵਾਦੀ ਲਿਖਾਰੀ ਲਹਿਰ' ਦੀਆਂ ਕਈ ਬਰਾਂਚਾਂ ਭਾਰਤ ਦੇ ਕਈ ਭਾਸ਼ਾਈ ਖੇਤਰਾਂ 'ਚ ਸਥਾਪਤ ਹੋ ਚੁੱਕੀਆਂ ਸਨ। ਇਸ ਦੀ ਪਹਿਲੀ ਸਭਾ 1937 ਨੂੰ ਮੁਨਸ਼ੀ ਪ੍ਰੇਮ ਚੰਦ ਜੀ ਦੀ ਪ੍ਰਧਾਨਗੀ 'ਚ ਹੋਈ, ਕਿਉਂਕਿ ਉਹ ਪ੍ਰਗਤੀਵਾਦੀ ਲਿਖਾਰੀ ਸਭਾ ਦੇ ਪ੍ਰਧਾਨ ਸਨ। ਪੰਡਤ ਜਵਾਹਰ ਲਾਲ ਨਹਿਰੂ ਜੀ ਨੇ ਇਸ ਪਹਿਲੀ ਸਭਾ ਦਾ ਉਦਘਾਟਨ ਕੀਤਾ। ਇਸ ਮੌਕੇ 'ਤੇ ਰਾਬਿੰਦਰਨਾਥ ਟੈਗੋਰ ਨੇ ਸਭਾ ਨੂੰ ਆਪਣੀਆਂ ਸ਼ੁਭ-ਇੱਛਾਵਾਂ ਭੇਜੀਆਂ। ਪ੍ਰਗਤੀਵਾਦੀ ਲਿਖਾਰੀਆਂ ਦੀ ਇਸ ਤੋਂ ਇਕ ਸਾਲ ਪਹਿਲਾਂ ਅੰਤਰ ਰਾਸ਼ਟਰੀ ਸਭਾ ਪੈਰਿਸ 'ਚ ਹੋਈ ਸੀ। ਪੈਰਿਸ ਦੀ ਇਸ ਸਭਾ 'ਚ ਇਹ ਫੈਸਲੇ ਲਏ ਗਏ ਸਨ ਕਿ ਲਿਖਾਰੀ ਸਰਮਾਏਦਾਰੀ, ਸਮਾਜਵਾਦ ਤੇ ਫਾਸ਼ੀਵਾਦ ਤੇ ਖਿਲਾਫ ਲਾਮਬੰਦ ਹੋਣ ਪਰ ਭਾਰਤੀ ਲਿਖਾਰੀਆਂ ਨੇ ਇਹ ਫੈਸਲਾ ਲਿਆ ਕਿ ਬਸਤੀਵਾਦ, ਜਾਗੀਰਦਾਰੀ, ਰੂੜ੍ਹੀਵਾਦੀ ਪ੍ਰਥਾ ਦੇ ਖਿਲਾਫ ਲਿਖਿਆ ਜਾਵੇ। ਜਿੱਥੋਂ ਤੱਕ ਪੰਜਾਬੀ ਸਾਹਿਤ ਦੀ ਗੱਲ ਹੈ, ਇਸ 'ਚ ਪ੍ਰੋ: ਸੰਤ ਸਿੰਘ ਸੇਖੋਂ ਆਪਣੀਆਂ ਲਿਖਤਾਂ ਦੁਆਰਾ ਸਭ ਤੋਂ ਪਹਿਲਾਂ ਇਸ ਵਿਚਾਰਧਾਰਾ ਦਾ ਬੁਲਾਰਾ ਬਣ ਗਿਆ। ਉਸ ਨੇ ਇਸ ਵਿਚਾਰਧਾਰਾ 'ਤੇ ਪੰਜਾਬੀ 'ਚ ਕਈ ਕਹਾਣੀਆਂ ਤੇ ਇਕਾਂਗੀ ਲਿਖੇ ਤੇ ਇਸ ਦੇ ਨਾਲ ਹੀ ਉਹ ਅੰਗਰੇਜ਼ੀ ਦੀ ਕਵਿਤਾ ਵੀ ਲਿਖਦੇ ਰਹੇ ਜਿਹੜੀ ਕਿ New Verse and Modern Poetry ਰਸਾਲੇ 'ਚ ਛਪਦੀ ਰਹੀ ਤੇ ਉਸਦੇ ਸੰਪਾਦਕ ਸਨ Auden and Spender.

ਪ੍ਰੋ: ਸੰਤ ਸਿੰਘ ਸੇਖੋਂ ਦੁਆਰਾ ਜਾਗੀਰਦਾਰੀ ਪ੍ਰਥਾ, ਬ੍ਰਿਟਿਸ਼ ਸਰਕਾਰ ਦੇ ਉਪਨਿਵੇਸ਼ ਤੇ ਰੂੜ੍ਹੀਵਾਦੀ ਪ੍ਰਥਾ ਦੇ ਖਿਲਾਫ ਬਹੁਤ ਜ਼ਿਆਦਾ ਤੇ ਤਿੱਖੇ ਹਮਲੇ ਵਾਲਾ ਲਿਖਣ ਕਾਰਨ, ਉਹਨਾਂ ਦਾ ਕਾਲਜ ਦੀ ਪ੍ਰਬੰਧਕ ਕਮੇਟੀ ਨਾਲ ਕਲੇਸ਼ ਖੜ੍ਹਾ ਹੋ ਗਿਆ। ਪੰਜਾਬ 'ਚ ਜਾਗੀਰਦਾਰੀ ਪ੍ਰਥਾ ਦਾ ਸਭ ਤੋਂ ਵੱਡਾ ਉਸ ਸਮੇਂ ਦਾ ਜਾਗੀਰਦਾਰ ਪਟਿਆਲੇ ਦਾ ਮਹਾਰਾਜਾ ਭੁਪਿੰਦਰ ਸਿੰਘ ਸੀ। ਉਸ ਦੀ ਬਾਕੀ ਦੇ ਛੋਟੇ ਜਾਗੀਰਦਾਰਾਂ 'ਤੇ ਪੂਰਾ ਗਲਬਾ ਹੋਣ ਕਾਰਨ ਉਹ ਜਾਗੀਰਦਾਰਾਂ ਦੀ ਸੂਚੀ 'ਚ ਸਭ ਤੋਂ ਮੋਹਰਲੀ ਕਤਾਰ ਵਿਚ ਸਨ। ਉਸ ਸਮੇਂ ਦਾ ਸ਼੍ਰੋਮਣੀ ਅਕਾਲੀ ਦਲ ਵੀ ਮਹਾਰਾਜੇ ਦਾ ਵਿਰੋਧ ਕਰਦਾ ਸੀ। ਉਸ ਸਮੇਂ ਅਕਾਲੀ ਦਲ ਦਾ ਸਭ ਤੋਂ ਵੱਡਾ ਲੀਡਰ ਵੀ ਮਾਸਟਰ ਤਾਰਾ ਸਿੰਘ ਜੀ ਹੀ ਸਨ ਤੇ ਉਹ ਵੀ ਭਾਰਤ 'ਚ ਮਹਾਤਮਾ ਗਾਂਧੀ ਜੀ ਵੱਲੋਂ ਚਲਾਈ ਗਈ ਆਜ਼ਾਦੀ ਦੀ ਲਹਿਰ, ਕਾਂਗਰਸ ਤੇ ਦੇਸ਼ ਦੇ ਹੋਰ ਕਈ ਸੰਗਠਨ ਇਸ ਨੂੰ ਪੂਰਾ ਸਮਰਥਨ ਦਿੰਦੇ ਸਨ। ਇਸ ਤਰ੍ਹਾਂ ਦੇ ਬਣੇ ਸੰਗਠਨ ਦੇ ਸਮਰਥਨ ਨਾਲ ਖਾਲਸਾ ਕਾਲਜ, ਅੰਮ੍ਰਿਤਸਰ 'ਚ ਕਈ ਮਹੀਨੇ ਤੱਕ ਹੜਤਾਲ ਚਲਦੀ ਰਹੀ।

ਆਖਿਰ 'ਚ ਮਾਸਟਰ ਤਾਰਾ ਸਿੰਘ ਤੇ ਮਹਾਰਾਜਾ ਪਟਿਆਲਾ 'ਚ ਸਮਝੌਤਾ ਹੋਣ ਨਾਲ ਇਹ ਹੜਤਾਲ ਖਤਮ ਹੋ ਗਈ। ਕਿਸਮਤ ਦਾ ਪੁੱਠਾ ਗੇੜਾ ਇਹ ਹੋਇਆ ਕਿ ਇਸ ਹੜਤਾਲ ਦਾ ਸਾਰਾ ਠੀਕਰਾ ਪ੍ਰੋ: ਸੰਤ ਸਿੰਘ ਸੇਖੋਂ ਉਪਰ ਭੰਨ ਦਿੱਤਾ ਗਿਆ ਕਿ ਇਹ ਹੜਤਾਲ ਪ੍ਰੋ: ਸੇਖੋਂ ਦੇ ਵਿਦਿਆਰਥੀਆਂ ਨੂੰ ਗੁੰਮਰਾਹ ਕਰਨ ਕਾਰਨ ਹੋਈ ਹੈ। ਇਹ ਦੋਸ਼ ਉਨ੍ਹਾਂ 'ਤੇ ਮੜ੍ਹਨ ਉਪਰੰਤ ਕਾਲਜ 'ਚੋਂ ਪ੍ਰੋ: ਸੇਖੋਂ ਦੀ ਨੌਕਰੀ ਨੂੰ ਖਤਮ ਕਰ ਦਿੱਤਾ। ਪਰ ਅਸਲ 'ਚ ਇਸ ਹੜਤਾਲ 'ਚ ਪ੍ਰੋ: ਸੇਖੋਂ ਦਾ ਕੋਈ ਹੱਥ ਨਹੀਂ ਸੀ ਤੇ ਉਹ ਬਿਲਕੁਲ ਨਿਰਦੋਸ਼ ਸਨ। ਇਸ ਘਟਨਾ ਦਾ ਜ਼ਿਕਰ ਪ੍ਰੋ: ਸੇਖੋਂ ਨੇ ਆਪਣੀ ਇਕ ਅੰਗਰੇਜ਼ੀ ਦੀ ਕਵਿਤਾ 'ਏ ਸੋਪ ਟੂ ਦਾ ਐਨਮੀ' 'ਚ ਕਿ ਮੈਨੂੰ ਨੌਕਰੀ ਤੋਂ ਕੱਢਣਾ ਸਿਰਫ ਮੇਰੀ ਕਦਰ ਘਟਾਉਣ ਤੋਂ ਸਿਵਾਏ ਹੋਰ ਕੁਝ ਵੀ ਨਹੀਂ ਹੈ ਤੇ ਇਹ ਸਭ ਕੁਝ ਫਰਜ਼ੀ ਸੀ। ਉਨ੍ਹਾਂ ਨੂੰ ਮੇਰੀ ਵਿਚਾਰਧਾਰਾ ਤੇ ਬੁੱਧੀਮਤਾ ਨਾਲ ਈਰਖਾ ਸੀ ਤੇ ਇਸੇ ਹੀ ਤਰ੍ਹਾਂ ਯੂਨਾਨ 'ਚ ਸੁਕਰਾਤ ਨਾਲ ਹੋਇਆ ਸੀ। ਇਹ ਕਵਿਤਾ ਦੀਆਂ ਨਿਮਨ-ਲਿਖਤ ਸੱਤਰਾਂ ਇਸ ਬਾਰੇ ਪੂਰਾ-ਪੂਰਾ ਬਿਆਨ ਕਰਦੀਆਂ ਹਨ:

And some thought I was at the root
of all the mischief, and others,
I must be made a scapegoat,
offered as a sop to the enemy. (s.w.p.55)

ਨੌਕਰੀ ਤੋਂ ਬਰਖ਼ਾਸਤ ਹੋਣ ਉਪਰੰਤ ਪ੍ਰੋ: ਸੇਖੋਂ ਲਾਹੌਰ ਚਲੇ ਗਏ ਤੇ ਉਥੇ ਉਨ੍ਹਾਂ ਨੂੰ ਇਕ ਬਹੁਤ ਪਰਉਪਕਾਰੀ ਸਿੱਖ ਜਿਨ੍ਹਾਂ ਦਾ ਨਾਮ ਗੁਰਦਿਆਲ ਸਿੰਘ ਸੀ ਤੇ ਉਹ ਠੇਕੇਦਾਰੀ ਕਰਦੇ ਸਨ, ਮਿਲਿਆ। ਉਸ ਨੇ ਪ੍ਰੋ: ਸੇਖੋਂ ਨੂੰ ਆਪਣੇ ਲੜਕੇ ਨੂੰ ਟਿਊਸ਼ਨ ਪੜ੍ਹਾਉਣ ਲਈ ਰੱਖ ਲਿਆ। ਉਹ ਸੇਖੋਂ ਸਾਹਿਬ ਦੀ ਵਿਦਵਤਾ ਤੇ ਵਿਸ਼ਾਲ ਗਿਆਨ ਤੋਂ ਬਹੁਤ ਪ੍ਰਭਾਵਿਤ ਹੋਇਆ, ਉਸ ਨੇ ਸੇਖੋਂ ਸਾਹਿਬ ਨੂੰ ਇਕ ਅੰਗਰੇਜ਼ੀ 'ਚ ਮਾਸਿਕ ਪੱਤਰ ਕੱਢਣ ਲਈ, ਪੈਸੇ-ਧੇਲੇ ਦੀ ਮਦਦ ਕਰਨ ਦਾ ਭਰੋਸਾ ਦਿੱਤਾ ਤੇ ਪ੍ਰੋ: ਸੇਖੋਂ ਨੇ 'ਦਾ ਨਾਰਦਰਨ ਰਿਵਿਊ' ਮਾਸਿਕ ਪੱਤਰ ਸ਼ੁਰੂ ਕਰ ਦਿੱਤਾ। ਇਹ ਕੰਮ ਉਨ੍ਹਾਂ ਦਾ ਬੜਾ ਉਤਸ਼ਾਹ ਵਧਾਉਣ ਵਾਲਾ ਤੇ ਔਖਾ ਵੀ ਸੀ। ਕ੍ਰਿਸ਼ਨ ਚੰਦਰ ਨੂੰ ਉਨ੍ਹਾਂ ਨੇ ਆਪਣਾ ਸਹਾਇਕ ਤੇ ਦੌਰ ਤੇ ਰੱਖ ਲਿਆ ਤੇ ਉਹ ਬਾਅਦ 'ਚ ਉਰਦੂ ਦੇ ਬਹੁਤ ਹੀ ਮਸ਼ਹੂਰ ਲਿਖਾਰੀ ਬਣ ਗਏ। ਇਹ ਜੋਖਿਮ ਭਰਿਆ ਕੰਮ ਬਹੁਤ ਪ੍ਰਗਤੀ ਨਾ ਕਰ ਸਕਿਆ। ਇਨ੍ਹਾਂ ਹੀ ਦਿਨਾਂ 'ਚ ਪ੍ਰੋ: ਸੇਖੋਂ ਮਿਸ. ਹਿਲਮੀ ਦੇ ਸੰਪਰਕ ਵਿਚ ਆ ਗਏ। ਉਹ ਉਮਰ ਭਰ ਲਈ ਪ੍ਰੋ: ਸੇਖੋਂ ਦੀ ਮਹਿਬੂਬਾ ਬਣ ਗਈ। ਉਹ ਪਿੱਛੋਂ ਫਿਨਲੈਂਡ ਦੀ ਵਾਸੀ ਸੀ ਤੇ ਉਸ ਨੂੰ ਅਮਰੀਕਾ ਦੀ ਨਾਗਰਿਕਤਾ ਪ੍ਰਾਪਤ ਹੋ ਗਈ ਤੇ ਸੇਖੋਂ ਸਾਹਿਬ ਉਸ ਨਾਲ ਵਿਆਹ ਕਰਨ ਉਪਰੰਤ ਅਮਰੀਕਾ ਉਚੇਰੀ ਪੜ੍ਹਾਈ ਕਰਨ ਲਈ ਚਲੇ ਗਏ। ਆਖਿਰ ਉਹ ਦੋਵੇਂ ਪੰਜਾਬ 'ਚ ਪੱਕਿਆਂ ਤੌਰ 'ਤੇ ਰਹਿਣ ਲਈ ਭਾਰਤ ਆ ਗਏ। ਦੇਖਿਆ ਜਾਵੇ ਤਾਂ 'ਦੀ ਨਾਰਦਰਨ ਰਿਵਿਊ' ਕੋਈ ਬਹੁਤ ਤਰੱਕੀ ਦੇ ਰਸਤੇ 'ਤੇ ਨਹੀਂ ਚੱਲ ਰਿਹਾ ਸੀ। ਠੇਕੇਦਾਰ ਸਿੱਖ ਨੇ ਸੇਖੋਂ ਨੂੰ ਉਤਰੀ-ਪੂਰਬੀ ਫਰੰਟੀਅਰ ਇਲਾਕੇ 'ਚ ਬਣ ਰਹੀਆਂ ਸੜਕਾਂ ਦੇ ਕੰਮ 'ਚ ਭਾਈਵਾਲ ਬਣਾਇਆ ਸੀ। ਕੁਝ ਸਾਲਾਂ ਬਾਅਦ ਉਸ ਨੇ ਆਪਣਾ ਇਸ ਕੰਮ 'ਚੋਂ ਸਮਰਥਨ ਵਾਪਸ ਲੈ ਲਿਆ ਤੇ ਇਸ ਕੰਮ ਦੀ ਸਾਰੀ ਜ਼ਿੰਮੇਵਾਰੀ ਸੇਖੋਂ ਨੂੰ ਦੇ ਦਿੱਤੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਸੇਖੋਂ ਨੂੰ ਇਸ ਕੰਮ 'ਚ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ। ਸੇਖੋਂ ਸਾਹਿਬ ਦੇ ਕੁਝ ਦੋਸਤਾਂ ਦੀਆਂ ਕੋਸ਼ਿਸ਼ਾਂ ਕਰਨ ਨਾਲ ਉਨ੍ਹਾਂ ਨੂੰ ਖਾਲਸਾ ਕਾਲਜ ਅੰਮ੍ਰਿਤਸਰ 'ਚ ਫਿਰ ਨੌਕਰੀ ਮਿਲ ਗਈ। ਕਈ ਸਾਲ ਅਰਥ-ਸ਼ਾਸਤਰ ਦਾ ਵਿਸ਼ਾ ਪੜ੍ਹਾਉਣ ਉਪਰੰਤ ਉਨ੍ਹਾਂ ਨੂੰ ਕਾਲਜ 'ਚ ਨਵੇਂ ਸ਼ੁਰੂ ਹੋਏ ਪੰਜਾਬੀ ਵਿਭਾਗ ਦੇ ਪੋਸਟ ਗ੍ਰੈਜੂਏਟ ਕੋਰਸਾਂ ਨੂੰ ਪੜ੍ਹਾਉਣ ਲਈ ਲਗਾ ਦਿੱਤਾ ਗਿਆ। ਇਨ੍ਹਾਂ ਜਮਾਤਾਂ ਦੇ ਕੁੱਲ ਛੇ ਵਿਸ਼ਿਆਂ 'ਚੋਂ ਉਹ ਚਾਰ ਵਿਸ਼ੇ ਗੁਰਬਾਣੀ, ਸਾਹਿਤ ਦਾ ਇਤਿਹਾਸ, ਆਧੁਨਿਕ ਕਵਿਤਾ ਤੇ ਆਲੋਚਨਾ ਦੇ ਸਿਧਾਂਤ ਇਕੱਲੇ ਪੜ੍ਹਾਉਂਦੇ ਸਨ। ਇੱਥੇ ਉਹਨਾਂ ਨੇ ਨਾ ਕੇਵਲ ਪੰਜਾਬੀ ਸਾਹਿਤ ਦਾ ਹੀ ਡੂੰਘਾ ਅਧਿਐਨ ਨਹੀਂ ਕੀਤਾ ਸਗੋਂ ਇਸ ਸਾਹਿਤ 'ਚ ਵਿਚਾਰਧਾਰਕ ਤੇ ਕਾਵਿਆਤਮਕ ਪੇਸ਼ਕਾਰੀ ਦਾ ਵੀ ਡੂੰਘਾ ਅਧਿਐਨ ਕੀਤਾ। ਇਸ ਅਧਿਐਨ ਦਾ ਉਨ੍ਹਾਂ ਨੇ ਆਪਣੀ ਲਿਖੀ 'ਸਾਹਿਤਆਰਥ' (ਸਾਹਿਤ ਦੇ ਅਰਥ) ਪੁਸਤਕ 'ਚ ਸਾਹਿਤ ਦੇ ਕੀ ਅਰਥ ਹਨ, ਵਰਣਨ ਇੰਨੀ ਬੌਧਿਕਤਾ ਤੇ ਬਰੀਕੀ 'ਚ ਕੀਤਾ ਕਿ ਅੱਜ ਇਸ ਪੁਸਤਕ ਨੂੰ ਸੱਠ ਸਾਲ ਦੇ ਕਰੀਬ ਛਪੀ ਨੂੰ ਹੋ ਗਏ ਹਨ ਤਾਂ ਵੀ ਕਾਵਿ ਵਿਸ਼ੇ ਬਾਰੇ ਉਨ੍ਹਾਂ ਦੀ ਦਿੱਤੀ ਗਈ ਵਿਚਾਰਧਾਰਾ ਅੱਜ ਵੀ ਅਸਲੀ ਮੌਲਿਕਤਾ ਤੇ ਸਾਰਥਿਕਤਾ ਵਾਲੀ ਜਾਪਦੀ ਹੈ। ਉਨ੍ਹਾਂ ਹੀ ਦਿਨਾਂ 'ਚ ਉਨ੍ਹਾਂ ਨੇ ਆਪਣੇ ਆਪ ਨੂੰ ਸਿਰਜਣਾਤਮਕ ਰਚਨਾਵਾਂ ਵੱਲ ਰੁਚਿਤ ਰੱਖਿਆ। ਜਿੱਥੇ ਉਹਨਾਂ ਨੇ ਉਸ ਸਮੇਂ ਆਪਣਾ ਨਾਵਲ ਲਿਖਿਆ, ਉਥੇ ਉਹਨਾਂ ਨੇ ਪੂਰੀ ਲੰਬਾਈ ਵਾਲਾ ਵੱਡਾ ਨਾਟਕ 'ਕਲਾਕਾਰ' ਵੀ ਲਿਖਿਆ। ਇਹ ਪੰਜਾਬੀ ਸਾਹਿਤ ਦੀ ਬੜੀ ਇਕ ਸੂਖਮਦਰਸ਼ੀ ਸ਼ੈਲੀ ਵਾਲੀ ਰਚਨਾ ਹੈ। ਉਹਨਾਂ ਦਾ ਦੂਜਾ ਕਹਾਣੀ ਸੰਗ੍ਰਹਿ 'ਕਾਮੇ ਤੇ ਯੋਧੇ' ਵੀ ਉਨ੍ਹਾਂ ਸਮਿਆਂ 'ਚ ਹੀ ਛਪਿਆ।

ਇਕ ਪੇਪਰ ਸੈਟਿੰਗ ਦੀ ਗਲਤੀ ਜਿਹੜੀ ਕਿ ਉਨ੍ਹਾਂ ਦੇ ਇਕ ਯੂਨੀਅਰ ਪ੍ਰੋ: ਨੇ ਕੀਤੀ ਸੀ, ਉਸ ਦੀ ਜ਼ਿੰਮੇਵਾਰੀ ਸੇਖੋਂ ਸਾਹਿਬ ਨੇ ਬਿਨਾਂ ਕਿਸੇ ਨਿਸ਼ਕੱਪਟਤਾ ਦੇ ਸੀਨੀਅਰ ਹੋਣ ਦੇ ਨਾਤੇ ਆਪਣੇ ਉਪਰ ਲੈ ਲਈ ਤੇ ਦੂਸਰੀ ਵਾਰ ਫਿਰ ਖਾਲਸਾ ਕਾਲਜ, ਅੰਮ੍ਰਿਤਸਰ ਛੱਡ ਦਿੱਤਾ। ਇਸ ਸਮੇਂ ਉਨ੍ਹਾਂ ਨੇ ਆਪਣੇ ਆਪ ਨੂੰ ਸਥਾਪਤ ਕਰਨ ਲਈ ਲੁਧਿਆਣੇ ਸ਼ਹਿਰ ਨੂੰ ਚੁਣਿਆ। ਇੱਥੇ ਉਨ੍ਹਾਂ ਨੇ ਸੁਤੰਤਰ ਉਮੀਦਵਾਰ ਵਜੋਂ 1952 'ਚ ਲੋਕ ਸਭਾ ਦੀ ਚੋਣ ਲੜੀ ਪਰ ਹਾਰ ਗਏ। ਇਸ ਉਪਰੰਤ ਉਨ੍ਹਾਂ ਨੇ ਖਾਲਸਾ ਕਾਲਜ, ਗੁਰੂ ਸਰਸਧਾਰ ਵਿਖੇ ਅੰਗਰੇਜ਼ੀ ਵਿਭਾਗ ਦੇ ਮੁਖੀ ਪ੍ਰੋਫੈਸਰ ਵਜੋਂ ਫਿਰ ਨੌਕਰੀ ਕਰ ਲਈ। ਇੱਥੇ ਉਨ੍ਹਾਂ ਨੇ 9 ਸਾਲ ਨੌਕਰੀ ਕੀਤੀ। ਨੌਕਰੀ ਕਰਦੇ ਸਮੇਂ ਉਨ੍ਹਾਂ ਨੇ ਦੋ ਹੋਰ ਕਹਾਣੀ ਸੰਗ੍ਰਹਿ ਤੇ ਚਾਰ ਪੂਰੇ ਨਾਟਕ, ਜਿਹਨਾਂ ਦੇ ਵਿਸ਼ੇ ਮਿਥਿਹਾਸਕ, ਇਤਿਹਾਸਕ ਤੇ ਸਮਕਾਲੀਨ ਸਨ ਲਿਖੇ। ਇਸ ਤੋਂ ਇਲਾਵਾ ਉਨ੍ਹਾਂ ਨੇ ਇਕ ਇਕਾਂਗੀ ਸੰਗ੍ਰਹਿ ਵੀ ਲਿਖਿਆ। ਉਨ੍ਹਾਂ ਨੇ ਗੁਰਬਾਣੀ, ਕਿੱਸਾ ਕਾਵਿ ਤੇ ਸੂਫ਼ੀ ਕਾਵਿ 'ਤੇ ਆਲੋਚਨਾਤਮਕ ਲੇਖ ਵੀ ਲਿਖੇ ਜਿਹੜੇ ਸਾਰੇ ਅੱਜ ਦੇ ਆਧੁਨਿਕ ਪੰਜਾਬੀ ਸਾਹਿਤ ਦੇ ਨਜ਼ਰੀਏ ਦੇ ਹਨ, ਜਿਨ੍ਹਾਂ ਨੂੰ ਅਜੇ ਇਕ ਕਿਤਾਬ ਦਾ ਰੂਪ ਨਹੀਂ ਮਿਲਿਆ। ਉਹਨਾਂ ਦਿਨਾਂ 'ਚ ਉਨ੍ਹਾਂ ਨੇ ਸਿਰਫ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਸਿਰਫ ਇਕ ਕਿਤਾਬ ਹੀ ਲਿਖੀ ਸੀ। ਉਨ੍ਹਾਂ ਦੀਆਂ ਅਨੁਵਾਦ ਦੀਆਂ ਪੁਸਤਕਾਂ Antigone, Macbeth, The Resurrection ਵੀ ਇਸੇ ਸਮੇਂ ਦੀਆਂ ਹੀ ਹਨ।

ਸੱਠਵੇਂ ਦਹਾਕੇ 'ਚ ਉਹ ਉਸੇ ਸਕੇਲ 'ਚ ਤਿੰਨ ਵਾਰ ਵੱਖ-ਵੱਖ ਸਥਾਨਾਂ ਤੇ ਕਾਲਜਾਂ ਦੇ ਪ੍ਰਿੰਸੀਪਲ ਬਣੇ। ਪਹਿਲੀ ਵਾਰ 'ਮਾਤਾ ਗੁਜਰੀ ਕਾਲਜ, ਫਤਿਹਗੜ੍ਹ ਸਾਹਿਬ (ਸਰਹੰਦ), ਦੂਸਰੀ ਵਾਰ 1965 'ਚ ਨੌਕਰੀ ਛੱਡ ਕੇ ਦੁਆਬੇ ਦੇ ਮਸ਼ਹੂਰ ਕਸਬੇ ਜੰਡਿਆਲਾ (ਜਲੰਧਰ) ਵਿਖੇ 'ਗੁਰੂ ਗੋਬਿੰਦ ਸਿੰਘ ਨੈਸ਼ਨਲ ਕਾਲਜ' ਤੇ ਤੀਸਰੀ ਵਾਰ 'ਖਾਲਸਾ ਕਾਲਜ ਪਟਿਆਲਾ' ਦੇ ਪ੍ਰਿੰਸੀਪਲ ਬਣੇ। ਇਹਨਾਂ ਅਹੁਦਿਆਂ ਤੇ ਰਹਿੰਦਿਆਂ ਉਨ੍ਹਾਂ ਨੂੰ ਵਿਦਵਤਾ ਤੇ ਗੂੜ੍ਹ-ਗਿਆਨ ਦੇ ਨਾਲ-ਨਾਲ ਇਕ ਚੰਗੇ ਸ਼ਾਸਕ ਹੋਣਾ ਵੀ ਸਾਬਤ ਕਰਨਾ ਸੀ। ਇਸ ਅਹੁਦੇ 'ਤੇ ਰਹਿ ਕੇ ਉਨ੍ਹਾਂ ਨੂੰ ਆਪਣੇ ਵਿਦਿਆਰਥੀਆਂ ਤੇ ਕਾਲਜ ਕਮੇਟੀ ਨਾਲ ਵੀ ਚੰਗੇ ਤਾਲਮੇਲ ਤੇ ਸਹਿਯੋਗ ਦੀ ਲੋੜ ਸੀ ਪਰ ਉਹ ਇਹ ਸੰਤੁਲਨ ਤੇ ਤਾਲਮੇਲ ਕਾਇਮ ਨਾ ਰੱਖ ਸਕੇ ਤੇ ਹਰ ਵਾਰ ਕਾਲਜ ਕਮੇਟੀ ਨਾਲ ਵਿਗੜਦੀ ਰਹੀ ਤੇ ਤਿੰਨੇ ਹੀ ਕਾਲਜਾਂ ਤੋਂ ਇਨ੍ਹਾਂ ਕਾਰਨਾਂ ਕਰਕੇ ਅਸਤੀਫ਼ਾ ਦਿੰਦੇ ਰਹੇ। ਪਰ ਇਸ ਤਰ੍ਹਾਂ ਕਾਲਜਾਂ ਦਾ ਤੇ ਮਾਹੌਲ ਦਾ ਬਦਲਣਾ ਉਹਨਾਂ ਦੇ ਲਿਖਣ ਦੇ ਕੰਮ 'ਚ ਵਿਘਨ ਨਾ ਪਾ ਸਕਿਆ ਤੇ ਉਨ੍ਹਾਂ ਨੇ ਆਪਣੇ ਦੋ ਪੂਰੇ ਵੱਡੇ ਨਾਟਕ ਲਿਖੇ, ਜਿਹਨਾਂ 'ਚ 'ਮਿੱਤਰ ਪਿਆਰਾ' ਨੂੰ ਲਿਖਣ ਬਦਲੇ ਉਨ੍ਹਾਂ ਨੂੰ 1972 'ਚ 'ਸਾਹਿਤ ਅਕੈਡਮੀ' ਦੇ ਸਨਮਾਨ ਨਾਲ ਨਿਵਾਜਿਆ ਗਿਆ। ਉਨ੍ਹਾਂ ਦੀਆਂ ਦੋ ਸਾਹਿਤ ਆਲੋਚਨਾਵਾਂ ਦੀਆਂ ਪੁਸਤਕਾਂ ਨੇ ਉਨ੍ਹਾਂ ਨੂੰ ਨਾ ਕੇਵਲ ਮੱਧ ਯੁੱਗ ਦੀ ਸਾਹਿਤ ਆਲੋਚਨਾ ਦਾ ਇਕ ਸੰਵੇਦਨਸ਼ੀਲ ਬੁੱਧੀਜੀਵੀ ਬਣਾਇਆ ਸਗੋਂ ਆਧੁਨਿਕ ਪੰਜਾਬੀ ਆਲੋਚਨਾ ਦਾ ਵੀ ਇਕ ਸਿਰਮੌਰ ਆਲੋਚਕ ਬਣਾ ਦਿੱਤਾ। ਭਾਈ ਵੀਰ ਸਿੰਘ ਤੇ ਉਨ੍ਹਾਂ ਦੇ ਯੁੱਗ ਦੇ ਸਾਹਿਤਕ, ਸੱਭਿਆਚਾਰਕ ਤੇ ਇਤਿਹਾਸਕ ਖੇਤਰ 'ਚ ਕੀਤੇ ਵਿਸ਼ਲੇਸ਼ਣ ਤੇ ਮੁਲਾਂਕਣ ਨੇ ਉਨ੍ਹਾਂ ਨੂੰ ਪੰਜਾਬੀ ਸਾਹਿਤ ਦੇ ਆਧੁਨਿਕ ਤੇ ਬਾਨੀ ਆਲੋਚਕ ਦੇ ਤੌਰ 'ਤੇ ਸਥਾਪਤ ਵੀ ਕਰ ਦਿੱਤਾ। 'ਪੰਜਾਬੀ ਕਾਵਿ ਸ਼੍ਰੋਮਣੀ' 'ਚ ਉਨ੍ਹਾਂ ਨੇ ਗੁਰੂ ਸਾਹਿਬ ਵੱਲੋਂ 'ਸ੍ਰੀ ਆਦਿ ਗ੍ਰੰਥ' ਦੀ ਰਚਨਾ ਤੇ ਉਸ ਤੋਂ ਪਹਿਲਾਂ ਤੇ ਬਾਅਦ 'ਚ ਕੀਤੇ ਕਾਵਿ ਦੇ ਡੂੰਘੇ ਤੇ ਤੀਖਣ ਅਧਿਐਨ ਨੇ ਉਨ੍ਹਾਂ ਦੀ ਵਿਦਵਤਾ ਨੂੰ ਉਚਾਈ ਦੀਆਂ ਬੁਲੰਦੀਆਂ 'ਤੇ ਪਹੁੰਚਾ ਦਿੱਤਾ। ਇਸ 'ਚ ਉਨ੍ਹਾਂ ਸਮਾਂ ਵਿਹਾਅ ਚੁੱਕੀ ਵਿਚਾਰਧਾਰਾ ਦੀ ਸਾਰਥਿਕਤਾ ਨੂੰ ਅੱਜ ਦੀ ਆਧੁਨਿਕ ਵਿਚਾਰਧਾਰਾ ਦੀਆਂ ਕਦਰਾਂ-ਕੀਮਤਾਂ ਨਾਲ ਜੋੜ ਕੇ ਭਵਿੱਖ ਦੀਆਂ ਕਦਰਾਂ-ਕੀਮਤਾਂ ਦੀ ਸਾਰਥਿਕਤਾ ਲਈ ਪ੍ਰੇਰਿਤ ਕੀਤਾ। ਪੰਜਾਬੀ ਸਾਹਿਤ ਦੀ ਆਲੋਚਨਾ ਦਾ ਇਤਿਹਾਸ ਅਜੇ ਉਨ੍ਹਾਂ ਵੱਲੋਂ ਪਾਏ ਗਏ ਪੂਰਨਿਆਂ ਤੋਂ ਅਗਾਂਹ ਨਹੀਂ ਲੰਘ ਸਕਿਆ।ਅੱਜ ਦਾ ਹਰ ਆਲੋਚਕ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੂੰ ਹੀ ਇਸ ਆਲੋਚਨਾ ਦੇ ਖੇਤਰ 'ਚ ਆਪਣਾ ਰਾਹ ਦਸੇਰਾ ਮੰਨਦਾ ਹੈ।

ਇਨ੍ਹਾਂ ਹੀ ਦਿਨਾਂ 'ਚ ਉਨ੍ਹਾਂ ਨੇ 'ਯੂਨੈਸਕੋ' ਵੱਲੋਂ 'ਹੀਰ ਵਾਰਸ' ਦੇ ਅੰਗਰੇਜ਼ੀ 'ਚ ਅਨੁਵਾਦ ਦੀ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰਾ ਕੀਤਾ। ਇਸ ਉਪਰੰਤ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਸੱਤਰਵੇਂ ਦਹਾਕਿਆਂ ਦੇ ਅੰਤ ਦੇ ਨੇੜੇ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਬਚਿੱਤਰ ਨਾਟਕ' ਦੇ ਅੰਗਰੇਜ਼ੀ ਅਨੁਵਾਦ ਦੀ ਜ਼ਿੰਮੇਵਾਰੀ ਸੇਖੋਂ ਸਾਹਿਬ ਦੇ ਸਪੁਰਦ ਕੀਤੀ। ਇਹ ਅਨੁਵਾਦ ਦਾ ਕੰਮ ਸੇਖੋਂ ਸਾਹਿਬ ਲਈ ਬੜਾ ਚੁਣੌਤੀ ਭਰਿਆ ਤੇ ਮੁਸ਼ਕਿਲ ਹੁੰਦਿਆਂ ਹੋਇਆਂ ਵੀ ਉਨ੍ਹਾਂ ਨੇ ਪੂਰਾ ਕੀਤਾ। ਇਸ ਉਪਰੰਤ ਉਨ੍ਹਾਂ ਨੇ ਆਪਣਾ ਦੂਸਰਾ ਨਾਵਲ 'ਬਾਬਾ ਉਸਮਾਨ' ਲਿਖਿਆ। ਇਹ ਨਾਵਲ ਇਕ ਅਨਪੜ੍ਹ ਪੇਂਡੂ ਪੰਜਾਬੀ ਦੀ ਕਹਾਣੀ ਹੈ, ਜੋ ਵੀਹਵੀਂ ਸਦੀ ਦੇ ਆਰੰਭ 'ਚ ਆਪਣੀ ਉਪਜੀਵਿਕਾ ਦੀ ਖਾਤਰ ਵਿਦੇਸ਼ ਚਲਾ ਜਾਂਦਾ ਹੈ ਤੇ ਉਥੇ ਜਾ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ 'ਗਦਰ ਪਾਰਟੀ' 'ਚ ਸ਼ਾਮਲ ਹੋ ਜਾਂਦਾ ਹੈ ਤੇ ਇਕ ਪਾਸੇ ਆਪਣੀ ਆਰਥਿਕ ਦਸ਼ਾ ਵਧੀਆ ਕਰਨ ਲਈ ਜੂਝਦਾ ਹੈ, ਦੂਸਰੇ ਪਾਸੇ ਉਹ ਦੇਸ਼ ਨੂੰ ਆਜ਼ਾਦ ਕਰਾਉਣ ਵਰਗੇ ਕਠਿਨ ਕਾਰਜ 'ਚ ਸ਼ਾਮਲ ਹੋ ਕੇ ਆਪਣਾ ਜੀਵਨ ਜਿਊਣ ਲਈ ਜੂਝਦਾ ਹੈ। ਇਸ ਤਰ੍ਹਾਂ ਮੁਸ਼ਕਿਲ ਭਰੇ ਹਾਲਾਤ 'ਚ ਵੀ ਪੰਜਾਬੀ ਨੌਜਵਾਨ ਆਪਣੀ ਮਨੋ-ਸ਼ਕਤੀ ਨੂੰ ਬਣਾਈ ਰੱਖਦਾ ਹੈ। ਇਸ ਉਪਰੰਤ ਉਨ੍ਹਾਂ ਨੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਜਿਹਨਾਂ ਨੂੰ 'ਆਦਿ ਗ੍ਰੰਥ' ਸਾਹਿਬ ਦੀ, ਸਿਧਾਂਤਕ ਸਮਝ ਜਾਣਨ ਲਈ 'ਕੁੰਜੀ' ਦਾ ਦਰਜਾ ਦਿੱਤਾ ਗਿਆ ਹੈ, ਦਾ ਬੜੀ ਸਫਲਤਾ ਨਾਲ ਆਲੋਚਨਾਤਮਕ ਅਧਿਐਨ ਕੀਤਾ। ਇਸ 'ਚ ਉਹਨਾਂ ਨੇ ਵਾਰਾਂ ਦੇ ਅਕਸ ਨੂੰ ਨਮੂਨੇ ਦਾ ਬਣਾਈ ਰੱਖਣ ਲਈ, ਉਸੇ ਢੰਗ ਦੀ ਭਾਸ਼ਾ ਦਾ ਹੀ ਵਰਣਨ ਕੀਤਾ ਹੈ ਤਾਂ ਕਿ ਇਹ ਕੁਦਰਤੀ ਲੱਗੇ। ਇਹ ਉਹਨਾਂ ਦਾ ਇਸ 'ਚ ਇਕ ਵਿਸ਼ੇਸ਼ ਗੁਣ ਹੈ। ਨਾਵਲ, ਨਾਟਕ ਤੇ ਕਹਾਣੀ ਦੇ ਖੇਤਰ 'ਚ ਕੀਤੀ ਗਈ ਰਚਨਾ 'ਚ ਵੀ ਉਨ੍ਹਾਂ ਦਾ ਸਿਰਮੌਰ ਸਥਾਨ ਹੈ ਤੇ ਅਜੋਕੇ ਯਥਾਰਥਵਾਦੀ, ਸਮਾਜਵਾਦੀ ਨਾਵਲ, ਨਾਟਕ ਤੇ ਕਹਾਣੀ ਦੇ ਉਹ ਜਨਮਦਾਤਾ ਹਨ ਤੇ ਅਜੋਕੀ ਪੀੜ੍ਹੀ ਦੇ ਲੇਖਕਾਂ ਲਈ ਉਹ ਪ੍ਰੇਰਨਾ ਸਰੋਤ ਵੀ ਹਨ।

ਅੱਸੀਵਿਆਂ ਦੇ ਦਹਾਕੇ 'ਚ ਉਨ੍ਹਾਂ ਦੇ ਦੋ ਨਾਟਕ 'ਵੱਡਾ ਘੱਲੂਘਾਰਾ' ਤੇ 'ਬੰਦਾ ਬਹਾਦਰ' ਵੀ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਇਕ ਮੀਲ-ਪੱਥਰ ਹਨ। ਵੱਡੇ ਘੱਲੂਘਾਰੇ 'ਚ ਉਹ ਅੱਸੀਵਿਆਂ ਦੇ ਸਮੇਂ ਵਿਚ ਪੰਜਾਬ 'ਚ ਸ਼ੁਰੂ ਹੋਏ ਅੱਤਵਾਦ ਦੇ ਦੁਖਾਂਤ 'ਤੇ ਹੋਈ ਜਾਨਾਂ ਦੀ ਤਬਾਹੀ ਤੇ ਆਰਥਿਕ ਨੁਕਸਾਨ ਦਾ ਵਰਣਨ ਕਰਦੇ ਹਨ ਤੇ ਇਸ ਨੂੰ ਪੰਜਾਬ ਦਾ ਦੁਖਾਂਤ ਮੰਨਦੇ ਹਨ। ਜਿਸ ਦੇ ਸਿੱਟੇ ਵਜੋਂ ਭਾਰਤੀ ਫ਼ੌਜ 'ਸ੍ਰੀ ਹਰਿਮੰਦਰ ਸਾਹਿਬ' 'ਤੇ ਹਮਲਾ ਕਰਦੀ ਹੈ ਤੇ ਇਸ 'ਚ ਹਜ਼ਾਰਾਂ ਲੋਕਾਂ ਦੀ ਜਾਨ ਚਲੀ ਜਾਂਦੀ ਹੈ।

ਇਸ ਸਾਕੇ ਦਾ ਬਦਲਾ ਲੈਣ ਲਈ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ 'ਤੇ ਉਸ ਦੇ ਆਪਣੇ ਸੁਰੱਖਿਆ ਗਾਰਡ ਗੋਲੀਆਂ ਨਾਲ ਉਸ ਦੀ ਹੱਤਿਆ ਕਰ ਦਿੰਦੇ ਹਨ ਤੇ ਹੱਤਿਆ ਬਾਅਦ ਫਿਰ ਸਿੱਖਾਂ ਦਾ ਦਿੱਲੀ 'ਚ ਖਾਸ ਤੌਰ 'ਤੇ, ਤੇ ਸਾਰੇ ਭਾਰਤ 'ਚ ਹਜ਼ਾਰਾਂ ਦੀ ਗਿਣਤੀ 'ਚ ਜਾਨੀ ਤੇ ਮਾਲੀ ਨੁਕਸਾਨ ਹੁੰਦਾ ਹੈ। ਇਸ ਪੰਜਾਬ ਦੇ ਦੁਖਾਂਤ ਨੂੰ ਲੇਖਕ ਸਿੱਖਾਂ ਦੇ ਪੂਰਵ ਇਤਿਹਾਸ ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਨਾਲ ਜੋੜ ਕੇ ਵਰਤਮਾਨ ਸੰਦਰਭ ਦੇ ਇਤਿਹਾਸ ਨਾਲ ਮੇਲਦਾ ਹੋਇਆ ਦੇਖਦਾ ਹੈ।

ਦੂਸਰਾ ਉਨ੍ਹਾਂ ਦਾ ਨਾਟਕ 'ਬੰਦਾ ਬਹਾਦਰ' ਹੈ ਇਸ 'ਚ ਲੇਖਕ ਪੰਜਾਬ 'ਚੋਂ ਮੁਗਲ ਰਾਜ ਨੂੰ ਬੰਦਾ ਬਹਾਦਰ ਦੁਆਰਾ ਖਤਮ ਕਰਕੇ 'ਸਿੱਖ ਰਾਜ' ਦੀ ਸਥਾਪਨਾ ਕਰਦਾ ਹੋਇਆ ਦਿਖਾਉਂਦਾ ਹੈ। ਲੇਖਕ ਬੰਦਾ ਬਹਾਦਰ ਨੂੰ ਸਾਕਸ਼ਾਤ ਗੁਰੂ ਗੋਬਿੰਦ ਸਿੰਘ ਜੀ ਦਾ ਰੂਪ ਹੀ ਪ੍ਰਗਟ ਕਰਦਾ ਹੈ।

ਇਹ ਸਿੱਖਾਂ ਵੱਲੋਂ ਮਾਨੋਂ ਲਿਖਿਆ ਗਿਆ ਪੰਜਾਬ ਦਾ ਇਕ ਨਵਾਂ ਇਤਿਹਾਸ ਹੀ ਹੈ ਜੋ ਲੇਖਕ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦਾ ਹੈ। ਇਸੇ ਹੀ ਦਹਾਕੇ ਦੇ ਅੰਤ ਸੰਨ 1987 'ਚ ਭਾਰਤ ਸਰਕਾਰ ਵੱਲੋਂ ਸਭ ਤੋਂ ਵੱਡੇ ਸਿਵਲੀਅਨ ਸਨਮਾਨ 'ਪਦਮਸ੍ਰੀ' ਨਾਲ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੂੰ ਉਨ੍ਹਾਂ ਦੇ ਸਾਹਿਤ ਦੇ ਖੇਤਰ 'ਚ ਪਾਏ ਮਹਾਨ ਯੋਗਦਾਨ ਬਦਲੇ ਸਨਮਾਨਿਤ ਕੀਤਾ ਜਾਂਦਾ ਹੈ।

ਨੱਬੇਵਿਆਂ ਦੇ ਦਹਾਕੇ 'ਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੂੰ ਸਾਹਿਤ 'ਚ ਉਨ੍ਹਾਂ ਦੇ ਯੋਗਦਾਨ ਬਦਲੇ **'ਪ੍ਰੋਫੈਸਰ ਆਫ ਅਮੈਰੀਟਸ'** ਦੀ ਉੱਚੀ ਉਪਾਧੀ ਨਾਲ ਸਨਮਾਨਿਤ ਕੀਤਾ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਇਕ ਕਦਮ ਸਨਮਾਨ ਦਾ ਹੋਰ ਵਧਦੀ ਹੋਈ ਪ੍ਰੋ: ਸੰਤ ਸਿੰਘ ਸੇਖੋਂ ਨੂੰ 'ਪ੍ਰੋਫੈਸਰ ਆਫ ਏਮੀਨਾਂਸ' ਦੀ ਉਚੇਰੀ ਉਪਾਧੀ ਨਾਲ ਤੇ ਨਾਲ ਹੀ 'ਡਾਕਟਰੇਟ ਆਫ ਫਿਲਾਸਫੀ' ਦੀ ਆਨਰੇਰੀ ਉਪਾਧੀ ਨਾਲ ਵੀ ਸਨਮਾਨਿਤ ਕਰਦੀ ਹੈ। ਉਨ੍ਹਾਂ ਦੀ ਉਮਰ ਉਸ ਸਮੇਂ 80 ਸਾਲ ਦੀ ਸੀ ਪਰ ਉਨ੍ਹਾਂ ਦੀਆਂ ਰਚਨਾਵਾਂ ਰਚਣ ਦਾ ਕੰਮ ਰੁਕਿਆ ਨਹੀਂ, ਸਗੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਉਨ੍ਹਾਂ ਨੂੰ ਆਪਣੀ ਸਵੈ-ਜੀਵਨੀ ਲਿਖਣ ਲਈ ਕਿਹਾ ਤੇ ਉਨ੍ਹਾਂ ਨੇ ਆਪਣੀ ਸਵੈ-ਜੀਵਨੀ 'ਜੀਵਨ ਦਾ ਪੰਧ' ਦੋ ਜਿਲਦਾਂ 'ਚ ਲਿਖਿਆ। ਇਹ ਸਵੈ-ਜੀਵਨੀ ਬੜੀ ਨਿਰਪੱਖ ਤੇ ਕੁਦਰਤੀ ਸੁਭਾਅ ਵਾਲੀ ਸ਼ੈਲੀ 'ਚ ਲਿਖੀ ਗਈ ਸੀ। ਇਹ ਸਵੈ-ਜੀਵਨੀ ਹੱਠ ਭਰਪੂਰ ਤੇ ਜੋਰਾਵਰਾਂ ਦੀ ਦਕੀਆਨੂਸੀ ਵਿਚਾਰਾਂ ਦੀ ਵਿਰੋਧਤਾ ਕਰਦੀ ਹੋਣ ਕਰਕੇ ਇਸ ਦੀ ਵਿੱਕਰੀ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਮਰਨ ਉਪਰੰਤ ਵੀ ਉਨ੍ਹਾਂ ਦੀਆਂ ਲਿਖੀਆਂ ਰਚਨਾਵਾਂ ਤੇ ਉਹਨਾਂ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ 'ਤੇ ਅੱਜ ਵੀ ਵਿਦਵਾਨ ਲੋਕ ਚਿੰਤਨ ਕਰ ਰਹੇ ਹਨ ਤੇ ਉਹਨਾਂ ਦੇ ਫ਼ਲਸਫ਼ੇ ਤੋਂ ਪ੍ਰੇਰਨਾ ਲੈ ਰਹੇ ਹਨ। ਉਹਨਾਂ ਦੀਆਂ ਰਚਨਾਵਾਂ ਦੀਆਂ ਪੁਸਤਕਾਂ ਦਾ ਵੇਰਵਾ ਨਿਮਨ ਲਿਖਤ ਅਨੁਸਾਰ ਹੈ:-

**ਨਾਟਕ:-** ਕਲਾਕਾਰ (1946), ਨਾਰਕੀ (1952), ਵਾਰਿਸ (1955), ਭੂਦਾਨ, ਬੇੜਾ ਬੰਧ ਨਾ ਸਕਿਓ, ਮੋਇਆ ਸਾਰ ਨਾ ਕਾਈ (1958), ਦਮਯੰਤੀ (1960), ਸਿਆਲਾਂ ਦੀ ਨੱਢੀ (1968), ਮਿੱਤਰ ਪਿਆਰਾ (1974)

**ਇਕਾਂਗੀ ਸੰਗ੍ਰਹਿ :-** ਛੇ ਘਰ (1941), ਮੇਰੇ ਦਸ ਇਕਾਂਗੀ (1950), ਤਪਿਆ ਕਿਉ ਖਪਿਆ (1950), ਨਾਟ ਸੁਨੇਹੇ (1950), ਸੁੰਦਰ ਪਦ (1956), ਬਾਬਾ ਬੋਹੜ (1964) ਇਹ ਕਾਵਿ ਇਕਾਂਗੀ ਹੈ।

**ਕਹਾਣੀ ਸੰਗ੍ਰਹਿ :-** ਸਮਾਚਾਰ (1943), ਬਾਰਾਂ ਸਿੱਧਾਂ (1946), ਤੀਜਾ ਪਹਿਰ (1953), ਅੱਧੀ ਵਾਟ (1954), ਨੌਨਿਧਾਂ (1956), ਬਾਰਾਂਦਰੀ (1956)

**ਨਾਵਲ:-** ਲਹੂ ਮਿੱਟੀ (1949), ਬਾਬਾ ਅਸਮਾਨ (1973)

ਕਾਵਿ ਸੰਗ੍ਰਹਿ :- ਕਾਵਿ ਦੂਤ (1955)

**ਆਲੋਚਨਾ :-** ਪ੍ਰਸਿੱਧ ਪੰਜਾਬੀ ਕਵੀ, ਸਾਹਿਤਆਰਥ (1957), ਭਾਈ ਵੀਰ ਸਿੰਘ ਤੇ ਉਨ੍ਹਾਂ ਦਾ ਯੁੱਗ (1962), ਪੰਜਾਬੀ ਕਾਵਿ ਸ਼੍ਰੋਮਣੀ (1964), ਪੰਜਾਬੀ ਬੋਲੀ ਦਾ ਇਤਿਹਾਸ (ਦੋ ਜਿਲਦਾਂ)

**ਲੇਖ ਸੰਗ੍ਰਹਿ :-** ਪ੍ਰਗਤੀ ਪੰਧ (1977)

**ਜਨਰਲ ਨਾਲਜ :-** ਮਨੁੱਖੀ ਸਮਾਜ ਦੇ ਬਾਰਾਂ ਪਦੇ (1968)

ਪ੍ਰਿੰਸੀਪਲ ਸੰਤ ਸਿੰਘ ਸੇਖੋਂ ਇਕ ਬਹੁ-ਪੱਖੀ ਗੂੜ੍ਹ-ਗਿਆਨਤਾ ਵਾਲੀ ਸ਼ਖਸੀਅਤ ਸਨ।ਉਨ੍ਹਾਂ ਨੂੰ ਅੱਜ ਦੇ ਵਿਦਵਾਨ ਤੇ ਚਿੰਤਕ ਇਕ ਉੱਚ ਕੋਟੀ ਦਾ ਦਾਰਸ਼ਨਿਕ, ਵਿਚਾਰਧਾਰਕ, ਵਿਧੀ-ਵਿਗਿਆਨ ਦੇ ਮਾਲਕ, ਸੋਹਜਵਾਦੀ (ਸੌਂਦਰਯਵਾਦੀ), ਸੁਹਿਰਦ ਆਲੋਚਕ, ਇਕ ਮਹਾਨ ਇਤਿਹਾਸਕਾਰ, ਇਕ ਮਹਾਨ ਕਵੀ, ਗਲਪਕਾਰ, ਨਾਟਕਕਾਰ ਤੇ ਕਹਾਣੀਕਾਰ, ਸਭਿਆਚਾਰ ਦੇ ਵਿਖਿਆਤਾ, ਭਾਸ਼ਾ ਵਿਗਿਆਨੀ ਤੇ ਉਲਥਾਕਾਰ ਮੰਨਦੇ ਹਨ। ਅੱਜ ਦੇ ਆਧੁਨਿਕ ਪੰਜਾਬੀ ਸਾਹਿਤ ਦੇ ਲਿਖਾਰੀ, ਪੰਜਾਬੀ ਸਾਹਿਤ ਦੇ ਹਰ ਰੂਪ ਦਾ ਉਨ੍ਹਾਂ ਨੂੰ ਜਨਮਦਾਤਾ ਤੇ ਆਪਣਾ ਪ੍ਰੇਰਨਾ ਸਰੋਤ ਮੰਨਦੇ ਹਨ ਤੇ ਉਹ ਤਕਰੀਬਨ ਆਧੁਨਿਕ ਪੰਜਾਬੀ ਸਾਹਿਤ ਦੀ ਆਲੋਚਨਾ, ਨਾਟਕ, ਕਾਵਿਨਾਟਕ, ਕਹਾਣੀ ਤੇ ਯਥਾਰਥਵਾਦੀ-ਸਮਾਜਵਾਦੀ ਸੋਚ ਦੇ ਉਸ ਪੀੜ੍ਹੀ ਦੇ ਭਾਰਤੀ ਸਿਰਮੌਰ ਚਿੰਤਕ ਹਨ, ਜਿਹਨਾਂ ਨੇ ਭਾਰਤ ਦੀ ਆਜ਼ਾਦੀ ਲਈ ਲੋਕਾਂ ਦੀ ਸੋਚ 'ਚ ਪਰਿਵਰਤਨ ਲਿਆਂਦਾ ਤੇ ਭਾਰਤ ਦੇ ਆਜ਼ਾਦ ਹੋਣ 'ਤੇ ਦੇਸ਼ ਦੇ ਵਟਵਾਰੇ 'ਚ ਹੋਏ ਖ਼ੂਨ-ਖਰਾਬੇ ਨੂੰ ਵੀ ਹੰਢਾਇਆ ਤੇ ਲੋਕਾਂ 'ਚ ਇਸ ਦੇ ਭਿਆਨਕ ਡਰ ਨੂੰ ਬਹੁਤ ਨੇੜਿਉਂ ਹੋ ਕੇ ਦੇਖਿਆ। ਸੰਨ 1997 'ਚ ਉਨ੍ਹਾਂ ਦੀ ਮੌਤ ਉਪਰੰਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਦੇ ਨਾਂ ਤੇ ਚੇਅਰ ਸਥਾਪਤ ਕੀਤੀ ਹੈ ਤਾਂ ਜੋ ਉਨ੍ਹਾਂ ਵੱਲੋਂ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਪਾਏ ਯੋਗਦਾਨ ਨੂੰ ਹੋਰ ਅੱਗੇ ਵਧਾਇਆ ਜਾ ਸਕੇ ਤੇ ਆਉਣ ਵਾਲੀ ਨਵੀਂ ਪੀੜ੍ਹੀ ਦੇ ਸਾਹਿਤਕਾਰ ਉਹਨਾਂ ਦੀਆਂ ਪ੍ਰਾਪਤੀਆਂ ਤੋਂ ਸਦਾ ਪ੍ਰੇਰਨਾ ਲੈਂਦੇ ਰਹਿ ਸਕਣ। ਮੈਂ ਆਪਣੇ ਲੇਖ ਦੇ ਅੰਤ 'ਚ ਫਿਰ 'ਇੰਟਰਨੈਸ਼ਨਲ ਸਿੱਖ ਸਾਹਿਤ ਸਭਾ' ਤੇ 'ਦਲ ਖਾਲਸਾ ਅਲਾਇੰਸ' ਸੰਸਥਾਵਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਦੇ ਉਪਰਾਲਿਆਂ ਨਾਲ ਭਾਰਤ ਦੇ ਇਸ ਮਹਾਨ ਸਾਹਿਤਕਾਰ 'ਪ੍ਰਿੰਸੀਪਲ ਸਰਦਾਰ ਸੰਤ ਸਿੰਘ ਸੇਖੋਂ' ਦੇ ਨਾਂ 'ਤੇ, ਇਸ ਧਰਤੀ 'ਤੇ, ਉੱਘੀਆਂ ਸ਼ਖਸੀਅਤਾਂ ਜੋ ਸਮਾਜ ਸੇਵਾ ਕਿਸੇ ਵੀ ਰੂਪ 'ਚ ਕਰ ਰਹੀਆਂ ਹਨ ਨੂੰ 'ਪੁਰਸਕਾਰ' ਨਾਲ ਹਰ ਸਾਲ ਉਕਤ ਦੱਸੇ ਗਏ ਦਿਨ 'ਤੇ ਸਨਮਾਨਿਤ ਕਰਿਆ ਕਰਨਗੀਆਂ। ਮੈਂ ਇਸ ਸ਼ੁਭ ਮੌਕੇ ਤੇ ਇਨ੍ਹਾਂ ਸੰਸਥਾਵਾਂ ਨੂੰ ਆਪਣੀਆਂ ਸ਼ੁਭ-ਇੱਛਾਵਾਂ ਤੇ ਵਧਾਈ ਦਿੰਦਾ ਹਾਂ।

# ਅਗਨੀ ਪੂਜਾ ਦਾ ਤਿਉਹਾਰ ਲੋਹੜੀ



ਡਾ. ਕਰਮਜੀਤ ਸਿੰਘ
ਸਾਬਕਾ ਪ੍ਰੋਫੈਸਰ ਅਤੇ ਚੇਅਰਮੈਨ,
ਕੁਰੂਕਸ਼ੇਤਰ ਯੂਨੀਵਰਸਿਟੀ
91 98763 23862

ਪੰਜਾਬੀ ਲੋਕਧਾਰਾ ਸ਼ਾਸਤਰੀਆਂ ਨੇ ਪੰਜਾਬੀ ਲੋਕ ਗੀਤ ਅਤੇ ਪੰਜਾਬੀ ਲੋਕ ਕਥਾਵਾਂ ਆਦਿ ਦੇ ਖੋਜ ਕਾਰਜ ਵੱਲ ਜਿੰਨਾ ਧਿਆਨ ਦਿੱਤਾ ਹੈ, ਓਨਾ ਲੋਕਧਾਰਾ ਦੇ ਦੂਸਰੇ ਪੱਖਾਂ ਉੱਪਰ ਨਹੀਂ ਦਿੱਤਾ। ਇਹੀ ਕਾਰਣ ਹੈ ਕਿ ਕੋਈ ਵੀ ਵਿਅਕਤੀ ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਬਾਰੇ ਕੁਝ ਵੀ ਬੋਲੀ ਅਤੇ ਲਿਖੀ ਜਾ ਰਿਹਾ ਹੈ। ਪੰਜਾਬੀ ਲੋਕ ਵਿਸ਼ਵਾਸ਼ਾਂ, ਲੋਕ ਤਿਉਹਾਰਾਂ, ਲੋਕ ਧਰਮ ਆਦਿ ਉੱਪਰ ਕਈ ਹਾਸੋ ਹੀਣੀਆਂ ਟਿੱਪਣੀਆਂ ਵੀ ਕੀਤੀਆਂ ਜਾਂਦੀਆਂ ਹਨ ਅਤੇ ਮਨਮਰਜ਼ੀ ਦੀਆਂ ਧਾਰਣਾਵਾਂ ਬਣਾਈਆਂ ਜਾਂਦੀਆਂ ਹਨ। ਕਈ ਵਾਰ ਵਿਦਵਾਨ ਵੀ ਇਨ੍ਹਾਂ ਤੋਂ ਉੱਪਰ ਨਹੀਂ ਉੱਠ ਸਕਦੇ। ਇਸੇ ਤਰ੍ਹਾਂ ਲੋਹੜੀ ਸੰਬੰਧੀ ਵੀ ਹੁਣ ਤੱਕ ਕੀਤੀ ਗਈ ਵਿਚਾਰ ਬੜੀ ਸੀਮਤ ਹੈ। ਵਿਦਵਾਨ ਲੋਹੜੀ ਸੰਬੰਧੀ ਇਤਿਹਾਸਕ ਪਹੁੰਚ ਅਪਣਾਉਣ ਦੀ ਬਜਾਇ ਲੋਹੜੀ ਮਨਾਉਣ ਦੀ ਪ੍ਰਕ੍ਰਿਆ ਤੱਕ ਹੀ ਸੀਮਤ ਰਹਿੰਦੇ ਹਨ। ਇਸ ਤਰ੍ਹਾਂ ਲੋਹੜੀ ਬਾਰੇ ਕੁਝ ਜਾਣਕਾਰੀ ਤਾਂ ਮਿਲ ਜਾਂਦੀ ਹੈ, ਪਰ ਡੂੰਘਾਈ ਵਿਚ ਜਾ ਕੇ ਲੋਹੜੀ ਬਾਰੇ ਖੋਜ ਵਲੋਂ ਪਾਸਾ ਵੱਟ ਲਿਆ ਜਾਂਦਾ ਹੈ।

ਲੋਹੜੀ ਪੰਜਾਬ ਦਾ ਮੌਸਮ ਨਾਲ ਜੁੜਿਆ ਅਜਿਹਾ ਤਿਉਹਾਰ ਹੈ ਜਿਸ ਦੀਆਂ ਆਪਣੀਆਂ ਮੌਲਿਕ ਵਿਸ਼ੇਸ਼ਤਾਵਾਂ ਹਨ। ਜਿਵੇਂ ਇਹ ਤਿਉਹਾਰ ਪੋਹ ਦੀ ਆਖ਼ਰੀ ਰਾਤ ਨੂੰ ਮਨਾਇਆ ਜਾਂਦਾ ਹੈ। ਜਦ ਕਿ ਭਾਰਤ ਦੇ ਦੂਜੇ ਹਿੱਸਿਆਂ ਵਿਚ ਅਗਲੇ ਦਿਨ 'ਸੰਕ੍ਰਾਂਤੀ' ਮਨਾਈ ਜਾਂਦੀ ਹੈ। ਪੰਜਾਬੀ ਪੋਹ ਦੀ ਆਖ਼ਰੀ ਰਾਤ ਨੂੰ ਮਾਘ ਦੇ ਪਹਿਲੇ ਦਿਨ ਨਾਲ ਮਿਲਾਉਂਦੇ ਹਨ। 'ਪੋਹ ਰਿੱਧੀ ਮਾਘ ਖਾਧੀ' ਦਾ ਇਹੀ ਸੰਕਲਪ ਹੈ। ਪੰਜਾਬੀ ਇਸ ਤਿਉਹਾਰ ਉੱਪਰ ਅੱਗ ਬਾਲਦੇ ਹਨ। ਸੰਕ੍ਰਾਂਤੀ ਉੱਪਰ ਅਜਿਹਾ ਕੁਝ ਨਹੀਂ ਹੁੰਦਾ, ਸਿਰਫ਼ ਦਰਿਆਵਾਂ, ਸਰੋਵਰਾਂ ਵਿਚ ਇਸ਼ਨਾਨ ਕੀਤਾ ਜਾਂਦਾ ਹੈ। ਲੋਹੜੀ ਵਿਚ ਤਿਲਾਂ ਅਤੇ ਤਿਲ਼ਾਂ ਦੀਆਂ ਰਿਉੜੀਆਂ ਦੀ ਆਹੂਤੀ ਦਿੱਤੀ ਜਾਂਦੀ ਹੈ। ਲੋਹੜੀ ਉੱਪਰ ਅਜਿਹਾ ਸ਼ਗਨ ਹੋਰ ਕਿਧਰੇ ਮੌਜੂਦ ਨਹੀਂ। ਇਨ੍ਹਾਂ ਵਿਸ਼ੇਸ਼ਤਾਵਾਂ ਤੋਂ ਨਵੇਂ ਪ੍ਰਸ਼ਨ ਵੀ ਉੱਭਰਦੇ ਹਨ ਜਿਨ੍ਹਾਂ ਦੇ ਉੱਤਰ ਇਹ ਮੰਨ ਕੇ ਹੀ ਲੱਭੇ ਜਾ ਸਕਦੇ ਹਨ ਕਿ ਲੋਹੜੀ ਦੇ ਤਿਉਹਾਰ ਦੀ ਆਪਣੀ ਵੱਖਰੀ ਪਹਿਚਾਣ ਹੈ। ਪਰੰਤੂ ਪੰਜਾਬੀ ਦੇ ਵਿਦਵਾਨ ਇਸ ਪਾਸੇ ਬਹੁਤਾ ਧਿਆਨ ਨਹੀਂ ਦਿੰਦੇ। ਕੁਝ ਵਿਦਵਾਨਾਂ ਦੇ ਵਿਚਾਰਾਂ ਦਾ ਵਿਸ਼ਲੇਸ਼ਣ ਕਰਕੇ ਇਹ ਗੱਲ ਹੋਰ ਵਧੇਰੇ ਸਪੱਸ਼ਟ ਹੋ ਜਾਵੇਗੀ।

ਡਾ. ਨਵਰਤਨ ਕਪੂਰ ਲਿਖਦਾ ਹੈ ਕਿ, "ਲੋਹੜੀ ਸ਼ਬਦ ਦਾ ਨਿਕਾਸ 'ਲੋਂਹਡੀ' (ਪੱਥਰ ਦੇ ਥੱਲੇ ਵਾਲੀ ਛੋਟੀ ਕੜਾਹੀ, ਜਿਸ ਵਿਚ ਤਿਲ ਭੁੰਨੇ ਜਾਂਦੇ ਹਨ) ਤੋਂ ਹੋਇਆ ਹੈ।"[1] 'ਲੋਂਹਡੀ' ਵਿਚ ਤਿਲ ਭੁੰਨੇ ਜਾਂਦੇ ਹਨ ਪਰ ਅਗਨੀ ਤਿਉਹਾਰ ਦਾ ਇਸ ਆਧਾਰ 'ਤੇ ਨਾਮਕਰਣ ਕਿਵੇਂ ਸੰਭਵ ਹੈ ? ਫਿਰ ਇਸ ਦਾ ਭਾਸ਼ਾ ਵਿਗਿਆਨਕ ਆਧਾਰ ਕੀ ਹੈ ? ਲਗਦਾ ਹੈ ਡਾ. ਨਵਰਤਨ ਕਪੂਰ ਨੇ ਇਹ ਵਿਚਾਰ ਡਾ. ਸ਼ਿਆਮ ਪਰਾਸ਼ਰ ਤੋਂ ਲਿਆ ਹੈ ਜਿਸ ਅਨੁਸਾਰ ਲੋਹੜੀ ਦਾ ਨਿਕਾਸ ਇਵੇਂ ਹੈ, 'ਲੋਹੜੀ, ਲੋੜੀ-ਲੋਹੀ (ਪੌਸ਼-ਤਿਲ+ਲੋਸ਼ਟ (ਰੋੜੀ), ਮਾਸਾਂਤ ਰਾਤ੍ਰੀ ਯਾ ਗੁੜ), ਲੋਹਾਂਡਾ, ਲੋਂਹਡਾ-ਲੋਹ+ਹੰਡੀਕਾ ਯਾ ਲੋਹਾਂਡਾ, ਲੋਂਡਾ, ਭਾਂਡ, ਲੋਹਾਂਡ'[2] ਡਾ. ਸ਼ਿਆਮ ਦੇਵ ਪਰਾਸ਼ਰ ਨੇ ਲੋਹੜੀ ਨੂੰ ਲੋਹਾਂਡ ਦੇ ਨਾਲ ਤਾਂ ਨਹੀਂ ਜੋੜਿਆ ਪਰ ਤਿਲਰੋੜੀ ਸ਼ਬਦ ਵਰਤਿਆ ਹੈ। ਇਹ ਸ਼ਬਦ ਲੋਹੜੀ ਵਿਚ ਕਿਵੇਂ ਪਰਿਵਰਤਿਤ ਹੋਇਆ ਇਸ ਦੀ ਭਾਸ਼ਾ ਵਿਗਿਆਨਕ ਪੱਧਰ ਉੱਪਰ ਪੁਸ਼ਟੀ ਹੋਣੀ ਬਾਕੀ ਹੈ। ਅਸੀਂ ਕੋਸ਼ਿਸ਼ ਕੀਤੀ ਹੈ ਕਿ ਪ੍ਰਾਕ੍ਰਿਤ ਜਾਂ ਅਪਭ੍ਰੰਸ਼ ਵਿਚ ਇਸ ਦੇ ਨਾਲ ਮਿਲਦਾ ਜੁਲਦਾ ਸ਼ਬਦ ਮਿਲ ਸਕੇ ਪਰ ਸਾਨੂੰ ਇਸ ਵਿਚ ਕਾਮਯਾਬੀ ਨਹੀਂ ਮਿਲ ਸਕੀ। ਡਾ. ਮਧੂਲਿਕਾ ਸ਼ਰਮਾ ਨੇ ਭਾਰਤੀ ਪੁਰਾਣ ਕਾਲ ਵਿਚ ਅਗਨੀ ਪੂਜਾ ਦਾ ਜ਼ਿਕਰ ਕਰਦਿਆਂ ਅਗਨੀ ਦੇ ਦਰਜਨਾਂ ਨਾਂ ਗਿਣਵਾਏ ਹਨ ਉਨ੍ਹਾਂ ਵਿਚੋਂ ਇਕ ਹੈ, ਲੋਹਿਤ-ਗ੍ਰੀਵਾ (ਲਾਲ ਧੌਣ ਵਾਲ਼ਾ)।[3] ਜੇ ਭਾਸ਼ਾ ਵਿਗਿਆਨ ਦੇ ਨਿਯਮਾਂ ਅਨੁਸਾਰ ਲੋਹਿਤ ਤੋਂ ਲੋਹੜੀ ਬਣ ਸਕਦਾ ਹੋਵੇ ਤਾਂ ਇਸ ਉਪਰ ਵਿਚਾਰ ਹੋ ਸਕਦੀ ਹੈ। ਜਦੋਂ ਤੱਕ ਕਿਸੇ ਠੋਸ ਨਤੀਜੇ ਉੱਪਰ ਨਹੀਂ ਪਹੁੰਚਿਆ ਜਾ ਸਕਦਾ ਉਦੋਂ ਤੱਕ ਇਹ ਮੰਨਣਾ ਹੀ ਠੀਕ ਹੈ ਕਿ ਲੋਹੜੀ ਸ਼ਬਦ ਪੰਜਾਬੀ ਦਾ ਮੌਲਿਕ ਸ਼ਬਦ ਹੈ।

ਡਾ. ਵਣਜਾਰਾ ਬੇਦੀ ਨੇ ਲੋਹੜੀ ਸੰਬੰਧੀ ਵਿਚਾਰ ਕਰਦਿਆਂ ਕੁਝ ਨੁਕਤੇ ਸਾਹਮਣੇ ਲਿਆਂਦੇ ਹਨ। ਪਹਿਲਾ ਇਹ ਕਿ ਲੋਹੜੀ ਮੰਗਣਾ 'ਖ਼ੈਰ ਨਹੀਂ ਲਾਗ ਹੈ' ਕਿਉਂਕਿ ਇਸ ਦਿਨ ਲੋਹੜੀ ਮੰਗਣ ਆਏ ਬੱਚਿਆਂ ਨੂੰ ਘਰੋਂ ਖਾਲੀ ਮੋੜਨਾ ਬਦਸ਼ਗਨੀ ਮੰਨੀ ਜਾਂਦੀ ਹੈ। ਇਉਂ ਲਾਗ ਦੀ ਥਾਂ ਸ਼ਗਨ ਦਾ ਹਿੱਸਾ ਜਾਂ ਵਧਾਈ ਹੀ ਕਹਿਣਾ ਚਾਹੀਦਾ ਹੈ, ਜੋ ਮੁੰਡੇ ਕੁੜੀਆਂ ਲੋਹੜੀ ਦੇ ਬਾਲਣ ਦੇ ਨਾਲ ਨਾਲ ਲੈਂਦੇ ਹਨ। ਇਹ ਨੋਟ ਕਰਨਾ ਬੜਾ ਮਨੋਰੰਜਕ ਹੋਵੇਗਾ ਕਿ ਵਿਸ਼ਵ ਭਰ ਵਿਚ ਅਗਨੀ-ਪੂਜਾ ਦੇ ਤਿਉਹਾਰਾਂ 'ਤੇ ਬੱਚੇ ਹੀ ਬਾਲਣ ਇਕੱਤਰ ਕਰਦੇ ਹਨ। ਕਈ ਥਾਈਂ ਉਹ ਗੱਡਿਆਂ ਜਾਂ ਰੇੜ੍ਹੀਆਂ ਉੱਪਰ ਬਾਲਣ ਲੈ ਕੇ ਆਉਂਦੇ ਹਨ। ਇਹ ਵੀ ਤੱਥ ਹੈ ਕਿ ਸੋਗ ਵਾਲੇ ਘਰੋਂ ਲੋਹੜੀ ਨਹੀਂ ਮੰਗੀ ਜਾਂਦੀ ਤੇ ਨਾ ਹੀ ਸੋਗ ਵਿਚ ਡੁੱਬਾ ਪਰਿਵਾਰ ਲੋਹੜੀ 'ਪਾਉਂਦਾ' ਹੈ। ਇਸ ਲਈ ਇਹ ਸਪੱਸ਼ਟ ਹੀ ਹੈ ਕਿ ਲੋਹੜੀ ਖ਼ੁਸ਼ੀਆਂ ਦਾ ਤਿਉਹਾਰ ਹੈ। ਲੋਹੜੀ ਨੂੰ ਇਕ ਤਰ੍ਹਾਂ 'ਦੇਵੀ' ਮੰਨਿਆ ਜਾਂਦਾ ਹੈ। ਹੜੱਪਾ ਮਹਿੰਜੋਦਾਰੋ ਦੇ ਸਭਿਆਚਾਰ ਵਿਚ ਦੋ ਸੋਟੀਆ ਦੀ ਰਗੜ ਤੋਂ ਉਪਜੀ ਅੱਗ ਨੂੰ ਦੇਵੀ ਮੰਨਿਆ ਗਿਆ ਹੈ। ਪਰੰਤੂ ਵੈਦਿਕ ਕਾਲ ਵਿਚ ਉਹ ਮਰਦ ਬਣ ਜਾਂਦਾ ਹੈ ਤੇ ਅਖੀਰ ਤੇ ਜਾਤੀ ਸਿਸਟਮ ਦੇ ਅਧੀਨ ਬ੍ਰਾਹਮਣ ਦਾ ਦਰਜਾ ਪ੍ਰਾਪਤ ਕਰ ਲੈਂਦਾ ਹੈ। ਇੱਥੇ ਦੇਵਤਿਆਂ ਨੂੰ ਵੀ ਜਾਤ ਦੇ ਆਧਾਰ ਉਪਰ ਵੰਡ ਦਿੱਤਾ ਗਿਆ ਹੈ। ਅਗਨੀ ਦੇ ਨਾਲ ਬ੍ਰਹਿਸਪਤੀ ਵੀ ਬ੍ਰਾਹਮਣ ਦੇਵਤਾ ਹੈ। ਇੰਦਰ, ਵਰੁਣ, ਸੋਮ ਅਤੇ ਯਮ ਕਸ਼ਤਰੀ ਕਹੇ ਗਏ ਹਨ। ਵਾਸੂ ਰੁਦ੍ਰ, ਵਿਸ਼ਵਦੇਵਾਸ ਅਤੇ ਮਾਰੂਤ ਵੈਸ਼ ਦੇਵਤੇ ਹਨ। ਪੂਸ਼ਣ ਦੇਵਤਾ ਜੋ ਸੂਰਜ ਦਾ ਹੀ ਇਕ ਨਾਮ ਹੈ ਸ਼ੂਦਰ ਬਣ ਜਾਂਦਾ ਹੈ।[4] ਰਾਮਾਇਣ, ਮਹਾਭਾਰਤ ਅਤੇ ਪੁਰਾਣਾਂ ਵਿਚ ਇਕ ਮਿੱਥ ਹੈ ਕਿ ਸ਼ਿਵ ਦੇ ਸਹੁਰੇ ਦਕਸ਼ ਨੇ ਸ਼ਿਵ ਨੂੰ ਭੋਜ ਉਪਰ ਬੁਲਾਵਾ ਨਹੀਂ ਭੇਜਿਆ। ਉਸਦੀ ਅਣਹੋਂਦ ਵਿਚ ਉਸਨੂੰ ਦਿੱਤੀ ਬੈਂਟ ਪੂਸ਼ਣ ਦੇਵਤਾ ਖਾਣ ਲੱਗਾ। ਸ਼ਿਵ ਨੇ ਤੀਰ ਨਾਲ ਉਸਦਾ ਦੰਦ ਤੋੜ ਦਿੱਤਾ। ਅਗਨੀ ਤੋਂ ਇਹ ਮੰਗ ਕੀਤੀ ਜਾਂਦੀ ਹੈ ਕਿ ਜੇ ਉਹ ਪੁੱਤਰ ਦੀ ਦਾਤ ਦੇਵੇਗੀ ਤਾਂ ਅਗਲੇ ਵਰ੍ਹੇ, ਉਸਨੂੰ ਚਰਖਾ ਭੇਂਟ ਕੀਤਾ ਜਾਵੇਗਾ। ਚਰਖਾ ਹੀ ਕਿਉਂ? ਇਥੇ ਇਕ ਹੋਰ ਪ੍ਰਸ਼ਨ ਉੱਭਰ ਆਉਂਦਾ ਹੈ ਜਿਸ ਦਾ ਉੱਤਰ ਅਗਾਂਹ ਥਾਂ ਸਿਰ ਦਿੱਤਾ ਜਾਵੇਗਾ।

ਡਾ. ਵਣਜਾਰਾ ਬੇਦੀ ਲੋਹੜੀ ਦਾ ਆਰੰਭ 'ਸੂਰਜ ਪੂਜਾ ਤੋਂ ਹੀ ਬੱਝਿਆ' ਖ਼ਿਆਲ ਕਰਦਾ ਹੈ। ਮਾਨਵ ਵਿਗਿਆਨੀਆਂ ਨੇ ਅਗਨੀ ਪੂਜਾ ਦੀ ਵਿਆਖਿਆ ਦੇ ਦੋ ਸਿਧਾਂਤ ਦਿੱਤੇ ਹਨ। ਉਨ੍ਹਾਂ ਵਿਚੋਂ ਇਕ ਹੈ 'ਸੂਰਜੀ ਸਿਧਾਂਤ'। ਇਹ ਸਿਧਾਂਤ ਮੈਨਹਰਟ (Mannardt) ਨੇ ਦਿੱਤਾ। ਜਿਸਦੀ ਵਿਆਖਿਆ ਕਰਦਾ ਹੋਇਆ ਜੇਮਜ਼ ਫਰੇਜ਼ਰ ਲਿਖਦਾ ਹੈ ਕਿ "ਅਗਨੀ ਪੂਜਾ ਦੀਆਂ ਰਸਮਾਂ ਦੀ ਅਤੇ ਵਿਸ਼ਵਾਸ਼ਾਂ ਦੀ ਇਕ ਵਿਆਖਿਆ ਇਹ ਕੀਤੀ ਜਾਂਦੀ ਹੈ ਕਿ ਇਹ ਜਾਦੂ ਦੀਆਂ ਰਸਮਾਂ ਜਾਂ ਸੂਰਜੀ ਜਾਦੂ ਹੈ ਜਿਸ ਦਾ ਆਧਾਰ ਅਨੁਕਰਣ-ਜਾਦੂ ਨਾਲ ਜੁੜਿਆ ਹੋਇਆ ਹੈ। ਸੂਰਜ ਦੀ ਰੌਸ਼ਨੀ ਮਨੁੱਖਾਂ, ਪਸ਼ੂਆਂ ਅਤੇ ਪੌਦਿਆਂ ਲਈ ਸੁਨਿਸ਼ਚਿਤ ਕਰਨ ਲਈ ਅੱਗਾਂ ਬਾਲਣਾ, ਧਰਤੀ ਉੱਤੇ ਆਕਾਸ਼ ਵਿਚਲੇ ਰੌਸ਼ਨੀ ਅਤੇ ਗਰਮੀ ਦੇ ਮਹਾਨ ਸ੍ਰੋਤ ਸੂਰਜ ਦੀ ਨਕਲ ਕਰਨਾ ਹੀ ਹੈ।"[6] ਡਾ. ਵਣਜਾਰਾ ਬੇਦੀ ਕਿਸੇ ਵੀ ਸਿਧਾਂਤ ਦਾ ਹਵਾਲਾ ਤਾਂ ਨਹੀਂ ਦਿੰਦਾ ਪਰੰਤੂ ਉਸ ਵਲੋਂ ਦਿੱਤਾ ਵਿਚਾਰ ਸੂਰਜੀ-ਜਾਦੂ-ਸਿਧਾਂਤ ਵੱਲ ਇਸ਼ਾਰਾ ਕਰਦਾ ਹੈ। ਇਸ ਵਿਚਾਰ ਨੂੰ ਅਗਾਂਹ ਵਿਸਤਾਰ ਦੇਣ ਦੀ ਲੋੜ ਸੀ ਪਰੰਤੂ ਇਹ ਵਿਚਾਰ ਡਾ. ਵਣਜਾਰਾ ਬੇਦੀ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ।



ਡਾ. ਵਣਜਾਰਾ ਬੇਦੀ ਨੇ ਕੁਝ ਹੋਰ ਮਹੱਤਵਪੂਰਣ ਵਿਚਾਰ ਪੇਸ਼ ਕੀਤੇ ਹਨ। ਜਿਵੇਂ ਸੂਰਜ ਦਕਸ਼ਣਾਇਣ ਵਿਚੋਂ ਉਤਰਾਇਣ ਵਿਚ ਦਾਖਲ ਹੁੰਦਾ ਹੈ। ਸੁੱਤੇ ਦੇਵਤੇ ਜਾਗ ਪੈਂਦੇ ਹਨ।' ਇਸੇ ਖ਼ੁਸ਼ੀ ਵਿਚ ਸੰਕ੍ਰਾਂਤੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਪਰੰਤੂ ਲੋਹੜੀ ਲਈ ਹੋਰ ਵਿਚਾਰ ਦੀ ਲੋੜ ਮਹਿਸੂਸ ਹੁੰਦੀ ਹੈ। ਡਾ. ਵਣਜਾਰਾ ਬੇਦੀ ਇਕ ਰਸਮ ਦਾ ਜ਼ਿਕਰ ਕਰਦਾ ਹੈ ਜਿਹੜੀ ਪੰਜਾਬ ਵਿਚ ਲੋਹੜੀ ਦੇ ਮੌਕੇ 'ਤੇ ਕੀਤੀ ਜਾਂਦੀ ਰਹੀ ਹੈ ਜੋ ਬੇਹੱਦ ਮਹੱਤਵਪੂਰਣ ਹੈ। ਉਸ ਮੁਤਾਬਿਕ, "ਹਰ ਸਾਲ ਲੋਹੜੀ ਤੇ ਇਕ ਵੱਡੀ ਅੱਗ ਬਾਲੀ ਜਾਂਦੀ, ਜਿੱਥੇ ਨਾ ਸਿਰਫ਼ ਸਭ ਦੇ ਘਰਾਂ ਵਿਚੋਂ ਬਾਲਣ ਹੀ ਆਉਂਦਾ ਸੀ ਸਗੋਂ ਅੱਗ ਵੀ ਅਤੇ ਇਸ ਸਾਂਝੀ ਅੱਗ ਵਿਚੋਂ ਨਵੀਂ ਅੱਗ ਲੈ ਕੇ ਫਿਰ ਚੁੱਲ੍ਹੇ ਵਿਚ ਦੱਬ ਦਿੱਤੀ ਜਾਂਦੀ ਸੀ। ਇਹ ਰਿਵਾਜ ਹੁਣ ਤੱਕ ਚੱਲਿਆ ਆ ਰਿਹਾ ਹੈ।"[7] ਇਸ ਰਸਮ ਦਾ ਇਕ ਹੋਰ ਰੂਪ ਇਹ ਵੀ ਰਿਹਾ ਹੈ ਜਿਸਦੀ ਦੱਸ ਮੈਨੂੰ ਮੇਰੇ ਇਕ ਵਿਦਿਆਰਥੀ ਨੇ ਪਾਈ ਸੀ ਕਿ ਖਰੜ ਨੇੜੇ ਪਿੰਡਾਂ ਵਿਚ ਲੋਹੜੀ ਵਾਲੇ ਦਿਨ ਸਾਰੇ ਪਿੰਡ ਦੀ ਅੱਗ ਬੁਝਾ ਦਿੱਤੀ ਜਾਂਦੀ ਸੀ ਅਤੇ ਲੋਹੜੀ ਦੀ ਅੱਗ ਵਿਚੋਂ ਅੱਗ ਲੈ ਕੇ ਦੁਬਾਰਾ ਘਰਾਂ ਵਿਚ ਅੱਗ ਲਿਜਾ ਕੇ ਅੱਗ ਦੱਬ ਦਿੱਤੀ ਜਾਂਦੀ ਸੀ। "ਭਾਰਤ ਵਿਚ ਛੋਟਾ ਨਾਗਪੁਰ ਦੇ ਬਿਹੋਸ ਕਬੀਲੇ ਵਿਚ ਦੋ ਸੋਟੀਆਂ ਨੂੰ ਰਗੜ ਕੇ ਅੱਜ ਵੀ ਅੱਗ ਪੈਦਾ ਕੀਤੀ ਜਾਂਦੀ ਹੈ। ਹੇਠਾਂ ਰੱਖੀ ਲਕੜੀ ਨੂੰ ਔਰਤ ਅਤੇ ਤਿੱਖੀ ਨੋਕ ਵਾਲੀ ਲਕੜੀ ਜਿਸ ਨੂੰ ਘੁਮਾਉਣ ਨਾਲ ਰਗੜਨ ਤੇ ਅਗਨੀ ਪ੍ਰਜਵਲਿਤ ਹੁੰਦੀ ਹੈ-ਨੂੰ ਮਰਦ ਖ਼ਿਆਲ ਕੀਤਾ ਜਾਂਦਾ ਹੈ।"[8] ਇਹ ਰਸਮ ਕਈ ਕਬੀਲਿਆਂ (ਯੂਰਪ ਵਿਚ) ਦੇ ਇਸ ਵਿਚਾਰ ਨਾਲ ਮੇਲ ਖਾਂਦੀ ਹੈ ਕਿ ਇਸ ਸਮੇਂ ਅਗਨੀ ਬੇਹੱਦ ਕਮਜ਼ੋਰ ਹੋ ਜਾਂਦੀ ਹੈ ਅਤੇ ਦੁਬਾਰਾ ਰਗੜ ਕੇ ਰਸਮਾਂ ਨਾਲ ਪੈਦਾ ਕੀਤੀ ਅਗਨੀ ਪੂਰੀ ਸ਼ਕਤੀ ਵਾਲੀ ਹੁੰਦੀ ਹੈ, ਜਿਸ ਨੂੰ ਸਾਰਾ ਸਾਲ ਵਰਤਿਆ ਜਾਣਾ ਹੁੰਦਾ ਹੈ।

ਡਾ. ਵਣਜਾਰਾ ਬੇਦੀ ਤੋਂ ਬਾਅਦ ਦੇ ਪੰਜਾਬੀ ਵਿਦਵਾਨ ਵੱਖ ਵੱਖ ਖੇਤਰਾਂ ਦੀਆਂ ਕਈ ਮਹੱਤਵਪੂਰਣ ਸੂਚਨਾਵਾਂ ਤਾਂ ਦਿੰਦੇ ਹਨ ਪਰੰਤੂ ਉਸਦੇ ਵਿਚਾਰ ਨੂੰ ਅਗਾਂਹ ਨਹੀਂ ਤੋਰਦੇ। ਸੁਖਦੇਵ ਮਾਦਪੁਰੀ ਆਪਣੀ ਪੁਸਤਕ "ਫੁੱਲਾਂ ਭਰੀ ਚੰਗੇਰ" ਵਿਚ ਲੋਹੜੀ ਤੋਂ ਨਵੇਂ ਵਰ੍ਹੇ ਦਾ ਆਰੰਭ ਮੰਨਦਾ ਹੈ। ਇਸ ਵੇਲੇ ਬਣਨ ਵਾਲੀਆਂ ਵਸਤਾਂ ਵਿਚ ਉਸਨੇ ਤਿਲੋਏ, ਰਸ ਦੀ ਖੀਰ, ਸਾਗ, ਖਿਚੜੀ ਅਤੇ ਗਜਰੇਲੇ ਆਦਿ ਦਾ ਜ਼ਿਕਰ ਕੀਤਾ ਹੈ। ਇਵੇਂ ਹੀ ਇਸ ਵੇਲੇ ਰਿਉੜੀਆਂ, ਗੱਚਕ, ਮੂੰਗਫਲੀ ਵੰਡਣ ਦਾ ਵੀ ਰਿਵਾਜ ਹੈ। ਇਸੇ ਦਿਨ ਹੀ ਇਹ ਅਖਾਣ ਪਾਇਆ ਜਾਂਦਾ ਹੈ ਕਿ 'ਇੱਸਰ ਆਏ ਦਲਿੱਦਰ ਜਾਏ, ਦਲਿੱਦਰ ਦੀ ਜੜ੍ਹ ਪੱਟੀ ਜਾਏ'। ਤਿਲ ਸੁੱਟਣ ਸਮੇਂ ਪਾਇਆ ਜਾਂਦਾ ਇਕ ਹੋਰ ਅਖਾਣ ਵਿਚਾਰਨਯੋਗ ਹੈ ਕਿ, 'ਜਿਤਨੇ ਜਠਾਣੀ ਤਿਲ ਸੁੱਟੇਗੀ, ਉਤਨੇ ਦਰਾਣੀ ਪੁੱਤ ਜਣੇਗੀ'। ਤਿਲਾਂ ਨੂੰ ਇਥੇ ਸੰਤਾਨ ਉਤਪਤੀ ਨਾਲ ਜੋੜ ਦਿੱਤਾ ਗਿਆ ਹੈ ਅਤੇ ਇਹ ਵਿਚਾਰ ਅੱਜ ਦਾ ਨਹੀਂ ਹਜ਼ਾਰਾਂ ਸਾਲ ਪੁਰਾਣਾ ਹੈ। ਤਿਲਾਂ ਦੇ ਬੀਜ ਨੂੰ ਸਭ ਤੋਂ ਪੁਰਾਣਾ ਬੀਜ ਮੰਨਿਆ ਗਿਆ ਹੈ। ਇਸ ਨੂੰ 5000 ਸਾਲ ਪੁਰਾਣਾ ਮੰਨਿਆ ਜਾਂਦਾ ਹੈ। ਭਾਰਤੀ ਮਿੱਥ ਅਨੁਸਾਰ ਤਿਲ ਅਮਰ ਹੋਣ ਦਾ ਪ੍ਰਤੀਕ ਹਨ। ਮਹਾਂ ਵਿਸ਼ਨੂੰ ਦੀ ਇਸਤਰੀ ਮਹਾਂ ਸ੍ਰੀ ਦੇਵੀ ਵਿਚ ਵੀ ਤਿਲਾਂ ਦੇ ਗੁਣ ਹਨ। ਘਿਉ ਤੋਂ ਬਾਅਦ ਤਿਲਾਂ ਨੂੰ ਸਭ ਤੋਂ ਪਵਿੱਤਰ ਮੰਨਿਆ ਗਿਆ ਹੈ। ਅਥਰਵੇਦ ਵਿਚ ਮਾਸਾਹਾਰੀ ਪਿਸਾਚਾਂ ਅਤੇ ਰਾਕਸ਼ਸਾਂ ਅਤੇ ਭੈੜੀਆ ਰੂਹਾਂ ਨੂੰ ਅਗਨੀ ਦੇਵਤਾ ਦੂਰ ਭਜਾ ਦਿੰਦਾ ਹੈ। ਅਜਿਹਾ ਕਰਨ ਲਈ ਯੱਗ ਵਿਚ ਅਗਨੀ ਦੇਵਤਾ ਨੂੰ ਦੇਸੀ ਘਿਉ ਅਤੇ ਤਿਲਾਂ ਦੇ ਤੇਲ ਦੀ ਆਹੂਤੀ ਦਿੱਤੀ ਜਾਂਦੀ ਹੈ।[9] ਅਸੀਰੀਅਨ ਮਿੱਥ ਅਨੁਸਾਰ ਸੰਸਾਰ ਰਚਣ ਲਈ ਇਕੱਠੇ ਹੋਏ ਦੇਵਤਿਆਂ ਨੇ ਤਿਲਾਂ ਤੋਂ ਬਣੀ ਸ਼ਰਾਬ ਦਾ ਸੇਵਨ ਕੀਤਾ।[10] ਲੋਹੜੀ ਦੇ ਤਿਉਹਾਰ ਨੂੰ ਸਮਝਣ ਲਈ ਤਿਲਾਂ ਦੀ ਅਜਿਹੀ ਜਾਣਕਾਰੀ ਸਾਨੂੰ ਦੂਰ ਭੂਤਕਾਲ ਤੱਕ ਲੈ ਜਾਂਦੀ ਹੈ। ਲੋਹੜੀ ਉੱਤੇ ਤਿਲਾਂ ਦੀ ਆਹੂਤੀ ਦੇਣ ਪਿੱਛੇ ਵਿਚਾਰ ਇਸ ਦੀ ਉਪਜਾਇਕ ਸ਼ਕਤੀ ਦਾ ਵਿਚਾਰ ਹੀ ਹੈ। ਇਨ੍ਹਾਂ ਦਾ ਅਗਨੀ ਨੂੰ ਅਰਪਣ ਇਕ ਤਰ੍ਹਾਂ ਨਾਲ ਮਹਾਂ ਸ੍ਰੀ ਦੇਵੀ ਨੂੰ ਅਰਪਣ ਹੈ ਜਿਸ ਤੋਂ ਵਰ ਮੰਗਿਆ ਜਾ ਰਿਹਾ ਹੈ। ਤਿਲਾਂ ਸੰਬੰਧੀ ਗੁਰਦਿੱਤ ਸਿੰਘ ਨੇ ਇਕ ਹੋਰ ਅਖਾਣ ਦਿੱਤਾ ਹੈ, 'ਤਿਲ ਤਿੜਕਣ ਤੇ ਦਿਨ ਸਰਕਣ'। ਇਹ ਮੰਨਿਆ ਜਾਂਦਾ ਹੈ ਕਿ ਲੋਹੜੀ ਨੂੰ ਇਕ ਘੜੀ ਦਿਨ ਵੱਡਾ ਹੋ ਜਾਂਦਾ ਹੈ।

ਸੁਖਦੇਵ ਮਾਦਪੁਰੀ ਨੇ ਲੋਹੜੀ ਦੇ ਤਿਉਹਾਰ ਨੂੰ 'ਮਨੁੱਖ ਦੀ ਆਪਣੇ ਵੰਸ਼ ਨੂੰ ਚਾਲੂ ਰੱਖਣ ਦੀ ਭਾਵਨਾ' ਤਕ ਹੀ ਸੀਮਤ ਕਰ ਦਿੱਤਾ ਹੈ। ਉਸ ਅਨੁਸਾਰ, "ਇਹ ਤਿਉਹਾਰ ਨਵੇਂ ਵਿਆਹੇ ਜੋੜੇ ਅਤੇ ਨਵ-ਜਨਮੇ ਮੁੰਡਿਆ ਦੀ ਖ਼ੁਸ਼ੀ ਵਿਚ ਮਨਾਇਆ ਜਾਂਦਾ ਹੈ। ਮੁੰਡਾ ਕਿਸੇ ਕਿਸਾਨ ਦੇ ਘਰ ਜਨਮੇ ਜਾਂ ਕਿਸੇ ਕਾਮੇ ਦੇ ਘਰ ਖ਼ੁਸ਼ੀ ਸਾਰੇ ਪਿੰਡ ਲਈ ਸਾਂਝੀ ਹੁੰਦੀ ਹੈ। ਇਸੇ ਦਿਨ ਸਾਰੇ ਰਲ਼ ਕੇ ਨਵ-ਜਨਮੇ ਮੁੰਡੇ ਦੇ ਘਰੋਂ ਵਧਾਈਆਂ ਦਾ ਗੁੜ ਮੰਗ ਕੇ ਲਿਆਉਂਦੇ ਹਨ।"[11] ਪੰਜਾਬੀ ਜੀਵਨ ਵਿਚ ਮੁੰਡੇ ਦੀ ਪ੍ਰਧਾਨਤਾ (Male Dominance) ਹੋਣ ਨਾਲ ਹੀ ਅਜਿਹਾ ਹੋਣਾ ਸੰਭਵ ਹੈ। ਪਰੰਤੂ ਕਬੀਲਿਆਂ ਵਿਚ ਅਜੇ ਵੀ ਮਾਤ੍ਰੀ ਪ੍ਰਧਾਨ ਸਮਾਜ ਦੇ ਅੰਸ਼ ਮੌਜੂਦ ਹਨ। ਵੇਦਾਂ ਵਿਚ ਅਗਨੀ ਦੇਵਤਾ ਪੁਰਸ਼ ਹੈ, ਪਰ ਪੰਜਾਬੀ ਵਿਚ ਅੱਗ ਇਸਤਰੀ ਲਿੰਗ ਹੈ ਜੋ ਲੋਹੜੀ ਦੀ ਦੇਵੀ ਮੰਨੀ ਗਈ ਹੈ। ਇਹ ਤੱਥ ਇਸ ਤੱਥ ਵੱਲ ਇਸ਼ਾਰਾ ਕਰਦਾ ਹੈ ਕਿ ਲੋਹੜੀ ਦਾ ਤਿਉਹਾਰ ਪੁਰਸ਼ ਪ੍ਰਧਾਨ ਸਮਾਜ ਤੋਂ ਵੀ ਪੁਰਾਣਾ ਹੈ।

ਡਾ. ਗੁਰਮੀਤ ਸਿੰਘ ਦਾ ਲੇਖ "ਲੋਹੜੀ ਦੀ ਲੋਕਧਾਰਾ ਦਾ ਅਧਿਐਨ" ਅੰਤਰ ਵਿਰੋਧਾਂ ਨਾਲ ਭਰਿਆ ਪਿਆ ਹੈ। ਉਸਨੇ ਇਸਨੂੰ ਸੂਰਜ ਵਰ੍ਹੇ ਨਾਲ ਵੀ ਜੋੜਿਆ ਹੈ (ਡਾ. ਵਣਜਾਰਾ ਬੇਦੀ ਦੀ ਤਰ੍ਹਾਂ)। ਉਸਨੇ ਲੋਹੜੀ ਸ਼ਬਦ ਦੀ ਉਤਪਤੀ 'ਲੋਰੀ' ਸ਼ਬਦ ਤੋਂ ਮੰਨੀ ਹੈ। ਉਹ ਲਿਖਦਾ ਹੈ ਕਿ, "ਸਾਡੀ ਸਮਝ ਅਨੁਸਾਰ 'ਲੋਹੜੀ' ਸ਼ਬਦ 'ਲੋਰੀ' ਤੋਂ ਬਣਿਆ ਹੋ ਸਕਦਾ ਹੈ। ਲੋਹੜੀ ਨਾਲ ਵੱਡੀ ਮਾਤਰਾ ਵਿਚ ਲੋਕਗੀਤ ਸੰਬੰਧਿਤ ਹਨ। ਇਨ੍ਹਾਂ ਲੋਕ ਗੀਤਾਂ ਦੀ ਇਕ ਵੱਡੀ ਮਾਤਰਾ ਨਵ-ਜੰਮੇ ਬੱਚੇ ਦੀ ਖ਼ੁਸ਼ੀ ਵਿਚ ਗਾਏ ਗਾਏ ਜਾਣ ਵਾਲੇ ਗੀਤਾਂ ਦੀ ਹੈ। ਇਹ ਗੀਤ ਲੋਰੀ ਦੀ ਭਾਵਨਾ ਵਾਲੇ ਹੁੰਦੇ ਹਨ।"[12] ਲੋਰੀ ਦੇ ਗੀਤ ਆਮ ਤੌਰ 'ਤੇ ਤੁਕਾਂਤਮਈ ਘੱਟ ਹੀ ਹੁੰਦੇ ਹਨ। ਉਹ ਮਾਂ ਵਲੋਂ ਉਚਾਰੇ ਜਾਂਦੇ ਹਨ। ਇਨ੍ਹਾਂ ਵਿਚ ਮੁੰਡੇ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ ਜਾਂਦੀ ਹੈ। ਪਰ ਲੋਹੜੀ ਦੇ ਗੀਤਾਂ ਬਾਰੇ ਅਜਿਹਾ ਕੁਝ ਵੀ ਨਹੀਂ ਕਿਹਾ ਜਾ ਸਕਦਾ। ਲੋਰੀ ਨੂੰ 'ਲੋਰ' ਸ਼ਬਦ ਨਾਲ ਜੋੜਿਆ ਜਾਂਦਾ ਹੈ। ਲੋਹੜੀ ਦੇ ਅਜਿਹੇ ਅਰਥ ਕੀਤੇ ਹੀ ਨਹੀਂ ਜਾ ਸਕਦੇ। ਇਸ ਲਈ ਡਾ. ਗੁਰਮੀਤ ਸਿੰਘ ਦੇ ਲੋਹੜੀ ਸੰਬੰਧੀ ਵਿਚਾਰ ਭਟਕਣ ਦਾ ਸ਼ਿਕਾਰ ਹੋ ਗਏ ਹਨ।

ਇਸ ਤੋਂ ਬਾਅਦ ਡਾ. ਗੁਰਮੀਤ ਸਿੰਘ ਲੋਹੜੀ ਪੂਜਾ ਨੂੰ ਹੋਲੀਕਾ-ਦਹਿਨ ਦੀ ਮਿੱਥ ਨਾਲ ਜਾ ਜੋੜਦਾ ਹੈ। ਇਹ ਮਿੱਥ ਹੋਲੀ ਤਿਉਹਾਰ ਨਾਲ ਜੁੜੀ ਹੋਈ ਹੈ। ਜੋ ਫੱਗਣ ਦੇ ਮਹੀਨੇ ਆਉਂਦਾ ਹੈ। ਜੇ ਅਗਨੀ ਨਾਲ ਵੀ ਜੋੜੀਏ ਤਾਂ ਇਹ ਬਸੰਤ ਦੀ ਅਗਨੀ ਨਾਲ ਜੁੜੇਗਾ। ਇਸ ਲਈ ਡਾ. ਗੁਰਮੀਤ ਦੇ ਇਸ ਵਿਚਾਰ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ ਕਿ, "ਲੋਹੜੀ ਦੀ ਪੂਜਾ ਸੰਬੰਧੀ ਮੌਖਿਕ ਪਰੰਪਰਾ ਵਿਚ ਇਕ ਮਿਥ ਪ੍ਰਚਲਿਤ ਹੈ ਜੋ...।"[13] ਇਸ ਤੋਂ ਬਾਅਦ ਪ੍ਰਹਿਲਾਦ-ਹਰਨਾਖ਼ਸ਼-ਹੋਲੀਕਾ ਦੀ ਮਿੱਥ ਦਿੱਤੀ ਗਈ ਹੈ। ਇਸ ਪ੍ਰਸ਼ਨ ਦਾ ਜਵਾਬ ਦੇਣਾ ਮੁਸ਼ਕਿਲ ਹੈ ਕਿ ਹੋਲੀ, ਲੋਹੜੀ ਕਿਵੇਂ ਬਣ ਗਈ? ਹਾਂ ਇਹ ਲੋਕ ਸਿਆਣਪ ਸਮਝ ਆਉਣ ਵਾਲੀ ਹੈ ਕਿ 'ਲੋਹੜੀ ਵਾਲੇ ਦਿਨ ਤੋਂ ਦਿਨ ਬੱਕਰੇ ਜਿੱਡੀ ਛਾਲ ਮਾਰਦਾ ਹੈ' ਡਾ. ਗੁਰਮੀਤ ਸਿੰਘ ਅਨੁਸਾਰ ਲੋਹੜੀ ਤੇ ਨਿੱਕੇ ਬੱਚਿਆਂ ਨੂੰ ਰੰਗ-ਬਰੰਗੇ ਪਤਾਸਿਆਂ, ਨਾਰੀਅਲ ਦੀ ਗਰੀ, ਮੂੰਗਫਲੀ ਛੁਹਾਰੇ ਆਦਿ ਦੇ ਹਾਰ ਬਣਾ ਕੇ ਗਲ਼ਾਂ ਵਿਚ ਪਾਉਣ ਨੂੰ ਦਿੱਤੇ ਜਾਂਦੇ ਸਨ। ਪਰ ਸਾਡੀ ਜਾਣਕਾਰੀ ਅਨੁਸਾਰ ਮਾਝੇ ਵਿਚ ਅਜਿਹਾ ਕੁਝ ਵਿਸਾਖੀ ਉੱਪਰ ਕੀਤਾ ਜਾਂਦਾ ਹੈ ਲੋਹੜੀ 'ਤੇ ਨਹੀਂ। ਇਹ ਵੀ ਮੰਨਣਯੋਗ ਹੈ ਕਿ ਗੁੜ ਉਤਪਾਦਕਤਾ ਨਾਲ ਸੰਬੰਧਿਤ ਰਿਹਾ ਹੈ, ਗੁੜ ਤੇ ਤਿਲ਼ ਤਾਂ ਹੀ ਇਕੱਠੇ ਹੁੰਦੇ ਹਨ। ਦੋਨੋਂ ਉਪਜਾਇਕਤਾ ਨਾਲ ਜੁੜਦੇ ਹਨ। 'ਵਸਾਖ ਦੇਵਤਾ' ਕਿਹੜਾ ਦੇਵਤਾ ਹੈ ਇਸ ਦੀ ਵਿਆਖਿਆ ਦੀ ਲੋੜ ਹੈ। ਉਪਰੋਕਤ ਭਟਕਣਾਂ ਤੋਂ ਬਾਅਦ ਡਾ. ਗੁਰਮੀਤ ਸਿੰਘ ਸਹੀ ਥਾਂ 'ਤੇ ਪਹੁੰਚਦਾ ਹੈ ਕਿ, "ਲੋਹੜੀ ਵੀ ਵਿਸ਼ੇਸ਼ ਰੂਪ ਵਿਚ ਅਗਨੀ ਪੂਜਾ ਦਾ ਤਿਉਹਾਰ ਹੈ।" ਸੂਰਜ ਨਾਲ ਜੁੜੀ ਹੋਣ ਕਰਕੇ ਉਸਨੂੰ ਦਿੱਤੀ ਭੇਂਟਾ ਸੂਰਜ ਨੂੰ ਪਹੁੰਚਦੀ ਹੈ। ਬਾਅਦ ਵਿਚ ਡਾ. ਗੁਰਮੀਤ ਸਿੰਘ ਖਾਧ ਸਮੱਗਰੀ ਨੂੰ 'ਰੱਬ' ਤੱਕ ਪਹੁੰਚਦੀ ਵੀ ਕਹਿੰਦਾ ਹੈ। ਇਕ ਲੇਖ ਵਿਚ ਇੰਨੇ ਅੰਤਰ-ਵਿਰੋਧਾਂ ਦੀ ਇਕ ਵਿਦਵਾਨ ਪਾਸੋਂ ਆਸ ਤਾਂ ਨਹੀਂ ਰੱਖੀ ਜਾ ਸਕਦੀ, ਪਰ ਇਹ ਅੰਤਰ-ਵਿਰੋਧ ਹਨ ਇਹੀ ਸੱਚ ਹੈ।

ਸਰ ਜੇਮਜ਼ ਫਰੇਜ਼ਰ ਨੇ ਆਪਣੇ ਜਗਤ ਪ੍ਰਸਿੱਧ ਗ੍ਰੰਥ 'ਦਾ ਗੋਲਡਨ ਬੋਅ' (ਸਟੱਡੀ ਇਨ ਮੈਜਿਕ ਐਂਡ ਰਿਲੀਜਨ) ਵਿਚ ਸਮੁੱਚੇ ਯੂਰਪ ਦੇ ਅਗਨੀ ਤਿਉਹਾਰਾਂ ਨੂੰ ਹੇਠ ਲਿਖੇ ਸੱਤ ਵਰਗਾਂ ਵਿਚ ਵੰਡਿਆ ਹੈ।

1. ਦਾ ਲੈਂਟਨ ਫਾਇਰਜ਼
2. ਦਾ ਈਸਟਰ ਫਾਇਰਜ਼
3. ਦਾ ਬੈਲਟੇਨ ਫਾਇਰਜ਼
4. ਦਾ ਮਿੱਡ-ਸਮਰ ਫਾਇਰਜ਼
5. ਦਾ ਹੈਲੋਵਿਨ ਫਾਇਰਜ਼
6. ਦਾ ਮਿੱਡ ਵਿੰਟਰ ਫਾਇਰਜ਼ ਅਤੇ
7. ਦਾ ਨੀਡ ਫਾਇਰਜ਼

ਇਨ੍ਹਾਂ ਸਾਰੇ ਤਿਉਹਾਰਾਂ ਦਾ ਨਿਚੋੜ ਕੱਢਦਾ ਫਰੇਜ਼ਰ ਲਿਖਦਾ ਹੈ ਕਿ, ਇਹ ਮਾਅਰਕੇ ਦੀ ਗੱਲ ਹੈ ਕਿ ਇਨ੍ਹਾਂ ਤਿਉਹਾਰਾਂ ਵਿਚ ਇਹ ਵਿਸ਼ਵਾਸ਼ ਸਾਂਝਾ ਹੈ ਕਿ ਬਲੂਤ ਦੀ ਗੇਲੀ (Yule log) ਦੀ ਅਗਨੀ ਤੋਂ ਪੈਦਾ ਹੋਈ ਰਾਖ ਨੂੰ ਸਾਰਾ ਸਾਲ ਸਾਂਭ ਕੇ ਰੱਖਿਆ ਜਾਂਦਾ ਹੈ ਕਿਉਂਕਿ ਇਸ ਨਾਲ ਘਰ ਸੁਰੱਖਿਅਤ ਰਹਿੰਦਾ ਹੈ। ਵਿਸ਼ੇਸ਼ ਤੌਰ 'ਤੇ ਅਸਮਾਨੀ ਬਿਜਲੀ ਤੋਂ ਬਚਾਅ ਹੁੰਦਾ ਹੈ। ਫਰੇਜ਼ਰ ਇਹ ਸੰਭਵਨਾ ਵੀ ਵਿਅਕਤ ਕਰਦਾ ਹੈ ਕਿ ਸ਼ਾਇਦ ਇਹ ਆਰੀਆਂ ਦੇ ਵਿਸ਼ਵਾਸ਼ਾਂ ਦੇ ਚਿੰਨ੍ਹ ਹੋਣ ਜੋ ਬਲੂਤ ਨੂੰ (ਸੀਤਾ-ਬ੍ਰਿਖ, ਜਿਸ ਨੂੰ ਸੀਤਾ ਫ਼ਲ ਲਗਦੇ ਹਨ) ਗਰਜਣਾ ਦੇ ਦੇਵਤਾ ਵਜੋਂ ਸਵੀਕਾਰਦੇ ਹਨ। ਬਲੂਤ-ਗੇਲੀ ਦੀ ਰਾਖ਼ ਪਸ਼ੂਆਂ ਤੇ ਮਨੁੱਖਾਂ ਨੂੰ ਨਰੋਆ ਬਣਾਉਂਦੀ ਹੈ। ਇਹ ਗਾਵਾਂ ਨੂੰ ਵੱਛੇ ਪੈਦਾ ਕਰਨ ਦਾ ਬਲ ਦਿੰਦੀ ਹੈ, ਇਸ ਰਾਹੀਂ ਧਰਤੀ ਸ਼ਕਤੀ ਗ੍ਰਹਿਣ ਕਰਕੇ ਵੱਧ ਪੈਦਾਵਾਰ ਦਿੰਦੀ ਹੈ।[14]

ਇਸ ਉਪਰੰਤ ਫਰੇਜ਼ਰ ਅਗਨੀ ਪੂਜਾ ਦੇ ਦੋ ਸਿਧਾਂਤਾਂ ਦਾ ਜ਼ਿਕਰ ਕਰਦਾ ਹੈ। ਪਹਿਲਾ ਅਗਨੀ ਤਿਉਹਾਰ ਦਾ ਸੂਰਜੀ ਸਿਧਾਂਤ ਅਤੇ ਦੂਜਾ ਸ਼ੁੱਧੀਕਰਣ ਸਿਧਾਂਤ। ਪਰੰਤੂ ਸਾਡੇ ਲਈ ਸੂਰਜੀ ਸਿਧਾਂਤ ਵਧੇਰੇ ਮਹੱਤਵਪੂਰਣ ਹੈ ਕਿਉਂਕਿ ਭਾਰਤ ਵਿਚ ਵੀ ਸੂਰਜ ਨੂੰ ਪਹਿਲ ਦਿੱਤੀ ਜਾਂਦੀ ਹੈ। ਪਰਾ-ਇਤਿਹਾਸਕ ਕਾਲ ਤੋਂ ਹੀ ਸੂਰਜ ਦੇ ਪ੍ਰਤੀਕ ਮਿਲ ਜਾਂਦੇ ਹਨ। ਉੱਤਰ-ਇਤਿਹਾਸਕ ਕਾਲ ਅਤੇ ਹੜੱਪਾ ਮਹਿੰਜੋਦੜੋ ਦੀ ਸਭਿਅਤਾ ਵਿਚ ਵੀ ਇਹ ਚਿੰਨ੍ਹ ਮਿਲਦੇ ਹਨ। ਆਦਿ ਕਾਲੀ ਮਨੁੱਖ ਸੂਰਜ ਦੀ ਰੌਸ਼ਨੀ ਪ੍ਰਾਪਤ ਕਰਨ ਲਈ ਜਾਦੂ ਟੂਣੇ ਕਰਦਾ ਹੈ। ਇਸ ਜਾਦੂ ਦਾ ਪ੍ਰਭਾਵ ਮੌਸਮ ਅਤੇ ਬਨਸਪਤੀ ਉੱਪਰ ਪੈਂਦਾ ਮੰਨਿਆ ਗਿਆ ਹੈ। ਸੂਰਜ ਜਦੋਂ ਧਰਤੀ ਤੋਂ ਸਭ ਤੋਂ ਵੱਧ ਦੂਰ ਜਾਂ ਫਿਰ ਸਭ ਤੋਂ ਵੱਧ ਨੇੜੇ ਹੁੰਦਾ ਹੈ ਤਾਂ ਅਗਨੀ ਪੂਜਾ ਦੇ ਤਿਉਹਾਰ ਕੀਤੇ ਜਾਂਦੇ ਹਨ। ਪੋਹ ਮਹੀਨੇ ਸੂਰਜ ਧਰਤੀ ਤੋਂ ਸਭ ਤੋਂ ਦੂਰ ਮੰਨਿਆ ਜਾਂਦਾ ਹੈ ਅਤੇ ਇਸੇ ਦਿਨ ਤੋਂ ਵੱਡੇ ਦਿਨ ਸ਼ੁਰੂ ਹੁੰਦੇ ਮੰਨੇ ਗਏ ਹਨ। ਇਹ ਇਕ ਤਰ੍ਹਾਂ ਨਾਲ ਪਰਿਵਰਤਨ ਬਿੰਦੂ ਹੈ। ਇਸਾਈ ਮੱਤ ਤੋਂ ਪਹਿਲਾਂ ਵੀ ਨਾਸਤਿਕ ਤਿਉਹਾਰਾਂ ਉੱਪਰ ਸੂਰਜ ਦੇ ਜਨਮ ਦਾ ਜਸ਼ਨ ਮਨਾਇਆ ਜਾਂਦਾ ਸੀ ਅਤੇ ਇਹ ਵੀ ਮੰਨਿਆ ਜਾਂਦਾ ਸੀ ਕਿ ਸੂਰਜ ਸਾਲ ਦੇ ਸਭ ਤੋਂ ਛੋਟੇ ਦਿਨ, ਦੁਬਾਰਾ ਜਨਮ ਲੈਂਦਾ ਹੈ। ਹੰਗਰੀ, ਸਵਾਬੀਆ, ਓਬਰਮੈਡਲਿੰਗਮ ਵਿਚ 15 ਜੂਨ ਨੂੰ ਸੇਂਟ ਵਿਟਰਸ ਡੇਅ 'ਤੇ ਗੱਡੇ ਦੇ ਪਹੀਏ ਨੂੰ ਲੁੱਕ ਲਾ ਕੇ, ਘਾਹ ਫੂਸ ਬੰਨ੍ਹ ਕੇ, ਬਾਰਾਂ ਫੁੱਟੇ ਪੋਲ ਉੱਪਰ ਟੰਗ ਕੇ ਅੱਗ ਲਾਈ ਜਾਂਦੀ ਸੀ। ਪੋਲ ਨੂੰ ਲੱਠ ਦੀ ਥਾਂ ਲਾਇਆ ਜਾਂਦਾ ਸੀ। ਪਹਾੜ ਦੀ ਸਿਖ਼ਰ 'ਤੇ ਇਸ ਰਸਮ ਨੂੰ ਸਿਰੇ ਚੜ੍ਹਾਇਆ ਜਾਂਦਾ ਸੀ। ਲੋਹੜੀ ਸਮੇਂ ਚਰਖ਼ੇ ਦਾ ਸਾੜਨਾ ਇਸੇ ਦਾ ਪ੍ਰਤੀਕ-ਪ੍ਰਗਟਾ ਹੀ ਹੈ। ਚਰਖ਼ੇ ਦਾ ਚੱਕਰ ਸੂਰਜ ਨਾਲ ਮੇਲ ਖਾਂਦਾ ਹੈ ਅਤੇ ਇਸ ਨੂੰ ਘੁਮਾਉਣ ਦੀ ਦਿਸ਼ਾ ਵੀ ਸੂਰਜ ਵਾਲੀ ਹੀ ਹੈ।

ਸੂਰਜ ਅਤੇ ਅਗਨੀ ਉਤਪਾਦਨ ਨੂੰ ਵਧਾਉਂਦੇ ਹਨ। ਇਹ ਵਿਸ਼ਾਵਾਸ਼ ਬਨਸਪਤੀ/ਸਾਗ ਸਬਜ਼ੀਆਂ ਤੱਕ ਹੀ ਸੀਮਤ ਨਹੀਂ, ਇਨ੍ਹਾਂ ਦਾ ਪ੍ਰਭਾਵ ਪਸ਼ੂਆਂ ਅਤੇ ਮਨੁੱਖਾਂ ਉੱਪਰ ਵੀ ਮੰਨਿਆ ਗਿਆ ਹੈ। ਮੋਰਾਕੋ ਵਿਚ ਉਹ ਜੋੜੇ ਜਿਨ੍ਹਾਂ ਦੇ ਘਰ ਔਲਾਦ ਨਹੀਂ ਉਹ ਮਿਡਸਮਰ ਅਗਨੀ ਉੱਪਰੋਂ ਟੱਪਦੇ ਹਨ ਤਾਂ ਜੋ ਉਨ੍ਹਾਂ ਦੇ ਘਰ ਔਲਾਦ ਹੋਵੇ। ਅਗਨੀ ਦੀ ਰਾਖ਼ ਖੇਤਾਂ ਵਿਚ

(ਬਾਕੀ ਅਗਲੇ ਸਫੇ ਤੇ)

# ਅਗਨੀ ਪੂਜਾ ਦਾ ਤਿਉਹਾਰ ਲੋਹੜੀ

ਖਿਲਾਰੀ ਜਾਂਦੀ ਹੈ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਫ਼ਸਲਾਂ ਵਿਚ ਵਾਧਾ ਹੁੰਦਾ ਮੰਨਿਆ ਗਿਆ ਹੈ। ਅਗਨੀ ਤੋਂ ਜਲਾਈ ਮਸ਼ਾਲ ਫ਼ਲਦਾਰ ਦਰਖ਼ੱਤਾਂ ਹੇਠਾਂ ਘੁਮਾਈ ਜਾਂਦੀ ਹੈ। ਪਸ਼ੂਆਂ ਨੂੰ ਅਗਨੀ ਉੱਪਰੋਂ ਲੰਘਾਇਆ ਜਾਂਦਾ ਹੈ ਤਾਂ ਜੋ ਉਨ੍ਹਾਂ ਦਾ ਵੱਧ ਤੋਂ ਵੱਧ ਵਾਧਾ ਹੋਵੇ।

ਦੂਸਰਾ ਸਿਧਾਂਤ ਸ਼ੁੱਧੀਕਰਣ ਦਾ ਸਿਧਾਂਤ ਹੈ। ਇਸ ਸਿਧਾਂਤ ਅਨੁਸਾਰ ਅਗਨੀ ਸ਼ੁੱਧੀਕਰਣ ਕਰਦੀ ਹੈ। ਇਹ ਭੂਤ ਪ੍ਰੇਤਾਂ ਨੂੰ ਜਲਾ ਦਿੰਦੀ ਹੈ ਅਤੇ ਭੈੜੀਆਂ ਰੂਹਾਂ ਦਾ ਨਾਸ ਕਰਦੀ ਹੈ। ਜੇਮਜ਼ ਫਰੇਜ਼ਰ ਨੇ ਯੂਰਪ ਵਿਚੋਂ ਇਸ ਦੀਆਂ ਅਣਗਿਣਤ ਉਦਾਹਰਣਾਂ ਦਿੱਤੀਆਂ ਹਨ, ਪਰੰਤੂ ਜਿਵੇਂ ਕਿ ਅਸੀਂ ਕਿਹਾ ਹੈ ਕਿ ਸਾਡੀ ਲੋਹੜੀ ਸੂਰਜੀ ਸਿਧਾਂਤ ਨਾਲ ਜੁੜੀ ਹੋਈ ਹੈ। ਇਸ ਲਈ ਅਸੀਂ ਇੱਥੇ ਸ਼ੁੱਧੀਕਰਣ ਸਿਧਾਂਤ ਉੱਪਰ ਚਰਚਾ ਨਹੀਂ ਕਰ ਰਹੇ।

ਭਾਰਤ ਵਿਚ ਹੜੱਪਾ-ਮਹਿੰਜੋਦੜੋ ਦੇ ਪੜਾਅ ਤੋਂ ਵੀ ਪਹਿਲਾਂ (3500 ਬੀ.ਸੀ.-2500 ਬੀ.ਸੀ.) ਅਗਨੀ ਪੂਜਾ ਦੇ ਨਿਸ਼ਾਨ ਮਿਲਦੇ ਹਨ। ਪਹਿਲੇ ਪੜਾਅ ਨੂੰ ਕਾਲੀਬੰਗਨ-1 ਜਾਂ ਪਹਿਲਾ ਪੜਾਅ ਕਿਹਾ ਜਾਂਦਾ ਹੈ। ਇੱਥੋਂ ਅਗਨੀ ਕੁੰਡ ਪ੍ਰਾਪਤ ਹੋਏ ਹਨ ਜਿੱਥੋਂ ਅਗਨੀ ਪੂਜਾ ਕੀਤੇ ਜਾਣ ਦੇ ਪ੍ਰਮਾਣ ਮਿਲਦੇ ਹਨ। ਨਾਲ ਹੀ ਬਲੀ ਦਿੱਤੇ ਜਾਣ ਵਾਲੀ ਜਗ੍ਹਾ ਵੀ ਮਿਲਦੀ ਹੈ। ਕੁੰਡ ਵਿਚ ਟੈਰਾਕੋਟਾ-ਪਿੰਡ ਵੀ ਮਿਲਦੇ ਹਨ ਜਿਨ੍ਹਾਂ ਦੀ ਬਲੀ ਦਿੱਤੀ ਜਾਂਦੀ ਹੋਵੇਗੀ। ਕੁਝ ਕੁੰਡਾਂ ਕੋਲੋਂ ਪਸ਼ੂਆਂ ਦੇ ਅਵਸ਼ੇਸ਼ ਮਿਲੇ ਹਨ ਜਿਨ੍ਹਾਂ ਤੋਂ ਪਸ਼ੂਆਂ ਦੀ ਬਲੀ ਦਿੱਤੇ ਜਾਣ ਦੀ ਸੰਭਾਵਨਾ ਵੀ ਨਜ਼ਰ ਆਉਂਦੀ ਹੈ।15 ਇੱਥੇ ਘਰਾਂ ਵਿਚ ਕੀਤੀ ਜਾਂਦੀ ਅਗਨੀ ਪੂਜਾ ਦੀ ਥਾਂ ਵੀ ਮਿਲੀ ਹੈ ਅਤੇ ਸਮੂਹਿਕ ਅਗਨੀ ਪੂਜਾ ਦੀ ਵੀ। ਲੋਹੜੀ ਦਾ ਸੰਬੰਧ ਸਮੂਹਿਕ ਅਗਨੀ ਪੂਜਾ ਨਾਲ ਜਾ ਜੁੜਦਾ ਹੈ।

ਵੈਦਿਕ ਕਾਲ ਸਮੇਂ ਯੱਗ ਵਿਚ ਅਗਨੀ ਦਾ ਪ੍ਰਮੁੱਖ ਥਾਂ ਹੈ। ਅਗਨੀ ਪੁਜਾਰੀ ਅਤੇ ਦੇਵਤੇ ਵਿਚ ਵਿਚੋਲੇ ਦਾ ਕਾਰਜ ਕਰਦੀ ਹੈ। ਵੈਸ਼ਨਵ ਮੱਤ ਵਿਚ ਅਗਨੀ ਨੂੰ ਮਹਾਂਨਾਰਾਇਣ ਦੀ ਜੀਹਵਾ ਮੰਨਿਆ ਗਿਆ ਹੈ। ਇਸ ਲਈ ਅਗਨੀ ਨੂੰ ਦਿੱਤੀ ਭੇਟ ਮਹਾਂਨਾਰਾਇਣ ਨੂੰ ਪਹੁੰਚਦੀ ਮੰਨੀ ਜਾਂਦੀ ਹੈ। ਅਯੁਰਵੇਦ ਵਿਚ ਅਗਨੀ ਨੂੰ ਅਗਨੇਯਾਸਤਰ ਦਾ ਨਿਰਮਾਤਾ ਮੰਨਿਆ ਗਿਆ ਹੈ। ਰਿਗਵੇਦ ਵਿਚ 200 ਰਿਚਾਂ ਅਗਨੀ ਦੀ ਉਸਤਤਿ ਵਿਚ ਮਿਲਦੀਆਂ ਹਨ। ਇੱਥੇ ਇਹ ਵੀ ਧਿਆਨ ਵਿਚ ਰੱਖਣਾ ਜ਼ਰੂਰੀ ਹੈ ਕਿ ਅਗਨੀ ਪੂਜਾ ਰਿਸ਼ੀ ਹੀ ਕਰਦੇ ਸਨ, ਆਮ ਆਦਮੀ ਨਹੀਂ। ਯੱਗ ਇੰਨੇ ਕਰੜੇ ਅਨੁਸ਼ਾਸ਼ਨ ਦੀ ਮੰਗ ਕਰਦੇ ਸਨ ਕਿ ਇਨ੍ਹਾਂ ਵਿਚ ਹਰੇਕ ਤਰ੍ਹਾਂ ਦੇ ਪਸ਼ੂ ਦੀ ਬਲੀ ਦਿੱਤੀ ਜਾਂਦੀ ਸੀ। ਇਹ ਆਮ ਲੋਕਾਂ ਤੋਂ ਦੂਰ ਹੋ ਗਏ, ਇਸੇ ਲਈ ਬੁੱਧ ਧਰਮ ਅਤੇ ਜੈਨ ਮੱਤ ਇਸਦੇ ਵਿਰੁੱਧ ਖੜੇ ਹੋਏ। ਅਗਨੀ ਦਾ ਮੂੰਹ ਪੂਰਬ ਵੱਲ ਹੋਵੇਗਾ ਜਦੋਂ ਦੇਵਤੇ ਨੂੰ ਬਲੀ ਦੇਣ ਲਈ ਅਗਨੀ ਬਾਲੀ ਜਾਵੇਗੀ। ਆਤਮਾਵਾਂ ਅਤੇ ਮਰਿਆਂ ਨੂੰ ਬਲੀ ਦੇਣ ਲਈ ਇਸਦੀ ਦਿਸ਼ਾ ਦੱਖਣ ਵੱਲ ਹੋਵੇਗੀ ਅਤੇ ਖਾਣਾ ਪਕਾਉਣ ਲਈ ਅਗਨੀ ਦਾ ਮੂੰਹ ਪੱਛਮ ਵੱਲ ਹੋਵੇਗਾ। ਅਗਨੀ ਦੇ ਤਿੰਨ ਜਨਮ ਮੰਨੇ ਗਏ ਹਨ, ਇਕ ਵਾਰ ਸਵਰਗ ਵਿਚ ਸੂਰਜ ਦੇ ਰੂਪ ਵਿਚ, ਦੂਸਰਾ ਅਸਮਾਨੀ ਬਿਜਲੀ ਦੇ ਰੂਪ ਵਿਚ ਅਤੇ ਤੀਸਰਾ ਧਰਤੀ ਉਪਰਲੀ ਅੱਗ ਦੇ ਰੂਪ ਵਿਚ। ਅਗਨੀ ਦੀ ਪਤਨੀ ਸਵਾਹਾ ਹੈ ਜਿਸਦਾ ਨਾਮ ਲੈ ਕੇ ਆਹੂਤੀ ਦਿੱਤੀ ਜਾਂਦੀ ਹੈ। ਭਾਰਤੀ ਅਗਨੀ ਨੂੰ ਪਵਿੱਤਰ ਕਰਨ ਵਾਲੀ ਮੰਨਦੇ ਹਨ।16 ਇਸੇ ਲਈ ਅਗਨੀ ਪ੍ਰੀਖਿਆ ਦਾ ਵਿਚਾਰ ਵੀ ਪ੍ਰਚਲਿਤ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਭਾਰਤ ਵਿਚ ਸੂਰਜੀ ਸਿਧਾਂਤ ਅਤੇ ਸ਼ੁੱਧੀਕਰਣ ਸਿਧਾਂਤ ਮਿਸ਼ਰਤ ਰੂਪ ਵਿਚ ਪ੍ਰਚਲਿਤ ਹਨ। ਸੂਰਜੀ-ਅਗਨੀ ਧਰਤੀ ਦੇ ਮਨੁੱਖਾਂ, ਜੀਵ-ਜੰਤੂਆਂ ਅਤੇ ਬਨਸਪਤੀ ਲਈ ਜ਼ਰੂਰੀ ਹੈ, ਅਸਮਾਨੀ ਬਿਜਲੀ ਤਬਾਹੀ ਕਰਦੀ ਹੈ ਅਤੇ ਘਰੇਲੂ ਅਗਨੀ ਮਨੁੱਖ ਦੇ ਵੱਸ ਵਿਚ ਆ ਕੇ ਖਾਣਾ ਬਣਾਉਣ ਤੋਂ ਲੈ ਕੇ ਸਮੁੱਚੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦੀ ਹੈ।

ਪੁਰਾਣਾਂ ਵਿਚ ਅਗਨੀ ਕਾਮ ਦਾ ਪ੍ਰਤੀਕ ਵੀ ਹੈ ਅਤੇ ਮਾਨਵੀ ਅੰਸ਼ ਨੂੰ ਅਗਾਂਹ ਤੋਰਨ ਲਈ ਸਹਾਇਕ। ਇਕ ਮਿੱਥ ਹੈ ਕਿ ਇਕ ਵਾਰ ਪਾਰਬਤੀ ਨੇ ਦੇਵਤਿਆਂ ਨੂੰ ਸਰਾਪ ਦੇ ਦਿੱਤਾ ਉਹ ਨਿਰਸੰਤਾਨ ਰਹਿਣਗੇ। ਜਦੋਂ ਇਹ ਸਰਾਪ ਦਿੱਤਾ ਗਿਆ ਉਸ ਸਮੇਂ ਦੇਵਤਿਆਂ ਵਿਚ ਅਗਨੀ ਦੇਵਤਾ ਹਾਜ਼ਰ ਨਹੀਂ ਸੀ। ਇਕ ਸਮੇਂ ਦੇਵਤਿਆਂ ਨੂੰ ਲੋੜ ਪਈ ਕਿ ਉਹ ਵਿਰੋਧੀਆਂ ਉੱਪਰ ਵਿਜੈ ਪ੍ਰਾਪਤ ਕਰਨ। ਦੇਵਤਿਆਂ ਨੇ ਅਗਨੀ ਦੀ ਭਾਲ ਆਰੰਭ ਕੀਤੀ। ਜਿਸ ਵੀ ਜੀਵ-ਜੰਤੂ ਨੇ ਅਗਨੀ ਦਾ ਪਤਾ ਦਿੱਤਾ ਉਸਨੂੰ ਹੀ ਸਰਾਪ ਮਿਲਿਆ। ਡੱਡੂ ਨੇ ਦੱਸਿਆ ਕਿ ਅਗਨੀ ਜਲ਼ ਵਿਚ ਹੈ ਤਾਂ ਉਸਨੂੰ ਜੀਭ ਨਾ ਹੋਣ ਦਾ ਸਰਾਪ ਦਿੱਤਾ। ਹਾਥੀ ਨੇ ਦੇਵਤਿਆਂ ਨੂੰ ਕਿਹਾ ਕਿ ਅਸ਼ਵੱਥ (ਸੂਰਜ ਦਾ ਨਾਂ) ਅੱਗ ਦਾ ਹੀ ਰੂਪ ਹੈ। ਅਗਨੀ ਨੇ ਉਸਨੂੰ ਵੀ ਪੁੱਠੀ ਜੀਭ ਵਾਲਾ ਬਣਾ ਦਿੱਤਾ। ਤੋਤੇ ਨੇ ਦੱਸਿਆ ਕਿ ਅਗਨੀ ਜੰਡ18 ਦੇ ਦਰੱਖਤ ਵਿਚ ਹੈ ਤਾਂ ਉਸਨੂੰ ਵੀ ਪੁੱਠੀ ਜੀਭ ਲਾ ਦਿੱਤੀ। ਦੇਵਤਿਆਂ ਨੇ ਜੰਡ ਵਿਚ ਅਗਨੀ ਦੇ ਦਰਸ਼ਨ ਕਰਕੇ ਉਸਨੂੰ ਪੁੱਤਰ ਪੈਦਾ ਕਰਨ ਲਈ ਕਿਹਾ ਤਾਂ ਕਿ ਤਾਰਕਾਸੁਰ ਦੈਂਤ ਦਾ ਵਧ ਕੀਤਾ ਜਾ ਸਕੇ। ਅਗਨੀ ਦੇਵ ਨੇ ਸ਼ਿਵ ਦੇ ਬੀਰਜ ਨੂੰ ਗੰਗਾ ਵਿਚ ਲਿਆ ਕੇ ਸੁੱਟਿਆ ਜਿਸ ਤੋਂ ਕਾਰਤਕੇਯ ਦਾ ਜਨਮ ਹੋਇਆ। ਉਸਨੇ ਤਾਰਕਾਸੁਰ ਦਾ ਖਾਤਮਾ ਕੀਤਾ। ਇਸ ਮਿੱਥ ਦੇ ਕਈ ਵਿਸਤਾਰ ਹਨ ਪਰ ਇਸਦਾ ਪ੍ਰਤੀਕ ਇਹ ਹੀ ਬਣਦਾ ਹੈ ਕਿ ਅਗਨੀ ਦੇਵਤਾ ਪੁੱਤਰ ਪੈਦਾ ਕਰਨ ਦਾ ਸਾਧਨ ਬਣਦਾ ਹੈ। ਸਿਵ੍ਹ ਜੀ ਕੋਲ ਜਾਣ ਲਈ ਅਗਨੀ ਨੇ ਤੋਤੇ ਦਾ ਰੂਪ ਧਾਰਣ ਕੀਤਾ ਜਿਸ ਕਾਰਣ ਤੋਤਾ ਵੀ ਕਾਮ ਦਾ ਵਾਹਨ ਬਣਦਾ ਹੈ।19 ਉਪਰੋਕਤ ਲੰਬੀ ਵਿਚਾਰ ਤੋਂ ਬਾਅਦ ਅਸੀਂ ਲੋਹੜੀ ਦੇ ਸਮੁੱਚੇ ਪੱਖਾਂ ਉੱਪਰ ਵਿਚਾਰ ਕਰਨ ਦੇ ਸਮਰੱਥ ਹੋ ਗਏ ਹਾਂ।

ਲੋਹੜੀ ਅਗਨੀ ਪੂਜਾ ਦਾ ਤਿਉਹਾਰ ਹੈ ਜਿਸਦਾ ਸੰਬੰਧ ਪੂਰਵ-ਹੜੱਪਾ ਸਭਿਆਚਾਰ ਨਾਲ ਜਾ ਜੁੜਦਾ ਹੈ। ਉੱਥੇ ਅਗਨੀ ਦੀ ਸਮੂਹਿਕ ਪੂਜਾ ਨੂੰ ਲੋਕਾਂ ਨੇ ਸਾਂਭ ਕੇ ਰੱਖਿਆ। ਅਗਨੀਹੋਤਰੀਆਂ ਨੇ ਅਗਨੀ ਪੂਜਾ ਜਾਂ ਯੱਗ ਕਰਨ ਲਈ ਇਕ ਵੱਖਰਾ ਬ੍ਰਾਹਮਣ ਵਰਗ ਤਿਆਰ ਕਰ ਲਿਆ ਜਿਸ ਵਿਚ ਆਮ ਲੋਕਾਂ ਦਾ ਕੋਈ ਯੋਗਦਾਨ ਨਹੀਂ ਸੀ। ਪਰੰਤੂ ਆਮ ਲੋਕਾਂ ਨੇ ਅਗਨੀ ਪੂਜਾ ਨੂੰ ਆਪਣੇ ਢੰਗ ਨਾਲ ਜੀਵਤ ਰੱਖਿਆ। ਪੰਜਾਬੀ ਲੋਕਾਂ ਨੇ ਇਸਨੂੰ ਲੋਹੜੀ ਦੇ ਰੂਪ ਵਿਚ ਸਾਂਭਿਆ। ਉਨ੍ਹਾਂ ਨੇ ਇਸਨੂੰ ਪੋਹ ਦੀ ਆਖ਼ਰੀ ਰਾਤ ਲਈ ਰਾਖਵਾਂ ਕੀਤਾ। ਬ੍ਰਾਹਮਣੀ ਰਸਮਾਂ ਨੇ ਸੰਕ੍ਰਾਂਤੀ ਨੂੰ ਪਹਿਲ ਦਿੱਤੀ ਪਰ ਆਮ ਲੋਕਾਂ ਨੇ ਆਪਣੇ ਦਿਨ ਦਾ ਤਿਆਗ ਨਹੀਂ ਕੀਤਾ। ਅਗਨੀ ਦੇਵ ਦੀ ਪੂਜਾ ਇਸ ਲਈ ਵੀ ਕੀਤੀ ਜਾਂਦੀ ਹੈ ਕਿ ਇਹ ਪੁੱਤਰ ਦੀ ਦਾਤ ਦਿੰਦਾ ਹੈ। ਨਵੇਂ ਜੋੜਿਆਂ ਨੂੰ ਬੱਚੇ ਪੈਦਾ ਕਰਨ ਦਾ ਬਲ ਬਖ਼ਸ਼ਦਾ ਹੈ। ਅੱਗ ਵਿਚ ਤਿਲਾਂ ਵਰਗੇ ਪਵਿੱਤਰ ਬੀਜ਼ਾਂ ਦੀ ਆਹੂਤੀ ਦਿੱਤੀ ਜਾਂਦੀ ਹੈਂ ਜੋ ਫਿਰ ਉਤਪਾਦਕਤਾ ਦਾ ਪ੍ਰਤੀਕ ਹਨ ਅਤੇ ਮਾਨਵ ਵਿਰੋਧੀ ਕਾਲੀਆਂ ਸ਼ਕਤੀਆ ਦਾ ਨਾਸ਼ ਕਰਦਾ ਹੈ। ਜਠਾਣੀ ਦੇ ਵੱਧ ਤਿਲ ਸੁੱਟਣ ਨਾਲ ਪਰਿਵਾਰ ਵਿਚ ਦਰਾਣੀ ਦੇ ਘਰ ਵਧੇਰੇ ਸੰਤਾਨ ਦੀ ਸੰਭਾਵਨਾ ਹੈ। ਸੂਰਜ ਦੇ ਪ੍ਰਤੀਕ ਚਰਖੇ ਨੂੰ ਵੀ ਅਗਨੀ ਨੂੰ ਸੌਂਪਿਆ ਜਾਂਦਾ ਹੈ। ਰਾਮ ਸਰੂਪ ਰਿਖੀ ਅਤੇ ਉਸਦੀ ਪਤਨੀ (ਸਿਰਸਾ) ਨੇ ਜਾਣਕਾਰੀ ਦਿੱਤੀ ਕਿ ਲੋਹੜੀ ਸਮੇਂ ਗਾਂ ਦੀਆਂ ਦੇ ਗੋਹੇ ਦੀਆਂ ਪੰਜ ਪਾਥੀਆਂ ਲੋਹਵੀ ਬਾਲਣ ਤੋਂ ਪਹਿਲਾਂ ਹੇਠਾਂ ਰੱਖੀਆਂ ਜਾਂਦੀਆਂ। ਇਨ੍ਹਾਂ ਦੀ ਰਾਖ਼ ਬੱਚਿਆਂ ਦੇ ਤਾਲੂ ਨੂੰ ਲਾ ਕੇ ਉਨ੍ਹਾਂ ਦੀ ਕੌਡੀ ਚੁੱਕੀ ਜਾਂਦੀ ਹੈ। ਅੱਗ ਉਪਰ ਪੰਜ ਗੰਨਿਆਂ ਨੂੰ ਵੀ 'ਪ੍ਰਸੇਕਿਆ' (ਗਰਮ ਕੀਤਾ) ਜਾਂਦਾ ਹੈ ਅਤੇ ਦੂਜੇ ਦਿਨ ਉਸ ਗੰਨੇ ਨੂੰ ਚੂਪਿਆ ਜਾਂਦਾ ਹੈ। ਪੰਜ ਮੂਲੀਆਂ ਨੂੰ ਅੱਗ ਉਤੋਂ ਵਾਰ ਕੇ ਅਗਲੇ ਦਿਨ ਖਾਧਾ ਜਾਂਦਾ ਹੈ।

ਗਿਆਨੀ ਗੁਰਦਿੱਤ ਸਿੰਘ ਨੇ ਲੋਹੜੀ ਸਮੇਂ ਅਗਨੀ ਵਿਚ ਤਿਲਾਂ ਦੀ ਆਹੂਤੀ ਪਾਉਣ ਦਾ ਚਿੱਤਰਣ ਇਸ ਤਰ੍ਹਾਂ ਕੀਤਾ ਹੈ। "ਬੁੱਢੇ ਬੁੱਢੀਆਂ ਮਚਦੀਆਂ ਲੱਕੜਾਂ ਦੇ ਚੱਠਿਆਂ ਦੇ ਹੋਏ ਕੋਲਿਆਂ ਦੀ ਮਿੱਠੀ ਮਿੱਠੀ ਮਘਦੀ ਅੱਗ ਦੁਆਲੇ ਆਪਣੀਆਂ ਗੱਲਾਂ ਤੇ ਬਾਤਾਂ ਛੇੜ ਲੈਂਦੇ ਹਨ। ਵਿਚ ਵਿਚ ਕੋਈ ਸਿਆਣੀ ਇਸ ਧੂੰਈਂ ਉੱਤੇ ਤਿਲ ਸੁੱਟਦੀ ਹੈ, ਉਦੋਂ ਸਭ ਮੱਥਾ ਟੇਕਦੀਆਂ ਹਨ। ਅੱਗ ਤੇ ਡਿੱਗੇ ਤਿਲ ਪਟਾਕ ਜਾਂਦੇ ਹਨ ਤਾਂ ਖ਼ੂਬ ਤਿੜ ਤਿੜ ਹੁੰਦੀ ਹੈ, ਧੂੰਈਂ ਉੱਤੇ ਬੈਠੇ ਲੋਕਾਂ ਵਿਚ ਤਿਲਾਂ ਦੇ ਤਲੂਏਂ (ਤਿਲ ਭੁੱਜੇ ਵਿਚ ਗੁੜ ਪਾ ਕੇ ਬਣਾਈ ਸੌਗਾਤ) ਵੰਡੇ ਜਾਂਦੇ ਹਨ।"20 ਤਿਲਾਂ ਦੇ ਮਹੱਤਵ ਉੱਪਰ ਚਰਚਾ ਅਸੀਂ ਕਰ ਆਏ ਹਾਂ। ਗਿਆਨੀ ਗੁਰਦਿੱਤ ਸਿੰਘ ਨੇ ਲੋਹੜੀ ਦੇ ਇਕ ਹੋਰ ਪੱਖ ਵੱਲ ਵੀ ਧਿਆਨ ਦੁਆਇਆ ਹੈ। ਉਹ ਲਿਖਦਾ ਹੈ, "ਸਵੇਰ ਹੋਣ ਤੱਕ ਉਸ ਧੂਣੀ ਦੀ ਸੁਆਹ ਵੀ ਨਹੀਂ ਲੱਭਦੀ। ਉਸ ਪਵਿੱਤਰ ਸੁਆਹ ਨੂੰ ਲੋਕ ਮੂੰਹ ਹਨੇਰੇ ਹੀ ਚੁੱਕ ਲਿਜਾਂਦੇ ਹਨ।"21 ਗੁਰਦਿੱਤ ਸਿੰਘ ਨੇ ਇਹ ਤਾਂ ਨਹੀਂ ਦੱਸਿਆ ਕਿ ਇਸ ਧੂਣੀ ਦੀ ਸੁਆਹ ਦੀ ਵਰਤੋਂ ਕਿਸ ਮਕਸਦ ਲਈ ਕੀਤੀ ਜਾਂਦੀ ਹੈ। ਪ੍ਰੋਫੈਸਰ ਬੂਟਾ ਸਿੰਘ ਬਰਾੜ (ਰਿਜਨਲ ਸੈਂਟਰ, ਬਠਿੰਡਾ) ਦੁਆਰਾ ਦਿੱਤੀ ਜਾਣਕਾਰੀ ਅਨੁਸਾਰ ਬਠਿੰਡੇ ਦੇ ਇਲਾਕੇ ਵਿਚ ਇਹ ਰਾਖ਼ ਡੰਗਰਾ ਹੇਠ ਖਿਲਾਰੀ ਜਾਂਦੀ ਹੈ ਅਤੇ ਲੁਧਿਆਣੇ ਦੇ ਆਸ ਪਾਸ ਇਸਨੂੰ ਖੇਤਾਂ ਵਿਚ ਖਿਲਾਰਿਆ ਜਾਂਦਾ ਹੈ। ਡੰਗਰਾਂ ਹੇਠ ਖਿਲਾਰਨ ਨਾਲ ਮਾਲ ਡੰਗਰ ਵਿਚ ਵਾਧਾ ਹੁੰਦਾ ਹੈ ਅਤੇ ਖੇਤਾਂ ਵਿਚ ਖਿਲਾਰਨ ਨਾਲ਼ ਫਸਲਾਂ ਦਾ ਝਾੜ ਵਧੇਰੇ ਮਿਲ਼ਦਾ ਹੈ।। ਇਹ ਪ੍ਰਤਾਪ ਅਗਨੀ ਦੇਵਤਾ ਦਾ ਹੀ ਹੈ। ਇਸਨੂੰ ਘਰ ਵਿਚ ਰੱਖਣ ਨਾਲ ਹੀ ਬਾਹਰੀ ਦੁਸ਼ਮਣਾਂ ਤੋਂ ਰੱਖਿਆ ਹੁੰਦੀ ਹੈ। ਦੁਆਬੇ ਵਿਚ ਲੋਹੜੀ ਦੀ ਰਾਖ਼ ਨੂੰ ਪੈਰਾਂ ਹੇਠ ਆਉਣ ਤੋਂ ਬਚਾਉਣ ਲਈ ਇਸਨੂੰ ਜਲ ਪ੍ਰਵਾਹ ਕਰ ਦਿੱਤਾ ਜਾਂਦਾ ਹੈ।

ਪੰਜਾਬੀ ਲੋਕਧਾਰਾ ਵਿਚ ਅਗਨੀ-ਦੇਵ ਨਾਲ ਅਨੇਕਾਂ ਵਿਸ਼ਵਾਸ਼ ਜੁੜੇ ਹੋਏ ਹਨ। ਅਗਨੀ ਨੂੰ ਬਝਾਉਣ ਲਈ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ। ਪਹਿਲੇ ਸਮਿਆਂ ਵਿਚ ਚੁੱਲੇ ਵਿਚ ਫੂਕ ਮਾਰਨ ਦੀ ਬਜਾਇ ਪੱਖਾ ਆਦਿ ਝੱਲ ਕੇ ਇਸਨੂੰ ਮਘਾਇਆ ਜਾਂਦਾ ਸੀ। ਅਗਨੀ ਦੇ ਰੂਪ ਦੀਵੇ ਨੂੰ ਬਝਾਉਣਾ ਨਹੀਂ ਕਿਹਾ ਜਾਂਦਾ, 'ਵੱਡਾ ਕਰਨਾ' ਕਿਹਾ ਜਾਂਦਾ ਹੈ। ਅਖੰਡ ਪਾਠ ਸਮੇਂ ਲਗਾਤਾਰ ਦੇਸੀ ਘਿਉ ਦੀ ਜੋਤ ਜਗਾਈ ਜਾਂਦੀ ਹੈ। ਅਗਨੀ ਦੇਵ ਨੂੰ ਸਾਕਸ਼ੀ ਮੰਨ ਕੇ ਹਿੰਦੂ ਪਰਿਵਾਰਾਂ ਵਿਚ ਲਾਵਾਂ ਲਈਆਂ ਜਾਂਦੀਆਂ ਹਨ। ਸਿੱਖਾਂ ਦੇ ਇਕ ਸੰਪ੍ਰਦਾਇ ਨਾਮਧਾਰੀਆਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਨਾਲ ਨਾਲ ਅਗਨੀ (ਵੇਦੀ) ਦੁਆਲੇ ਵੀ ਲਾਵਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਸਾਰੇ ਭਾਰਤ ਵਿਚ ਅਗਨੀ ਦੇ ਮੰਦਰਾਂ ਵਿਚ ਇਸ ਦਾ ਪੂਜਨ ਹੁੰਦਾ ਹੈ। ਪੰਜਾਬ ਵਿਚ ਵੈਸ਼ਨੋ ਦੇਵੀ ਦੀ ਲਾਟ ਪ੍ਰਸਿੱਧ ਹੈ। ਜਵਾਲਾ ਜੀ ਦਾ ਤਾਂ ਨਾਂ ਹੀ ਸਪੱਸ਼ਟ ਹੈ। ਮੰਦਰਾਂ ਗੁਰਦਵਾਰਿਆਂ ਵਿਚ ਆਖੰਡ ਜੋਤੀ ਜਗਾਉਣਾ ਵੀ ਅਗਨੀ-ਪੂਜਾ ਦੇ ਵਿਸ਼ਵਾਸ਼ਾਂ ਨਾਲ ਹੀ ਜੁੜਿਆ ਹੋਇਆ ਹੈ। ਆਰਤੀ ਲੈਣੀ ਵੀ ਇਸੇ ਇਸੇ ਦਾ ਹੀ ਰੂਪ ਹੈ।

ਲੋਹੜੀ ਤੇ ਬੱਚੇ ਅਗਨੀ ਪ੍ਰਜਵਲਿਤ ਕਰਨ ਲਈ ਬਾਲਣ ਦਾ ਪ੍ਰਬੰਧ ਕਰਦੇ ਹਨ। ਲੋਹੜੀ ਅਗਨੀ ਪੂਜਾ ਦਾ ਤਿਉਹਾਰ ਸ਼ਾਇਦ ਦੁਨੀਆਂ ਦਾ ਇਕੋ ਇਕ ਤਿਉਹਾਰ ਹੈ ਜਿਸ ਉੱਪਰ ਬੱਚੇ ਗੀਤ ਵੀ ਗਾਉਂਦੇ ਹਨ। ਇਨ੍ਹਾਂ ਗੀਤਾਂ ਦਾ ਅਧਿਐਨ ਆਪਣੇ ਆਪ ਵਿਚ ਦਿਲਚਸਪ ਹੈ। ਇਨ੍ਹਾਂ ਗੀਤਾਂ ਵਿਚ ਪ੍ਰਮੁੱਖਤਾ ਬਾਲਣ ਇਕੱਠਾ ਕਰਨ ਨੂੰ ਹੈ ਜਿਸ ਨਾਲ ਅਗਨੀ ਨੂੰ ਪ੍ਰਜਵਲਿਤ ਕਰਨਾ ਹੁੰਦਾ ਹੈ। ਦਿਉ ਲੱਕੜੀ ਦਾ ਛੱਜ, ਲਿਆਉ ਗੋਹਿਆਂ ਦਾ ਛੱਜ, ਲਿਆ ਮਾਈ ਲੱਕੜੀ, ਲਿਆ ਲੱਕੜੀਆਂ ਦਾ ਗੱਡਾ, ਲਿਆ ਮਾਈ ਗੋਹਾ/ਮਾਈ ਦਾ ਬੱਚੜਾ ਨਵਾਂ ਨਰੋਆ, ਅਸੀਂ ਪਾਥੀ ਲੈ ਕੇ ਹਿੱਲਾਂਗੇ'22 ਲੋਹੜੀ ਦੇ ਗੀਤਾਂ ਵਿਚ ਦੂਸਰੀ ਵਸਤ ਮੰਗੀ ਜਾਂਦੀ ਹੈ 'ਗੁੜ'। ਨਾ ਸ਼ੱਕਰ (ਸ਼ੱਕਰ ਤੇਰੀ ਕੌੜੀ) ਨਾ ਹੀ ਕੋਈ ਹੋਰ ਵਸਤ ਸਿਰਫ਼ ਗੁੜ ਦੀ ਰੋੜੀ। ਕਿਸੇ ਵੀ ਸ਼ਗਨ ਵਿਹਾਰ 'ਤੇ ਪੰਜਾਬੀ ਸਭਿਆਚਾਰ ਵਿਚ ਜਾਂ ਤਾਂ ਗੁੜ ਦਿੱਤਾ ਜਾਂਦਾ ਹੈ ਜਾਂ ਫਿਰ ਲੱਡੂ। ਇਸ ਲਈ ਇਹ ਸ਼ਗਨਾਂ ਨਾਲ ਜੁੜੀਆਂ ਵਸਤਾਂ ਮੰਨੀਆਂ ਗਈਆਂ ਹਨ। ਗੁੜ ਤਿਲਾਂ ਵਿਚ ਵੀ ਰਲਦਾ ਹੈ ਇਸ ਲਈ ਵੀ ਇਸ ਦਾ ਮਹੱਤਵ ਹੈ।

ਲੋਹੜੀ ਦੇ ਗੀਤਾਂ ਵਿਚ ਤੀਸਰਾ ਪੱਖ ਹੈ ਵਰ ਜਾਂ ਅਸ਼ੀਰਵਾਦ ਦੇਣ ਦਾ।

ਅਗਨੀ ਦੇਵਤਾ ਦੇ ਨਾਂ ਤੇ ਦਿੱਤੀਆਂ ਵਸਤਾਂ ਦਾ ਫ਼ਲ ਤਾਂ ਮਿਲਣਾ ਹੀ ਹੈ। ਇਸ ਲਈ ਨਵ-ਜੰਮੇ ਮੁੰਡੇ, ਉਸਦੇ ਪਿਉ, ਨਾਨੇ, ਇੱਥੋਂ ਤੱਕ ਕੇ ਵੱਡੇ ਹੋ ਕੇ ਬਣਨ ਵਾਲੇ ਸਹੁਰਿਆਂ ਨੂੰ ਵੀ ਲੰਮੀ ਉਮਰ ਭੋਗਣ ਦਾ ਵਰ ਦਿੱਤਾ ਜਾਂਦਾ ਹੈ। 'ਤੇਰੇ ਮੁੰਡੇ ਹੋਣਗੇ ਚਾਲ਼ੀ', 'ਤੇਰੇ ਮੁੰਡੇ ਜੰਮਣ ਸੱਤ', 'ਆਉਣ ਬਹੂਆਂ ਚਾਲ਼ੀ', 'ਘਰ ਵਹੁਟੀ ਅਵੇ ਛਣਕਦੀ' ਆਦਿ ਵਚਨਾਂ ਰਾਹੀਂ ਅਸੀਸਾਂ ਦਿੱਤੀਆਂ ਜਾਂਦੀਆਂ ਹਨ। ਗਿਆਨੀ ਗੁਰਦਿੱਤ ਸਿੰਘ ਅਨੁਸਾਰ ਲੋਹੜੀ 'ਤੇ 'ਹਰਿਆ ਭਾਗੀਂ ਭਰਿਆ' ਵਰਗੇ ਜਨਮ ਸਮੇਂ ਦੇ (ਬ੍ਹਿਆਈਆਂ) ਗੀਤ ਵੀ ਗਾਏ ਜਾਂਦੇ ਹਨ।

ਦੁਆਬੇ ਵਿਚ ਖੇਤਰੀ ਕਾਰਜ ਕਰਦਿਆਂ ਉਪਰੋਕਤ ਗੀਤਾਂ ਤੋਂ ਇਲਾਵਾ ਮੈਨੂੰ ਕੁੜੀਆਂ ਦੁਆਰਾ ਗਾਏ ਜਾਣ ਵਾਲੇ ਲੰਮੇ ਗੀਤ ਵੀ ਮਿਲੇ ਹਨ। ਇਨ੍ਹਾਂ ਗੀਤਾਂ ਵਿਚ ਵੀਰ ਨੂੰ ਭੈਣ ਵਲੋਂ ਆਪਣੇ ਦੇਸ ਆਉਣ ਦਾ ਸੱਦਾ ਦਿੱਤਾ ਜਾਂਦਾ ਹੈ, ਨਾਲ ਹੀ ਸੱਸੂ ਦੀ ਬੇਰੁਖ਼ੀ ਦੀ ਉਦਾਸੀ ਵੀ ਝਲਕਦੀ ਹੈ। ਅਸਲ ਵਿਚ ਲੋਹੜੀ ਕੁੜੀਆਂ ਲਈ ਅਜਿਹਾ ਤਿਉਹਾਰ ਹੈ ਜਿਸ 'ਤੇ ਮਾਪਿਆਂ ਵਲੋਂ ਆਪਣੀਆਂ ਧੀਆਂ ਨੂੰ ਸੌਗਾਤਾਂ ਭੇਜੀਆਂ ਜਾਂਦੀਆਂ ਹਨ। ਤਿਉਰਾਂ (ਤਿੰਨੇ ਕੱਪੜਿਆਂ) ਦੇ ਨਾਲ ਨਾਲ ਸਮੂਹ ਪਰਿਵਾਰ ਲਈ ਕੁਝ ਨਾ ਕੁਝ ਭੇਜਿਆ ਜਾਂਦਾ ਹੈ। ਇਨ੍ਹਾਂ ਗੀਤਾਂ ਵਿਚ ਇਸ ਸਭ ਦਾ ਵਿਸਤ੍ਰਿਤ ਵਰਣਨ ਮਿਲ ਜਾਂਦਾ ਹੈ। 'ਲੋਹੜੀ ਦਾ ਮਹੀਨਾ ਚੜ੍ਹਿਆ ਮਿਲ ਜਾਈਂ ਵੀਰ ਵੇ' ਦੀ ਭਾਵਨਾ ਬਿਰਹਾਮਈ ਹੈ। ਜੇ ਵੀਰ ਫੌਜ ਵਿਚ ਹੈ ਤਾਂ ਉਸ ਨੂੰ ਦੁੱਧ ਪੀ ਕੇ ਜਾਣ ਦਾ ਤਰਲਾ ਹੈ। ਪਰੰਤੂ ਦੂਰ ਗਈਆਂ ਫੌਜਾਂ ਦਾ ਵਾਸਤਾ ਪਾ ਕੇ ਵੀਰ ਬਿਨਾਂ ਦੁੱਧ ਪੀਤਿਆਂ ਹੀ ਤੁਰ ਜਾਂਦਾ ਹੈ। ਭਰਾ ਵਲੋਂ ਲੋਹੜੀ ਲੈ ਕੇ ਆਉਣ ਦਾ ਭੈਣਾਂ ਦਾ ਚਾਅ ਵੀ ਇਨ੍ਹਾਂ ਗੀਤਾਂ ਵਿਚ ਸ਼ਾਮਿਲ ਹੈ ਅਤੇ ਨਾਲ ਹੀ ਵੀਰਾਂ ਦੀ ਸੁੱਖ ਵੀ ਮੰਗੀ ਗਈ ਹੈ। ਹੇਠ ਲਿਖੇ ਪੂਰੇ ਗੀਤ ਨੂੰ ਵਾਚਣ ਦੀ ਜ਼ਰੂਰਤ ਹੈ ਜਿਸ ਵਿਚ ਵੀਰ ਵਲੋਂ ਲਿਆਂਦੀਆਂ ਸੌਗਾਤਾਂ ਦੇ ਚਾਅ ਤੋਂ ਇਲਾਵਾ ਕਾਣੀ ਵੰਡ ਕਾਰਣ ਇਕ ਭੈਣ ਵਲੋਂ ਪਾਏ 'ਭੜਥੂ' ਦਾ ਵੀ ਜ਼ਿਕਰ ਹੈ। ਇਨ੍ਹਾਂ ਗੀਤਾਂ ਵਿਚ ਸੌਗਾਤ ਦੇ ਰੂਪ ਵਿਚ ਗਹਿਣੇ ਲਿਆਉਣ ਦਾ ਹਵਾਲਾ ਵੀ ਆਇਆ ਹੈ। ਗੀਤ ਹੈ :

ਲੋਹੜੀ ਦਾ ਮਹੀਨਾ ਚੜ੍ਹਿਆ, ਵੀਰ ਪ੍ਰਾਹੁਣਾ ਆਇਆ।
ਆਉਂਦਾ ਆਉਂਦਾ ਮੰਜੀ ਤੇ ਬੈਠਾ, ਕੱਚੀ ਲੱਸੀ ਦਾ ਤਿਹਾਇਆ।
ਕੱਚੀ ਲੱਸੀ ਬਾਹਰ ਕਢਾਵਾਂ, ਕੜ੍ਹਿਆ ਦੁੱਧ ਪਿਲਾਇਆ।
ਕੜ੍ਹੇ ਹੋਏ ਦੁੱਧ ਵਿਚ ਮਿਸ਼ਰੀ ਪਾਵਾਂ, ਪੀ ਮੇਰੀ ਅੰਮਾਂ ਜਾਇਆ।
ਹੱਥਾਂ ਨੂੰ ਗੱਜਰੇ ਪੈਰਾਂ ਨੂੰ ਸਗਲੇ, ਸੱਤ ਸੱਤ ਸੂਟ ਲਿਆਇਆ।
ਇਕ ਭੈਣ ਨੂੰ ਥੋੜ੍ਹਾ ਆਇਆ ਓਨੇ ਭੜਥੂ ਪਾਇਆ।23

ਕੁੜੀਆਂ ਜਦੋਂ ਕਿਸੇ ਘਰ ਜਾ ਕੇ ਲੋਹੜੀ ਮੰਗਦੀਆਂ ਲੰਮੇ ਗਾਉਣ ਦੀਆਂ ਹੇਕਾਂ ਲਾਉਂਦੀਆਂ ਹਨ ਤਾਂ ਉਨ੍ਹਾਂ ਦੀ ਆਵਾਜ਼ ਸਾਰੇ ਪਿੰਡ ਵਿਚ ਸੁਣਾਈ ਦਿੰਦੀ ਰਹੀ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਲੋਹੜੀ ਨਾਲ ਵਧਾਈਆ ਲੈਣ ਦੇ ਤੁਕਾਂਤ ਗੀਤ ਹੀ ਸ਼ਾਮਿਲ ਨਹੀਂ ਸਗੋਂ ਬੜੇ ਮਾਰਮਿਕ ਭਾਵਨਾ ਵਾਲੇ ਗੀਤ ਵੀ ਸ਼ਾਮਿਲ ਹਨ।

ਇਨ੍ਹਾਂ ਸਾਰੇ ਕਾਰਣਾਂ ਕਰਕੇ ਹੀ ਲੋਹੜੀ ਸਾਰੇ ਪੰਜਾਬੀਆਂ ਦਾ ਸਾਂਝਾ ਤਿਉਹਾਰ ਹੈ। ਸਦੀਆਂ ਬਾਅਦ ਵੀ ਇਸ ਤਿਉਹਾਰ ਉੱਪਰ ਕਿਸੇ ਕਿਸਮ ਦਾ ਸੰਪ੍ਰਦਾਇਕ ਰੰਗ ਨਹੀਂ ਚੜ੍ਹ ਸਕਿਆ। ਕੇਵਲ ਇਕ ਦੰਤ ਕਥਾ ਹੀ ਇਸ ਨਾਲ ਜੁੜਦੀ ਹੈ। ਉਸਦਾ ਰੰਗ ਵੀ ਮਾਨਵਤਾਵਾਦੀ ਹੈ। ਇਹ ਹੈ ਦੁੱਲਾ ਭੱਟੀ ਦੀ ਦੰਤ ਕਥਾ। ਲੋਹੜੀ ਅਗਨੀ ਪੂਜਾ ਦਾ ਤਿਉਹਾਰ ਹੈ ਜਿਸ ਦੀਆਂ ਜੜ੍ਹਾਂ ਪੂਰਵ-ਹੜੱਪਾ ਕਾਲ ਵਿਚ ਪਈਆਂ ਹਨ। ਉਸ ਨਾਲ ਅਕਬਰ ਕਾਲ ਦੀ ਦੰਤ ਕਥਾ ਦਾ ਜੁੜਨਾ ਦੋ ਸਭਿਆਚਾਰਾਂ ਦੇ ਸਮਨਵੈ ਦਾ ਹੀ ਪ੍ਰਤੀਕ ਹੈ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਉਪਰੋਕਤ ਵਿਚਾਰਾਂ ਦੀ ਰੌਸ਼ਨੀ ਵਿਚ ਲੋਹੜੀ ਸੰਬੰਧੀ ਕੁਝ ਅਣ ਸੁਲਝੇ ਸਵਾਲਾਂ ਨੂੰ ਵੀ ਸੁਲਝਾਉਣ ਦਾ ਰਾਹ ਪੱਧਰਾ ਹੋ ਸਕੇਗਾ।

## ਹਵਾਲੇ ਅਤੇ ਟਿੱਪਣੀਆਂ


1. ਡਾ. ਅਮਰਜੀਤ ਸਿੰਘ ਢਿਲੋਂ (ਸੰਪਾ.), ਪੰਜਾਬੀ ਲੋਕ ਸਾਹਿਤ : ਇਕ ਅਧਿਐਨ, 'ਲੋਕ ਤਿਉਹਾਰਾਂ ਦੇ ਪੰਜਾਬੀ ਤੇ ਹਿੰਦੀ ਲੋਕ ਗੀਤ : ਇਕ ਅਧਿਐਨ', (ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1987) ਪੰਨਾ-116.

2. ਡਾ. ਸ਼ਿਆਮ ਵੇਦ ਪਰਾਸ਼ਰ, ਸੰਸਕ੍ਰਿਤ ਤਥਾ ਪੰਜਾਬੀ ਕੇ ਸੰਬੰਧ (ਵਿਸ਼ਵੇਸ਼ਵਰਾਨੰਦ ਵੈਦਿਕ ਸ਼ੋਧ ਸੰਸਥਾ ਹੁਸ਼ਿਆਰਪੁਰ,1990), ਪੰਨਾ-304.

3 . Dr. Madhulika Sharama, Fire Worship in Ancient India ( Publication Scheme, Jaipur-India, 2001), p-150.

4. Ibid, p-158

5. ttp://en.wikipedia.org/wiki/pushan

6[ The Golden Bough, (Wordsworth Reference, 1993), P-642.

7. ਡਾ. ਸੁਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਜਿਲਦ ਅਠਵੀਂ, (ਨੈਸ਼ਨਲ ਬੁਕ ਸ਼ਾਪ ਦਿੱਲੀ,1995) , ਪੰਨੇ-2025-2027.

8. Fire Worship in Ancient India, p-7.

9. ibid, p-95.

10. http://en.wikipedia.org/wiki/Sesame

11. ਸੁਖਦੇਵ ਮਾਦਪੁਰੀ, ਸਭਿਆਚਾਰ ਦੀ ਆਰਸੀ – ਸੋਮੇ ਤੇ ਪਰੰਪਰਾ (ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, 2010, ਪੰਨਾ-119.

12. ਡਾ. ਗੁਰਮੀਤ ਸਿੰਘ, ਲੋਕਧਾਰਾ ਪਰੰਪਰਾ ਅਤੇ ਆਧੁਨਿਕਤਾ (ਨਾਨਕ ਸਿੰਘ ਪੁਸਤਕਮਾਲਾ,2006), ਪੰਨਾ-100.

13. ਉਹੀ, ਪੰਨਾ-101.

14. The Golden Bough, p-638.

15. http://en.wikipedia.org/wiki/Kalibangan

16.http://www.augustayurveda.com/showarticles1.asp?id=431

17. Mircea Eliade, while discussing religious ideas, came to the conclusion that, "the first technological discoveries the mastery over fire not only insured the survivel and development of human species; it also produced a universe of mythico-religious values and inspired and fed the creative imagination."

18. ਇਥੋਂ ਹੀ ਪੰਜਾਬ ਵਿਚ ਜੰਡ ਦੀ ਪੂਜਾ ਬਾਰੇ ਵੀ ਸਪੱਸ਼ਟੀਕਰਣ ਮਿਲਦਾ ਹੈ। ਹਵਨ ਵਿਚ ਜਿਨ੍ਹਾਂ ਲਕੜੀਆਂ (ਚਮਚੀਆਂ) ਨਾਲ ਘਿਉ ਪਾਇਆ ਜਾਂਦਾ ਹੈ ਉਹ ਵੀ ਜੰਡ ਦੀ ਲਕੜੀ ਤੋਂ ਬਣਾਈਆਂ ਜਾਂਦੀਆ ਹਨ। ਪੁਰਾਤਨ ਕਾਲ ਵਿਚ ਅੱਗ ਪੇਦਾ ਕਰਨ ਲਈ ਜੰਡ ਦੀ ਸੋਟੀ ਦਾ ਹੀ ਪ੍ਰਯੋਗ ਹੁੰਦਾ ਸੀ, ਜਿਸ ਨੂੰ ਪੁਰਸ਼ ਦਾ ਪ੍ਰਤੀਕ ਮੰਨਿਆ ਗਿਆ ਹੈ। ਇਸ ਦਾ ਜ਼ਿਕਰ ਪਹਿਲਾਂ ਵੀ ਆ ਚੁੱਕਾ ਹੈ। ਵਿਆਹ ਸਮੇਂ ਜੰਡ ਦੀ ਪੂਜਾ ਅਤੇ ਇਸ ਦੀ ਲਕੜੀ ਨੂੰ ਟੱਕ ਲਾਉਣਾ ਮਰਦ ਦੀ ਬਹਾਦਰੀ ਮੰਨਿਆਂ ਜਾਂਦਾ ਹੈ। ਟੱਕ ਲਾਉਣ ਦੇ ਪਿੱਛੇ ਕਿਤੇ ਮਿਰਜ਼ੇ ਦੀਆਂ ਕਾਨੀਆਂ ਜੰਡ ਉਪਰ ਟੰਗ ਹੋਣ ਦਾ ਪ੍ਰਭਾਵ ਵੀ ਦੇਖਿਆ ਜਾ ਸਕਦਾ ਹੈ।

19. ਡਾ. ਉਸ਼ਾਪੁਰੀ ਵਿਦਿਆਵਾਚਸਪਤੀ, ਭਾਰਤੀਯ ਮਿਥਿਕ ਕੋਸ਼ ਨੈਸ਼ਨਲ ਪਬਲਿਸ਼ਿੰਗ ਹਾਊਸ ਨਈ ਦਿੱਲੀ, 1985), ਪੰਨਾ-7.

20. ਮੇਰਾ ਪਿੰਡ (ਸਾਹਤਿ ਪ੍ਰਕਾਸ਼ਨ ਚੰਡੀਗੜ੍ਹ-ਅੰਮ੍ਰਿਤਸਰ, 1981), ਪੰਨਾ-182.

21. -ਉਹੀ-

22. ਦੇਖੋ ਸੁਖਦੇਵ ਮਾਦਪੁਰੀ, ਫੁੱਲਾਂ ਭਰੀ ਚੰਗੇਰ (ਲਾਹੌਰ ਬੁਕ ਸ਼ਾਪ ਲੁਧਿਆਣਾ,1979), ਪੰਨੇ-47-62. (ਗਿਆਨੀ ਗੁਰਦਿੱਤ ਸਿੰਘ ਦੇ "ਮੇਰਾ ਪਿੰਡ" ਪੁਸਤਕ ਵਿਚ ਦਿੱਤੇ ਲੋਹੜੀ ਦੇ ਗੀਤ ਵੀ ਮਾਲਵਾ ਖੇਤਰ ਨਾਲ ਸਾਂਝੇ ਹੋਣ ਕਾਰਣ ਸੁਖਦੇਵ ਮਾਦਪੁਰੀ ਦੁਆਰਾ ਦਿੱਤੇ ਲੋਹੜੀ ਦੇ ਗੀਤਾਂ ਨਾਲ ਮਿਲਦੇ ਜੁਲਦੇ ਹਨ। ਫ਼ਰਕ ਸਿਰਫ਼ ਇੰਨਾ ਹੈ ਕਿ ਮਾਦਪੁਰੀ ਨੇ ਇਨ੍ਹਾਂ ਨੂੰ ਮੁੰਡਿਆਂ ਅਤੇ ਕੁੜੀਆਂ ਦੇ ਗੀਤਾਂ ਵਿਚ ਵੰਡ ਲਿਆ ਹੈ। ਗਿਆਨੀ ਗੁਰਦਿੱਤ ਸਿੰਘ ਦਾ ਧਿਆਨ ਬਿਰਤਾਂਤ ਸਿਰਜਣ ਵੱਲ ਵਧੇਰੇ ਹੈ।)


23. ਦੇਖੋ ਧਰਤ ਦੁਆਬੇ ਦੀ (ਮਨਪ੍ਰੀਤ ਪ੍ਰਕਾਸ਼ਨ ਦਿੱਲੀ, 2011), ਪੰਨੇ, 68-71.

ਛਾਪਕ ਅਤੇ ਕਿਤਾਬ ਮਿਲਣ ਦਾ ਪਤਾ

ਲੋਕ ਗੀਤ ਪ੍ਰਕਾਸ਼ਨ
ਐੱਸ.ਸੀ.ਓ.26-27
ਸੈਕਟਰ-34 ਏ
ਚੰਡੀਗੜ੍ਹ।
ਫੋਨ-01725077427
01725077428

ਡਾ. ਜਸਵੰਤ ਰਾਏ
ਅਕਾਸ਼ ਕਲੋਨੀ
ਗੁਰੂ ਰਵਿਦਾਸ ਨਗਰ ਸ਼ੇਰ ਗੜ੍ਹ ਰੋਡ
ਹੁਸ਼ਿਆਰਪੁਰ।
ਮੋਬਾ. 9815825999
ਮੋਬਾ. 9915040888

# ਕੌਮ ਦਾ ਸਿਤਾਰਾ
# ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ




## ਗਦਰ ਲਹਿਰ ਦਾ ਜਗਮ ਗਾਉਂਦਾ ਅਧਿਆਇ ਬਾਬੂ ਹਰਨਾਮ ਸਿੰਘ ਸਾਹਰੀ ਦੀ ਸ਼ਹਾਦਤ

ਡਾ. ਜਸਵੰਤ ਰਾਏ ਨੇ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੇ ਸੰਘਰਸ਼ੀ ਜੀਵਨ ਦੀ ਪੁਨਰ ਸਿਰਜਣਾ ਕਰਕੇ ਇਕ ਬਹੁਤ ਹੀ ਸ਼ਲਾਘਾਯੋਗ ਕਾਰਜ ਕੀਤਾ ਹੈ। ਗੁਲਾਮ ਭਾਰਤੀਆਂ ਨੇ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰਨ ਤੇ ਆਜ਼ਾਦੀ ਵਾਲਾ ਜੀਵਨ ਜਿਊਣ ਲਈ ਵੀਹਵੀਂ ਸਦੀ ਦੇ ਮੁੱਢ ਵਿਚ ਹੀ ਬਦੇਸ਼ਾਂ ਨੂੰ ਚਾਲੇ ਪਾ ਦਿੱਤੇ ਸਨ। ਉਥੇ ਜਾ ਕੇ ਮਿਹਨਤ-ਮੁਸ਼ੱਕਤ ਕਰਕੇ ਜੀਵਨ ਨਿਰਬਾਹ ਲਈ ਪੈਸੇ ਤਾਂ ਚੰਗੇ ਕਮਾ ਲੈਂਦੇ ਪਰ ਸਮਾਜਿਕ ਤੌਰ 'ਤੇ ਤ੍ਰਿਸਕਾਰੇ ਜਾਂਦੇ ਰਹੇ। ਅਜਿਹੇ ਅਪਮਾਨਜਨਕ ਵਤੀਰੇ ਨੇ ਭਾਰਤੀਆਂ ਦੀ ਅਣਖ ਨੂੰ ਟੁੰਬਿਆ। ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਥਾਂ-ਥਾਂ 'ਤੇ ਸਾਡੇ ਨਿਰਾਦਰ ਦਾ ਮੂਲ ਕਾਰਨ ਸਾਡੀ ਗੁਲਾਮੀ ਹੈ। ਉਨ੍ਹਾਂ ਦੇ ਮਨਾਂ ਵਿਚ ਗੁਲਾਮੀ ਦਾ ਜੂਲਾ ਗੱਲੋਂ ਲਾਹ ਕੇ ਆਜ਼ਾਦੀ ਵਾਲਾ ਜੀਵਨ ਜਿਊਣ ਦੀ ਤਾਂਘ ਪੈਦਾ ਹੋ ਗਈ। ਇਸ ਤਾਂਘ ਦੀ ਤੀਬਰਤਾ ਦੇ ਪਿਛੋਕੜ ਵਿਚ ਅੰਗਰੇਜ਼ੀ ਹਕੂਮਤ ਦੇ ਖਿਲਾਫ ਹੋਈ ਪਹਿਲੀ ਬਗਾਵਤ 1857 ਦਾ ਗਦਰ, ਰਾਣੀ ਝਾਂਸੀ ਤੇ ਤਾਂਤਿਆ ਟੋਪੇ ਵਰਗੇ ਸੂਰਮਿਆਂ ਦੀ ਲਲਕਾਰ ਦੇ ਬੀਜ ਵੀਹਵੀਂ ਸਦੀ ਦੇ ਆਰੰਭ ਵਿਚ ਵਿਦੇਸ਼ਾਂ 'ਚ ਵੱਸਦੇ ਹਿੰਦੁਸਤਾਨੀਆਂ ਦੇ ਮਨਾਂ 'ਚ ਪੁੰਗਰ ਪਏ, ਜੋ ਅਜ਼ਾਦੀ ਦੀ ਲਲਕਾਰ ਬਣ ਕੇ ਗੂੰਜ ਉਠੇ।

ਵਿਸ਼ਵ ਦੇ ਇਤਿਹਾਸ ਵਿਚ ਗਦਰ ਲਹਿਰ ਇਕ ਅਭੁੱਲ ਅਧਿਆਇ ਹੈ। ਇਸ ਅਭੁੱਲ ਅਧਿਆਇ ਦੇ ਸਿਰਜਣਹਾਰੇ ਉਹ ਗਦਰੀ ਬਾਬੇ ਸਨ, ਜਿਨ੍ਹਾਂ ਨੇ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਲਈ ਹਥਿਆਰਬੰਦ ਇਨਕਲਾਬ ਰਾਹੀਂ ਸਾਮਰਾਜ ਦੇ ਖਾਤਮੇ ਲਈ 1913 'ਚ ਹਿੰਦੀ ਐਸੋਸੀਏਸ਼ਨ ਆਫ ਪੈਸਫਿਕ ਕੋਸਟ ਨਾਂ ਦੀ ਜਥੇਬੰਦੀ ਦਾ ਗਠਨ ਅਮਰੀਕਾ ਵਿਚ ਕੀਤਾ ਸੀ। ਇਹੋ ਜਥੇਬੰਦੀ ਬਾਅਦ ਵਿਚ ਗਦਰ ਪਾਰਟੀ ਦੇ ਨਾਂ ਨਾਲ ਜਾਣੀ ਜਾਣ ਲੱਗ ਪਈ ਤੇ ਇਸ ਦੀਆਂ ਸ਼ਾਖਾਵਾਂ ਵਿਸ਼ਵ ਪੱਧਰ 'ਤੇ ਫੈਲ ਗਈਆਂ। ਇਸ ਜਥੇਬੰਦੀ ਨੂੰ ਕਾਇਮ ਕਰਨ ਵਾਲੇ ਮੋਢੀਆਂ ਵਿਚੋਂ ਇਕ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਵੀ ਸਨ।

ਗਦਰੀਆਂ ਨੇ ਆਪਣੇ ਨਿੱਜੀ ਸੁੱਖਾਂ-ਆਰਾਮਾਂ ਨੂੰ ਤਿਆਗ ਕੇ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਲਈ ਸੰਪੂਰਨ ਆਜ਼ਾਦੀ ਦਾ ਨਾਹਰਾ ਬੁਲੰਦ ਕਰਕੇ ਜੋਖਮ ਭਰਿਆ ਰਸਤਾ ਚੁਣਿਆ। ਗਦਰ ਪਾਰਟੀ ਨੇ 21 ਫਰਵਰੀ, 1915 ਨੂੰ ਗਦਰ ਕਰਨ ਦਾ ਦਿਨ ਮਿੱਥ ਲਿਆ ਪਰ ਮੁਖਬਰੀ ਕਾਰਨ ਇਕ ਦਿਨ ਬਦਲ ਕੇ 19 ਫਰਵਰੀ ਕਰ ਦਿੱਤਾ ਗਿਆ। ਇਹ ਉਹ ਸਮਾਂ ਸੀ ਜਦੋਂ ਇਕ ਪਾਸੇ ਜਰਮਨ ਤੇ ਇੰਗਲੈਂਡ ਵਿਚ ਯੁੱਧ ਚੱਲ ਰਿਹਾ ਸੀ, ਕਾਮਾਗਾਟਾਮਾਰੂ ਜਹਾਜ਼ ਵਾਪਸ ਕਲਕੱਤੇ ਵੱਲ ਨੂੰ ਆ ਰਿਹਾ ਸੀ। ਦੂਜੇ ਪਾਸੇ ਅਮਰੀਕਾ, ਕਨੇਡਾ, ਮਲਾਇਆ ਆਦਿ ਦੇਸ਼ਾਂ ਤੋਂ ਗਦਰੀ 'ਗਦਰ' 'ਚ ਸ਼ਾਮਲ ਹੋਣ ਲਈ ਜਹਾਜ਼ਾਂ ਰਾਹੀਂ ਵਾਪਸ ਭਾਰਤ ਪਰਤ ਰਹੇ ਸਨ। ਹਕੂਮਤ ਵੀ ਇਸ ਤੋਂ ਬੇਖਬਰ ਨਹੀਂ ਸੀ। ਉਸ ਨੇ ਪੰਜਾਬ ਵਿਚ ਥਾਂ-ਥਾਂ ਸੂਹੀਆਂ ਦਾ ਜਾਲ ਵਿਛਾਇਆ ਹੋਇਆ ਸੀ, ਜਿਹੜਾ ਗਦਰੀਆਂ ਦੀਆਂ ਸਮੂਹ ਗਤੀ-ਵਿਧੀਆਂ ਬਾਰੇ ਉਨ੍ਹਾਂ ਨੂੰ ਅਗਾਊਂ ਸੂਚਿਤ ਕਰ ਦਿੰਦਾ ਸੀ।



**- ਡਾ. ਰਘਬੀਰ ਕੌਰ**
ਜਨਰਲ ਸਕੱਤਰ
ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ
91-94172-25365

ਭਾਰਤ ਦੇ ਸੁਤੰਤਰਤਾ ਸੰਗਰਾਮ ਲਈ ਪਹਿਲਕਦਮੀ ਕਰਨ ਵਾਲੇ ਸੈਂਕੜੇ ਦੇਸ਼ ਭਗਤ ਫਾਂਸੀਆਂ 'ਤੇ ਚੜ੍ਹਾਏ ਗਏ, ਸੈਂਕੜਿਆਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਗਈਆਂ ਤੇ ਸੈਂਕੜਿਆਂ ਨੂੰ ਜਲਾਵਤਨ ਕਰਕੇ ਕਾਲੇ ਪਾਣੀ ਦੀਆਂ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ। ਜੇਲ੍ਹਾਂ ਦੀਆਂ ਸਜ਼ਾਵਾਂ ਭੁਗਤਣ ਉਪਰੰਤ ਰਿਹਾਅ ਹੋ ਕੇ ਆਪਣੇ ਪਿੰਡਾਂ ਨੂੰ ਪਰਤੇ ਤਾਂ ਜੂਹਬੰਦ ਕਰ ਦਿੱਤਾ ਗਿਆ। ਗੋਰੀ ਹਕੂਮਤ ਇਹਨਾਂ ਸੰਗਰਾਮੀਆਂ ਨੂੰ ਦੇਸ਼ ਧਰੋਹੀ, ਡਾਕੂ ਤੇ ਲੁਟੇਰੇ ਕਹਿ ਕੇ ਆਮ ਜਨਤਾ 'ਤੇ ਪ੍ਰਭਾਵ ਪਾਉਣ 'ਚ ਸਫਲ ਸਿੱਧ ਹੋਈ। ਆਮ ਜਨਤਾ ਤਾਂ ਇਨ੍ਹਾਂ ਸੰਗਰਾਮੀਆਂ ਨੂੰ ਬੁਲਾਉਣ ਤੋਂ ਵੀ ਤ੍ਰਹਿੰਦੀ ਸੀ। ਹਕੂਮਤ ਦਾ ਦਬਾਅ ਇੰਨਾ ਸੀ ਕਿ ਗਦਰ ਲਹਿਰ ਦੇ ਸੰਗਰਾਮੀਆਂ ਨੂੰ ਰੋਲ ਦਿੱਤਾ ਗਿਆ।

ਅੰਗਰੇਜ਼ੀ ਹਕੂਮਤ ਤਾਂ ਭਾਰਤੀ ਸੰਗਰਾਮੀਆਂ ਨੂੰ ਆਪਣੇ ਦੁਸ਼ਮਣ ਸਮਝਦੀ ਹੀ ਸੀ ਪਰ ਆਜ਼ਾਦ ਭਾਰਤ ਦੀ ਸਰਕਾਰ ਨੇ ਵੀ ਇਨ੍ਹਾਂ ਨੂੰ ਅਣਗੌਲੇ ਕਰੀ ਰੱਖਿਆ ਸੀ। ਗਦਰ ਪਾਰਟੀ ਤੇ ਹੋਰ ਇਨਕਲਾਬੀ ਲਹਿਰਾਂ ਦੇ ਸੰਗਰਾਮੀਆਂ ਦੀਆਂ ਕੁਰਬਾਨੀਆਂ ਦਾ ਇਤਿਹਾਸ ਵਿਚੋਂ ਖੁਰਾ ਖੋਜ ਮਿਟਾਉਣ ਲਈ ਹਾਕਮ ਧਿਰਾਂ ਸੁਚੇਤ ਯਤਨ ਕਰਦੀਆਂ ਆ ਰਹੀਆਂ ਹਨ। ਅਫਸੋਸ! ਗਦਰ ਪਾਰਟੀ ਦੀ ਦੇਸ਼ ਦੀ ਆਜ਼ਾਦੀ ਦੇ ਇਤਿਹਾਸ ਵਿਚ ਜਿੰਨੀ ਵੱਡੀ ਦੇਣ ਹੈ, ਇਸ ਬਾਰੇ ਸਾਡੇ ਬਹੁਤੇ ਨਾਮਵਰ ਇਤਿਹਾਸਕਾਰ ਤੇ ਸਾਹਿਤਕਾਰਾਂ ਦੀ ਕਲਮ ਨੇ ਵੀ ਚੁੱਪ ਸਾਧ ਰੱਖੀ। ਲੰਮੇ ਅਰਸੇ ਬਾਅਦ ਗਦਰ ਲਹਿਰ ਦੀਆਂ ਪ੍ਰਮੁੱਖ ਘਟਨਾਵਾਂ ਅਤੇ ਗਦਰੀਆਂ ਦੀਆਂ ਜੀਵਨੀਆਂ ਬਾਰੇ ਲੇਖਕਾਂ ਵੱਲੋਂ ਪੁਸਤਕਾਂ ਹੋਂਦ 'ਚ ਆਉਣੀਆਂ ਸ਼ੁਰੂ ਹੋ ਗਈਆਂ ਹਨ ਜੋ ਚੰਗਾ ਤੇ ਸਲਾਹੁਣਯੋਗ ਉਪਰਾਲਾ ਹੈ। ਗਦਰ ਲਹਿਰ ਦੇ ਇਤਿਹਾਸ ਨੂੰ ਸਾਹਿਤਕ ਵਿਧਾਵਾਂ ਰਾਹੀਂ ਪ੍ਰਸਤੁਤ ਕਰਨ ਦਾ ਰੁਝਾਨ ਵੀ ਹੁਣ ਸਾਹਮਣੇ ਆ ਰਿਹਾ ਹੈ। ਖੁਸ਼ੀ ਦੀ ਗੱਲ ਤਾਂ ਇਹ ਹੈ ਕਿ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਬਾਰੇ ਜਾਣਕਾਰੀ ਦੇਣ ਵਾਲੀ ਬਹੁਤ ਘੱਟ ਸਮੱਗਰੀ ਪ੍ਰਾਪਤ ਹੋਣ ਦੇ ਬਾਵਜੂਦ ਡਾ. ਜਸਵੰਤ ਰਾਏ ਨੇ ਬੜੀ ਹਿੰਮਤ ਤੇ ਮਿਹਨਤ ਸਦਕਾ ਜਾਣਕਾਰੀ ਭਰਪੂਰ ਪੁਸਤਕ ਲਿਖੀ ਹੈ। ਪੁਸਤਕ ਵਿਚ ਸਾਹਰੀ ਦੇ ਨਿੱਜੀ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੀਆਂ ਸਮਾਜਿਕ, ਸਭਿਆਚਾਰਕ, ਆਰਥਿਕ ਅਤੇ ਰਾਜਨੀਤਿਕ ਪ੍ਰਸਥਿਤੀਆਂ ਦਾ ਨਿਰੂਪਣ ਕੀਤਾ ਗਿਆ ਹੈ।

ਪੁਸਤਕ ਵਿਚ ਪੂਰਵ ਗਦਰ ਲਹਿਰ ਤੋਂ ਲੈ ਕੇ ਗਦਰ ਲਹਿਰ ਦੀ ਜਾਣਕਾਰੀ, ਬਾਬੂ ਹਰਨਾਮ ਸਿੰਘ ਸਾਹਰੀ ਦਾ ਪਿੰਡ ਸਾਹਰੀ ਤੋਂ ਵਿਦੇਸ਼ ਜਾਣਾ ਤੇ ਵੱਖ-ਵੱਖ ਦੇਸ਼ਾਂ ਵਿਚ ਗਦਰ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਆਪਣਾ ਨਾਂ ਬਦਲ ਕੇ ਵੱਖ ਵੱਖ ਨਾਵਾਂ ਹੇਠ ਕੰਮ ਕਰਨਾ ਅਤੇ ਹੱਸ-ਹੱਸ ਕੇ ਫਾਂਸੀ ਦਾ ਰੱਸਾ ਚੁੰਮਣ ਦੇ ਦਿਲ ਟੁੰਬਵੇਂ ਵੇਰਵੇ ਹਨ। ਇਹਨਾਂ ਨੂੰ ਦੇਸ਼ ਭਗਤੀ ਦਾ ਪਹਿਲਾ ਪਾਠ ਪੜ੍ਹਾਉਣ ਵਾਲੇ ਭਾਈ ਬਲਵੰਤ ਸਿੰਘ ਖੁਰਦਪੁਰ ਸਨ। ਇਹ ਦੋਵੇਂ ਇਕੋ ਰਸਾਲੇ ਵਿਚ ਫੌਜੀ ਸਨ। ਸਬੱਬ ਦੀ ਗੱਲ ਹੈ ਕਿ ਦੋਵੇਂ ਆਪਣੇ ਨਾਂ ਕਟਾ ਕੇ ਵਾਪਸ ਆ ਗਏ ਤੇ ਕਨੇਡਾ ਜਾ ਕੇ ਵੀ ਇਕੱਠੇ ਕ੍ਰਾਂਤੀਕਾਰੀ ਸਰਗਰਮੀਆਂ ਕਰਦੇ ਰਹੇ। ਸਾਹਰੀ ਜੀ ਵੱਲੋਂ ਆਪਣੇ ਹਮ ਖਿਆਲੀ ਗਦਰੀ ਸਾਥੀਆਂ ਨਲ ਮਿਲ ਕੇ ਕੀਤੀਆਂ ਗਈਆਂ ਸਰਗਰਮੀਆਂ ਅਤੇ ਹੋਰ ਸਾਥੀਆਂ ਨੂੰ ਇਹ ਵਿਚਾਰਧਾਰਾ ਅਪਣਾ ਕੇ ਗਦਰ ਲਹਿਰ ਨਾਲ ਜੋੜਨ ਲਈ ਨਿਭਾਏ ਆਗੂ ਰੋਲ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ।

ਲੇਖਕ ਵੱਲੋਂ ਜੀਵਨੀ ਸਾਹਿਤ ਵਿਚ ਆਪਣਾ ਨਾਂ ਉਭਾਰਨ ਦੀ ਰੁਚੀ ਦਾ ਪ੍ਰਗਟਾਵਾ ਕਿਤੇ ਵੀ ਨਹੀਂ ਮਿਲਦਾ ਸਗੋਂ ਆਪਣੇ ਪਿੰਡ ਸਾਹਰੀ ਦੇ ਜੰਮਪਲ ਮਹਾਨ ਸੂਰਬੀਰ ਗਦਰੀ ਯੋਧੇ ਦੇ ਜੀਵਨ ਸੰਘਰਬ ਦੀ ਗਾਥਾ ਨੂੰ ਰੌਚਿਕ ਬਣਾ ਕੇ ਉਭਾਰਨ ਦਾ ਉਦੇਸ਼ ਹੈ ਤਾਂ ਕਿ ਅਜੋਕੇ ਖਪਤ ਸਭਿਆਚਾਰ ਦੇ ਧੁੰਧੂਕਾਰੇ ਵਿਚ ਸਹੀ ਨਿਸ਼ਾਨੇ ਤੋਂ ਖੁੰਝੀ ਤੇ ਭਟਕੀ ਜੁਆਨੀ ਲਈ ਪੱਥ ਪ੍ਰਦਰਸ਼ਕ ਤੇ ਊਰਜਾ ਦਾ ਸਾਧਨ ਬਣ ਸਕੇ।

ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੀ ਜੀਵਨੀ ਉਸਦੇ ਇਨਕਲਾਬੀ ਜੀਵਨੀ ਸੰਘਰਸ਼ ਦਾ ਦਸਤਾਵੇਜ਼ ਹੀ ਨਹੀਂ ਸਗੋਂ ਰੂਪਕ ਪੱਖੋਂ ਵੀ ਵਿਲੱਖਣਤਾ ਦੀ ਧਾਰਨੀ ਹੈ। ਲੇਖਕ ਦਾ ਇਕੋ ਸਮੇਂ ਬੀਤੇ ਨਾਲ ਸੰਵਾਦ ਰਚਾਉਣਾ ਅਤੇ ਪਾਠਕਾਂ ਦੀ ਸੁਹਜ ਤ੍ਰਿਪਤੀ ਲਈ ਕਹਾਣੀ ਰਸ ਵਿਚ ਗੁੰਨ੍ਹ ਕੇ ਨਿਰਪੱਖ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨਾ ਉਸਦੀ ਸਾਹਿਤਕ ਸੂਝ ਵੱਲ ਸੰਕੇਤ ਕਰਦਾ ਹੈ। ਜੀਵਨੀ ਵਿਚ ਵਰਤੇ ਗਏ ਢੁੱਕਵੇਂ ਅਲੰਕਾਰ, ਲੋਕ ਮੁਹਾਵਰੇ ਅਤੇ ਸਥਾਨਕ ਭਾਸ਼ਾ ਦੀ ਰੰਗਣ ਅਤੇ ਸ਼ੈਲੀ ਉਸਦੀ ਵਿਲੱਖਣਤਾ ਹੈ। ਜੀਵਨੀ ਵਿਚ ਲੇਖਕ ਨੇ ਆਪਣੇ ਨਿੱਜ ਨੂੰ ਕਿਤੇ ਵੀ ਭਾਰੂ ਨਹੀਂ ਹੋਣ ਦਿੱਤਾ ਤੇ ਨਾ ਹੀ ਕਿਤੇ ਰੁਮਾਂਸ ਦਾ ਸਹਾਰਾ ਲਿਆ ਹੈ। ਸਗੋਂ ਇਤਿਹਾਸਕ ਯਥਾਰਥ ਦੇ ਵਧੇਰੇ ਨੇੜੇ ਰੱਖਿਆ ਹੈ। ਅਜਿਹੀ ਜੀਵਨੀ ਪ੍ਰੇਰਨਾ ਸਰੋਤ ਬਣ ਕੇ ਨਵੀਂ ਪੀੜ੍ਹੀ ਦੇ ਹਨ੍ਹੇਰਿਆਂ ਮਨਾਂ ਅੰਦਰਲਾ ਕੱਚ ਪਿੱਲ ਝਾੜ ਕੇ ਇਨਕਲਾਬੀ ਵਿਰਸੇ ਦੀ ਜੋਗ ਜਗਦੀ ਰੱਖਣ ਅਤੇ ਨਰੋਆ ਸਮਾਜ ਸਿਰਜਣ ਲਈ ਚੇਤਨਾ ਦੇ ਦੀਪ ਬਾਲੇਗੀ। ਸਾਨੂੰ ਆਸ ਹੈ ਕਿ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੀ ਜੀਵਨੀ ਵੱਧ ਤੋਂ ਵੱਧ ਪਾਠਕਾਂ 'ਓ ਗਦਰ ਲਹਿਰ ਦਾ ਇਤਿਹਾਸ ਪੜ੍ਹਨ ਦੀ ਰੁਚੀ ਪੈਦਾ ਕਰਕੇ ਆਪਣੇ ਗੌਰਵਮਈ ਇਨਕਲਾਬੀ ਵਿਰਸੇ ਨਾਲ ਜੋੜਨ ਵਿਚ ਸਹਾਈ ਹੋਵੇਗੀ। ਸਾਨੂੰ ਡਾ. ਜਸਵੰਤ ਰਾਏ ਤੋਂ ਹੋਰ ਵੱਡੀਆਂ ਉਮੀਦਾਂ ਹਨ।




ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਐਤਵਾਰ 10 ਜਨਵਰੀ, 2016 ਨੂੰ ਮਨਾਇਆ ਜਾ ਰਿਹਾ ਹੈ। ਸ੍ਰੀ ਅਖੰਡ ਪਾਠ ਸਾਹਿਬ ਸ਼ੁੱਕਰਵਾਰ 8 ਜਨਵਰੀ, 2016 ਨੂੰ ਪ੍ਰਾਰੰਭ ਹੋਣਗੇ। 9 ਜਨਵਰੀ, 2016 ਨੂੰ ਕਥਾ ਅਤੇ ਕੀਰਤਨ ਹੋਵੇਗਾ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਪੰਥ ਦੇ ਪ੍ਰਸਿੱਧ ਰਾਗੀ/ਢਾਡੀ ਜਥੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

ਆਰੰਭ ਸ੍ਰੀ ਅਖੰਡ ਪਾਠ ਸਾਹਿਬ 8 ਜਨਵਰੀ (ਸ਼ੁੱਕਰਵਾਰ)
ਪਾਠ ਦੇ ਭੋਗ ਅਤੇ ਕੀਰਤਨ ਦਰਬਾਰ 10 ਜਨਵਰੀ (ਐਤਵਾਰ)




ਗੁਰੂ ਘਰ ਦੀ ਕਮੇਟੀ ਵੱਲੋਂ ਆਪ ਸਭ ਨੂੰ ਸਨਿਮਰ ਬੇਨਤੀ ਹੈ ਕਿ ਇਸ ਸ਼ੁਭ ਮੌਕੇ ਹਾਜ਼ਰੀ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਵੱਲੋਂ: ਸਮੂਹ ਪ੍ਰਬੰਧਕ ਕਮੇਟੀ

ਗੁਰੂ ਘਰ ਦੇ ਮੁੱਖ ਗ੍ਰੰਥੀ
ਭਾਈ ਪ੍ਰਿਤਪਾਲ ਸਿੰਘ ਜੀ

SHRI GURU RAVIDASS TEMPLE
1480 HAYNE AVENUE, YUBA CITY, CA 95993

ਗੁਰੂ ਘਰ ਦਾ ਫੋਨ ਨੰਬਰ
530-674-2564

# ਆਜ਼ਾਦ ਜਲੰਧਰੀ / ਸੰਖੇਪ ਜਾਣ ਪਹਿਚਾਣ

ਅਜ਼ਾਦ ਜਲੰਧਰੀ ਦਾ ਜਨਮ ਬੜਾ ਪਿੰਡ (ਜਲੰਧਰ) ਵਿਚ ਹੋਇਆ। ਕਿਸ਼ੋਰ ਉਮਰ ਵਿਚ ਹੀ ਉਨ੍ਹਾਂ ਨੇ ਸੰਗੀਤ ਵਿੱਦਿਆ ਪ੍ਰਾਪਤ ਕਰਕੇ ਗੀਤ ਲਿਖਣੇ ਸ਼ੁਰੂ ਕਰ ਦਿੱਤੇ। ਫਿਰ ਸੰਗੀਤ ਦੇ ਤਾਲ ਅਤੇ ਗੀਤ ਦੇ ਤੋਲ ਦਾ ਸੰਗਮ ਹੋਇਆ, ਜਿਸ ਨੂੰ ਇਨ੍ਹਾਂ ਦੋਹਾਂ ਤੱਤਾਂ ਦਾ ਗਿਆਨਹੋ ਜਾਵੇ ਉਹ ਕਵੀ ਬਣ ਜਾਂਦਾ ਹੈ। ਇੰਝ ਹੀ ਅਜ਼ਾਦ ਸਾਹਿਬ ਕਵੀ ਬਣ ਗਏ।

ਮੁਲਾਜ਼ਮਤ ਦੇ ਸਿਲਸਿਲੇ ਵਿਚ ਉਹ ਦਿੱਲੀ ਤਾਇਨਾਤ ਹੋਏ, ਜਿੱਥੇ ਉਨ੍ਹਾਂ ਨੇ ਪੰਜਾਬੀ ਸਾਹਿਤ ਸਭਾ, ਦਿੱਲੀ ਦੀਆਂ ਮਹਿਫਲਾਂ ਦਾ ਸਾਹਿਤਕ ਮਾਹੌਲ ਮਾਣਿਆ। ਕਵੀ ਦਰਬਾਰਾਂ ਦੌਰਾਨ ਉਨ੍ਹਾਂ ਦੀ ਮੁਲਾਕਾਤ ਉਰਦੂ, ਫਾਰਸੀ ਅਤੇ ਪੰਜਾਬੀ ਦੇ ਕਵੀਆਂ ਨਾਲ ਹੋਈ। ਪੰਡਿਤ ਲਾਲ ਚੰਦ "ਮਾਸੂਮ ਚਿਨਿਓਟੀ" ਦੀ ਸ਼ਾਗਿਰਦੀ ਵਿਚ ਅਰੂਜ਼ ਅਤੇ ਛੰਦ ਦੀ ਜਾਣਕਾਰੀ ਹਾਸਲ ਕੀਤੀ। ਸਭਾ ਵਿਚ ਬਹੁਤ ਸਾਰੇ ਪੰਜਾਬੀ ਦੇ ਉਘੇ ਸ਼ਾਇਰ ਜਿਵੇਂ ਡਾ. ਹਰਿਭਜਨ ਸਿੰਘ, ਪ੍ਰੀਤਮ ਸਿੰਘ ਸਫੀਰ, ਹਰਚਰਨ ਸਿੰਘ ਆਦਿ ਦੇ ਨਾਲ ਸੰਪਰਕ ਹੋਇਆ। ਉਨ੍ਹਾਂ ਦਿਨਾਂ ਵਿਚ ਤਰ੍ਹਾਂ ਮਿਸਰਾ ਦੇ ਅਧਾਰ ਤੇ ਸ਼ਿਅਰ ਲਿਖ ਕੇ ਮੁਸ਼ਹਿਰਿਆਂ ਵਿਚ ਪੜ੍ਹੇ ਜਾਂਦੇ ਸਨ। ਪੜ੍ਹਨ ਵਾਲਿਆਂ ਵਿਚ ਉਸ ਵੇਲੇ ਦੇ ਮਸ਼ਹੂਰ ਗਜ਼ਲਗੋ ਮਾਸੂਮ ਚਿਨਿਓਟੀ, ਚਾਨਣ ਗੋਬਿੰਦਪੁਰੀ, ਪ੍ਰਕਾਸ਼ ਸਾਥੀ, ਅੰਮ੍ਰਿਤ ਦਸੂਹੀ, ਚੰਨ ਨਨਕਾਣਵੀ, ਸੰਸਾਰ ਸਿੰਘ ਗਰੀਬ ਅਤੇ ਅਜ਼ਾਦ ਜਲੰਧਰੀ ਵਰਗੇ ਭਾਗ ਲੈਂਦੇ ਸਨ। ਅਜ਼ਾਦ ਸਾਹਿਬ ਦਾ ਨਾਂ ਮਸ਼ਹੂਰ ਗਜ਼ਲਗੋਆਂ ਵਿਚ ਸ਼ੁਮਾਰ ਕੀਤਾ ਜਾਣ ਲੱਗਾ।

ਜਦ ਜਲੰਧਰੀ ਸਾਹਿਬ ਗ੍ਰਹਿ ਮਹਿਕਮੇ ਦੇ ਕਰਮਚਾਰੀ ਬਣੇ ਤਾਂ ਉਨ੍ਹਾਂ ਨੂੰ ਪੰਜਾਬੀ ਉਰਦੂ ਅਤੇ ਹਿੰਦੀ ਕਵੀਆਂ ਨਾਲ ਮਿਲਣ ਦਾ ਮੌਕਾ ਮਿਲਿਆ। ਗ੍ਰਹਿ ਮਹਿਕਮੇ ਵੱਲੋਂ ਹਰ ਸਾਲ ਤਿੰਨਾਂ ਜ਼ੁਬਾਨਾਂ ਵਿਚ ਸਰਬ ਹਿੰਦ ਕਵੀ ਦਰਬਾਰ ਕਰਵਾਏ ਜਾਂਦੇ ਸਨ। ਜਲੰਧਰੀ ਸਾਹਿਬ ਕਿਉਂਕਿ ਕਵੀ ਅਤੇ ਇੰਤਜ਼ਾਮੀਆ ਕਮੇਟੀ ਦੇ ਮੈਂਬਰ ਸਨ, ਇਸ ਲਈ ਉਨ੍ਹਾਂ ਦੀ ਜ਼ਿੰਮੇਵਾਰੀ ਤਿੰਨਾਂ ਜ਼ੁਬਾਨਾਂ ਦੇ ਮਸ਼ਹੂਰ ਕਵੀਆਂ ਨੂੰ ਮੁਸ਼ਹਿਰਿਆਂ ਵਿਚ ਲੈ ਕੇ ਅਤੇ ਛੱਡ ਕੇ ਆਉਣ ਦੀ ਲੱਗੀ। ਇਸ ਦੌਰਾਨ ਉਹਨਾਂ ਦੀ ਮੁਲਾਕਾਤ ਉਰਦੂ ਦੇ ਸ਼ਾਇਰਾਂ ਜਿਵੇਂ ਜਿਗਰ ਮੁਰਾਦਾਬਾਦੀ, ਸਾਗਰ ਨਿਜ਼ਾਮੀ, ਮਖਮੂਰ ਦੇਹਿਲਵੀ, ਨਰੇਸ਼ ਕੁਮਾਰ ਸ਼ਾਂਦ ਅਤੇ ਗੁਲਜ਼ਾਰ ਦੇਹਿਲਵੀ ਵਰਗੇ ਨਾਮਵਰ ਸ਼ਾਇਰਾਂ ਨਾਲ ਹੋਈ। ਹਿੰਦੀ ਦੇ ਮਸ਼ਹੂਰ ਸ਼ਾਇਰਾਂ ਹਰੀਬੰਸ਼ ਰਾਏ ਬੱਚਨ ਅਤੇ ਨੀਰਜ ਨਾਲ ਵੀ ਉਨ੍ਹਾਂ ਦਾ ਸੰਕਲਪ ਹੋਇਆ। ਪੰਜਾਬੀ ਦੇ ਅੰਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ, ਗੁਰਮੁਖ ਸਿੰਘ ਮੁਸਾਫਰ, ਪ੍ਰੀਤਮ ਸਿੰਘ ਸਫੀਰ ਅਤੇ ਹਾਸ ਰਸ ਕਵੀ ਭਾਈਆ ਈਸ਼ਰ ਸਿੰਘ ਵੀ ਉਹਨਾਂ ਦੇ ਘੇਰੇ ਵਿਚ ਆਏ। ਹਿੰਦੁਸਤਾਨ ਦੇ ਮੰਨੇ ਪ੍ਰਮੰਨੇ ਗਜ਼ਲਗੋਆਂ ਅਤੇ ਕਵੀਆਂ ਦੀ ਸੰਗਤ ਵਿਚੋਂ ਅਜ਼ਾਦ ਜਾਲੰਧਰੀ ਵਰਗਾ ਸ਼ਾਇਰ ਉਦੈ ਹੋਇਆ ਜਿਸ ਦੀ ਚਮਕ ਵਿਚ ਕਈ ਗਜ਼ਲਗੋਆਂ, ਗੀਤਕਾਰਾਂ ਅਤੇ ਸੰਗੀਤਕਾਰਾਂ ਦੇ ਮੁੱਖ ਉੱਜਲ ਹੋਏ।

ਜਲੰਧਰੀ ਹੋਰਾਂ ਨੇ ਸੂਫੀਆਨਾ ਗਜ਼ਲਾਂ ਅਤੇ ਗੀਤਾਂ ਤੋਂ ਇਲਾਵਾ ਫਿਲਮੀ ਅਤੇ ਗੈਰ ਫਿਲਮੀ ਗੀਤ ਵੀ ਲਿਖੇ, ਜਿਹਨਾਂ ਨੂੰ ਸੁਰੇਸ਼ ਵਾਡੇਕਰ, ਅਲਕਾ ਯਾਗਨਿਕ, ਸਾਧਨਾ ਸਰਗਮ, ਕਵਿਤਾ ਕ੍ਰਿਸ਼ਨਾਮੂਰਤੀ, ਅਭੀਜੀਤ, ਮੁਹੰਮਦ ਅਜੀਜ਼, ਕੁਮਾਰ ਸ਼ਾਨੂੰ ਅਤੇ ਉਦਿੱਤ ਨਾਰਾਇਣ ਵਰਗੇ ਸਿਰਮੌਰ ਗਾਇਕਾਂ ਨੇ ਆਪਣੀ ਆਵਾਜ਼ ਦਿੱਤੀ।

ਹੁਣ ਤੱਕ ਜਲੰਧਰੀ ਸਾਹਿਬ ਨੇ ਕੁੱਲ ਮਿਲਾ ਕੇ ਇਕ ਹਜ਼ਾਰ ਤੋਂ ਵੱਧ ਗੀਤਾਂ ਦੀ ਸਿਰਜਣਾ ਕੀਤੀ ਹੈ।


ਅਜ਼ਾਦ ਹੋਰਾਂ ਨੇ ਕਵਿਤਾ ਦੀਆਂ ਕਈ ਵੰਨਗੀਆਂ ਵਿਚ ਆਪਣਾ ਕਲਾਮ ਕਿਹਾ ਹੈ, ਜਿਹਨਾਂ ਵਿਚ ਇਸ਼ਕ ਮਜ਼ਾਜ਼ੀ ਤੋਂ ਇਸ਼ਕ ਹਕੀਕੀ ਤੱਕ ਦੇ ਵਿਸ਼ੇ ਛੋਹੇ ਗਏ ਹਨ। ਪਹਿਲਾਂ ਪਹਿਲ ਉਹ ਆਮ ਜਨਤਾ ਦੇ ਮਨੋਰੰਜਨ ਲਈ ਲਿਖਦੇ ਸਨ ਪਰ ਬਾਅਦ ਵਿਚ ਜਦ ਉਹਨਾਂ ਨੇ ਆਪਣੀ ਰੂਹ ਦੀ ਆਵਾਜ਼ ਸੁਣੀ ਤਾਂ ਉਹ ਰੂਹਾਨੀਅਤ ਦੇ ਰੰਗਾਂ ਵਿਚ ਰੰਗੀਜਦੇ ਹੋਏ ਅਧਿਆਤਮਵਾਦੀ ਵਿਸ਼ਿਆਂ ਵੱਲ ਰੁਚਿਤ ਹੋ ਗਏ, ਇਸ ਗੱਲ ਦੀ ਤਸਦੀਕ ਉਹਨਾਂ ਦੀਆਂ ਕਾਵਿ ਪੁਸਤਕਾਂ ਦੇ ਨਾਵਾਂ ਤੋਂ ਵੀ ਭਲੀ-ਭਾਂਤ ਹੋ ਜਾਂਦੀ ਹੈ।

ਅਜ਼ਾਦ ਜਾਲੰਧਰੀ 1978 ਵਿਚ ਅਮਰੀਕਾ ਆ ਗਏ ਅਤੇ ਇੱਥੇ ਵੀ ਜਿਸ ਤਰ੍ਹਾਂ ਉਹਨਾਂ ਨੇ ਆਪਣਾ ਸਾਹਿਤਕਾਰੀ ਸਫਰ ਜਾਰੀ ਰੱਖਿਆ, ਉਹ ਕਿਸੇ ਜਾਣਕਾਰੀ ਦਾ ਮੁਥਾਜ ਨਹੀਂ। ਇਸ ਸਫਰ ਦਾ ਪ੍ਰਤੱਖ ਪ੍ਰਮਾਣ "ਅੰਤਰ-ਰਾਸ਼ਟਰੀ ਪੰਜਾਬੀ ਸਾਹਿਤ ਪਬਲੀਕੇਸ਼ਨ ਟਰੱਸਟ, ਅਮਰੀਕਾ" ਦੀ ਸਥਾਪਨਾ ਹੈ ਜੋ ਉਨ੍ਹਾਂ ਨੇ ਜੰਗ ਸਿੰਘ ਗਿਆਨੀ ਹੋਰਾਂ ਨਾਲ ਮਿਲ ਕੇ ਸਥਾਪਤ ਕੀਤਾ।

ਅਜ਼ਾਦ ਜਾਲੰਧਰੀ ਦੀ ਉਮਰ ਭਰ ਦੀ ਕਮਾਈ ਨੂੰ ਅਸੀਂ ਸਲਾਮ ਕਰਨ ਦੇ ਨਾਲ ਨਾਲ ਆਪਣੀ ਅਕੀਦਤ ਵੀ ਪੇਸ਼ ਕਰਦੇ ਹਾਂ ਅਤੇ ਆਸ ਕਰਦੇ ਹਾਂ ਕਿ ਉਹ ਭਵਿੱਖ ਵਿਚ ਵੀ ਸਾਹਿਤ ਦੀ ਇਸੇ ਤਰ੍ਹਾਂ ਸੇਵਾ ਕਰਦੇ ਰਹਿਣਗੇ।

ਅਜ਼ਾਦ ਜਲੰਧਰੀ ਦੀਆਂ ਛਪੀਆਂ ਕਿਤਾਬਾਂ ਦਾ ਵੇਰਵਾ:

ਰੁਬਾਈ ਮਾਲਾ
ਨਾਮ ਖੁਮਾਰੀ
ਗੀਤਾਂ ਦੀ ਝਨਕਾਰ
ਮਾਇਆ ਜਾਲ
ਮਾਰੂਥਲ ਦਾ ਰੁਖ
ਪ੍ਰੇਰਨਾ
ਸਾਂਚੀ ਪ੍ਰੀਤ
ਇਤਿਹਾਸਿਕ ਕਵਿਤਾਵਾਂ
ਗਮ ਏ ਹਯਾਤ (ਉਰਦੂ ਵਿਚ ਛਪੀ)



ਜਨਾਬ ਅਜ਼ਾਦ ਜਲੰਧਰੀ

– ਡਾ. ਗਰੂਮੇਲ ਸਿੰਘ ਸਿੱਧੂ, ਫਰਿਜ਼ਨੋ

## ਅਦਾਰਾ 'ਦੇਸ਼ ਦੁਆਬਾ' ਵੱਲੋਂ ਜਨਾਬ ਆਜ਼ਾਦ ਜਲੰਧਰੀ ਸਾਹਿਬ ਨੂੰ ਜਨਮ ਦਿਨ ਦੀ ਹਾਰਦਿਕ ਵਧਾਈ

### ਅਮਲਾਂ ਦੀ ਖੇਤੀ/ ਆਜ਼ਾਦ ਜਲੰਧਰੀ

ਇਹ ਜੱਗ ਅਮਲਾਂ ਦੀ ਖੇਤੀ ਏ
ਏਥੇ ਲੁਕੀ ਹਕੀਕਤ ਨਹੀਂ ਰਹਿੰਦੀ
ਜਿਹੜਾ ਅਦਬ ਨਹੀਂ ਕਰਦਾ ਦੂਜੇ ਦਾ
ਕਦੇ ਓਹਦੀ ਭੀ ਇੱਜ਼ਤ ਨਹੀਂ ਰਹਿੰਦੀ।

ਇਹ ਪਿਆਰ ਦਾ ਪੇੜ ਅਨੋਖਾ ਏ
ਜਿਹੜਾ ਤਿਆਗ ਦੀ ਛਾਵੇਂ ਪੱਲਦਾ
ਜਿੱਥੇ ਖੁਦਗਰਜ਼ੀ ਦੀ ਧੁੱਪ ਹੋਵੇ
ਔਥੇ ਕਦੇ ਮੁਹੱਬਤ ਨਹੀਂ ਰਹਿੰਦੀ।

ਇਹ ਆਪਣੇ ਕੰਮ ਸੁਆਰਨ ਲਈ
ਬੰਦਾ ਰੱਬ ਨੂੰ ਲੱਭਦਾ ਫਿਰਦਾ ਏ
ਜਦ ਬੰਦੇ ਦਾ ਕੰਮ ਸਰ ਜਾਵੇ
ਰੱਬ ਦੀ ਭੀ ਜ਼ਰੂਰਤ ਨਹੀਂ ਰਹਿੰਦੀ।

ਜਿਉਂ ਜਿਉਂ ਧੰਨ ਵਧਦਾ ਜਾਂਦਾ ਹੈ
ਇਖਲਾਕ ਦੀ ਪੂੰਜੀ ਘਟ ਜਾਂਦੀ
ਇਕ ਦਿਨ ਧੰਨ ਪੱਲੇ ਰਹਿ ਜਾਦਾ
ਪਰ ਕੋਲ ਸ਼ਰਾਫਤ ਨਹੀਂ ਰਹਿੰਦੀ।

ਇਹ ਬੇਮੁਖ ਹੋ ਕੇ ਮਾਲਿਕ ਤੋਂ
ਇਨਸਾਨ ਮੁਸੀਬਤ ਝੱਲਦਾ ਏ
ਜਦ ਰੱਬ ਤੇ ਭਰੋਸਾ ਹੋ ਜਾਵੇ
ਆਜ਼ਾਦ ਮੁਸੀਬਤ ਨਹੀਂ ਰਹਿੰਦੀ।

### ਮੈਂ ਰਾਹਾਂ 'ਚ ਨਜ਼ਰਾਂ ਵਿਛਾਈਆਂ

ਜਿਹਨਾਂ ਲਈ ਮੈਂ ਰਾਹਾਂ 'ਚ ਨਜ਼ਰਾਂ ਵਿਛਾਈਆਂ,
ਉਨ੍ਹਾਂ ਨੇ ਹੀ ਅੱਜ ਮੈਥੋਂ ਨਜ਼ਰਾਂ ਚੁਰਾਈਆਂ।

ਕੀ ਦਿਲ ਦੇਖਦੇ ਓ ਮੇਰਾ ਥੋੜ੍ਹ-ਦਿਲਿਓ,
ਇਹਦੇ ਵਿਚ ਸਮਾਈਆਂ ਨੇ ਲੱਖਾਂ ਖੁਦਾਈਆਂ।

ਮੈਨੂੰ ਪੀਣ ਦੇ ਗਮ ਪਿਆਲੇ 'ਚ ਪਾ ਕੇ,
ਤੂੰ ਰੱਖ ਸਾਂਭ ਕੇ ਜ਼ਾਹਿਦਾ ਪਾਰਸਾਈਆਂ।

ਸਦਾ ਗਮ 'ਚ ਰਹਿਣਾ ਹੈ ਫਿਤਰਤ ਜਿਨ੍ਹਾਂ ਦੀ,
ਮਲੰਗਾਂ ਨੂੰ ਖੁਸ਼ੀਆਂ ਕਦੋਂ ਰਾਸ ਆਈਆਂ।

ਇਹ ਪਿੰਜਰ ਬਚਾ ਕੇ ਕੀ "ਆਜ਼ਾਦ" ਮਿਲਣਾ,
ਤਬੀਬੋ! ਕੀ ਦਿੰਦੇ ਓ ਮੈਨੂੰ ਦਵਾਈਆਂ।

–ਆਜ਼ਾਦ ਜਲੰਧਰੀ

### ਵਿਸ਼ਵਾਸ/ ਆਜ਼ਾਦ ਜਲੰਧਰੀ

ਜਿਹੜੇ ਇਨਸਾਨ ਦੇ ਹਿਰਦੇ 'ਚ ਰੱਬ ਦਾ ਵਾਸ ਨਹੀਂ ਹੁੰਦਾ
ਕਦੇ ਭੀ ਇਮਤਿਹਾਨਾਂ 'ਚੋਂ ਔਹ ਬੰਦਾ ਪਾਸ ਨਹੀਂ ਹੁੰਦਾ।

ਜਿਹਨਾਂ ਦੀ ਨੀਅਤ ਖੋਟੀ ਏ ਉਹਨਾਂ ਦੇ ਭਾਗ ਵੀ ਖੋਟੇ
ਦਿਲਾਂ ਦੇ ਖੋਟਿਆਂ ਦਾ ਕੋਈ ਕਾਰਜ ਰਾਸ ਨਹੀਂ ਹੁੰਦਾ।

ਦਿਖਾਵਾ ਓਪਰਾ ਅੰਦਰ ਦੀ ਸ਼ਰਧਾ ਮਾਰ ਦਿੰਦਾ ਏ
ਜੋ ਗੱਲਾਂ ਵਾਹਲੀਆਂ ਕਰਦਾ ਔਹ ਬੰਦਾ ਖਾਸ ਨਹੀਂ ਹੁੰਦਾ।

ਇਹ ਬੰਦਾ ਜਾਣਦਾ ਬੁੱਝਦਾ ਹੋਇਆ ਸਭ ਪਾਪ ਕਰਦਾ ਏ
ਭਲਾ ਆਪਣੇ ਗੁਨਾਹਾਂ ਦਾ ਕਿਹਨੂੰ ਐਹਿਸਾਸ ਨਹੀਂ ਹੁੰਦਾ।

ਹਮੇਸ਼ਾ ਹਾਰ ਜਾਂਦਾ ਏ ਔਹ ਬਾਜ਼ੀ ਜਿੰਦਗਾਨੀ ਦੀ
ਜਿਹੜੇ ਇਨਸਾਨ ਨੂੰ ਆਪਣੇ ਫਰਜ਼ ਦਾ ਪਾਸ ਨਹੀਂ ਹੁੰਦਾ।

ਜਿਹੜਾ ਇਨਸਾਨ ਲੈ ਕੇ ਆਸਰਾ ਚੱਲਦਾ ਏ ਮਾਲਿਕ ਦਾ
ਚਾਹੇ ਲੱਖ ਮੁਸ਼ਕਿਲਾਂ ਆਵਣ ਕਦੇ ਬੇਆਸ ਨਹੀਂ ਹੁੰਦਾ।

ਭਰੋਸਾ ਏ ਜਿਹਨੂੰ 'ਆਜ਼ਾਦ' ਭਵਜਲ ਪਾਰ ਕਰ ਜਾਂਦਾ
ਔਹ ਕੰਢੇ ਤੇ ਹੀ ਡੁੱਬ ਜਾਂਦਾ ਜਿਹਨੂੰ ਵਿਸ਼ਵਾਸ ਨਹੀਂ ਹੁੰਦਾ।

## ਕਿਸੇ ਦੀ ਗਰੀਬੀ ਦਾ

ਸੁਰਿੰਦਰ ਚੌਹਾਨ, ਯੂ. ਐਸ. ਏ.
916-233-9822



ਕਿਉਂ ਕਰਦੈਂ ਮੇਰੀ-ਮੇਰੀ ਇੱਥੇ ਨਾ ਤੇਰੀ ਨਾ ਮੇਰੀ
ਸੋਹਣਾ ਫਲ ਮਿਲਦਾ ਕੀਤੀ ਨੇਕ ਕਮਾਈਆਂ ਦਾ
ਕਿਸੇ ਦੀ ਗਰੀਬੀ ਦਾ, ਮਜ਼ਾਕ ਨਹੀਂ ਉਡਾਈਦਾ...

ਸਿਕੰਦਰ ਵਰਗੇ ਇੱਥੋਂ ਤੁਰ ਗਏ, ਕਾਰੂ ਵਰਗੇ ਇੱਥੋਂ ਤੁਰ ਗਏ,
ਜਿਹਨਾਂ ਨੂੰ ਸੀ ਮਾਣ ਝੂਠੀ ਦੌਲਤ ਕਮਾਈ ਦਾ,
ਕਿਸੇ ਦੀ ਗਰੀਬੀ ਦਾ, ਮਜ਼ਾਕ ਨਹੀਂ ਉਡਾਈਦਾ...

ਕਰੀ ਦਾ ਨਹੀਂ ਮਾਣ ਐਵੇਂ, ਕੰਮਾਂ-ਕੋਠੀਆਂ ਤੇ ਕਾਰਾਂ ਦਾ
ਨਿਕਲ ਦੁਆਲਾ ਜਾਂਦਾ, ਵੱਡੇ ਵੱਡੇ ਸ਼ਾਹੂਕਾਰਾਂ ਦਾ।
ਨੀਵੇਂ ਰਹਿ ਕੇ ਸਦਾ ਬੰਦੇ, ਪਿਆਰ ਨੂੰ ਵਧਾਈਦਾ,
ਕਿਸੇ ਦੀ ਗਰੀਬੀ ਦਾ, ਮਜ਼ਾਕ ਨਹੀਂ ਉਡਾਈਦਾ...

ਮਹਿਲਾਂ ਨੇ ਰਹਿ ਜਾਣਾ ਇੱਥੇ, ਮਾਰ ਜਾਣੀ ਏ ਜਿੰਦ ਉਡਾਰੀ।
ਵਿਚ ਪੈਸੇ ਦੀ ਖਾਤਰ ਇੱਥੇ, ਬੰਦਾ-ਬੰਦੇ ਦਾ ਹੈ ਵੈਰੀ
ਮਿਲਦਾ ਨਹੀਂ ਕੁਝ ਵੀ, ਝੂਠੀ ਇੱਜਤ ਬਣਾਈਦਾ।
ਉਏ ਕਿਸੇ ਦੀ ਗਰੀਬੀ ਦਾ, ਮਜ਼ਾਕ ਨਹੀਂ ਉਡਾਈਦਾ...

'ਚੌਹਾਨ' ਅਮੀਰੀ ਗਰੀਬੀ ਕੀ ਏ ਰੱਖਿਆ
ਇਕੋ ਜਿਹੇ ਹੀ ਇੱਥੇ ਸਾਰੇ
ਦੇਖੋ ਹਰ ਪਾਸੇ ਪੈਸਾ ਏ ਚੱਲਦਾ,
ਭੁਲਾ ਕੀ ਗਰੀਬ ਵਿਚਾਰੇ,
ਰੁੱਖੀ ਮਿੱਸੀ ਖਾ ਕੇ, ਉਹਦਾ ਸ਼ੁਕਰ ਮਨਾਈਦਾ
ਕਿਸੇ ਦੀ ਗਰੀਬੀ ਦਾ, ਮਜ਼ਾਕ ਨਹੀਂ ਉਡਾਈਦਾ...

## ਮੁਸਾਫਿਰ ਸੱਚ ਦਾ

ਕਮਲ ਬੰਦਾ
(ਸੈਕਰਾਮੈਂਟੋ)
916-897-8570



ਦੁਨੀਆਂ ਤੇ ਮੁਸਾਫਿਰ ਸੱਚ ਦਾ ਹੈ ਟਾਂਵਾ ਟਾਂਵਾ।
ਰਾਹੀਆਂ ਨੂੰ ਰਾਹ ਦੱਸਦਾ ਹੈ ਟਾਂਵਾ ਟਾਂਵਾ।

ਸਫਰ ਜ਼ਿੰਦਗੀ ਦਾ ਆਸਵੰਦ ਬੜਾ ਪਰ,
ਇਸਦੇ ਨਿਯਮਾਂ ਤੇ ਚੱਲਦਾ ਹੈ ਟਾਂਵਾ ਟਾਂਵਾ।

ਉਂਝ ਵੀ ਤਾਂ ਬੰਦਾ ਐਨਾ ਨਿਡੱਰ ਹੋ ਗਿਆ,
ਕਿ ਰੱਬ ਤੋਂ ਵੀ ਡਰਦਾ ਹੈ ਟਾਂਵਾ ਟਾਂਵਾ।

ਹਰ ਦਿਲ ਅਜ਼ੀਜ ਵੀ ਬਦਲੀ ਜਾ ਰਿਹਾ ਏ,
ਉਹ ਵੀ ਵਿਗੜਦਾ ਜਾਂਦਾ ਹੈ ਟਾਂਵਾ ਟਾਂਵਾ।

ਲੱਖਾਂ ਰੁੱਖ ਨੇ ਖੜ੍ਹੇ, ਨਿਮਰਤਾ ਦਾ ਰੂਪ ਬਣਕੇ,
ਇਨ੍ਹਾਂ ਕੋਲ ਵੀ ਤਾਂ ਖੜ੍ਹਦਾ ਹੈ ਟਾਂਵਾ ਟਾਂਵਾ।

ਮੌਕਾ ਤਾਂ ਬਹੁਤਿਆਂ ਨੂੰ ਚੰਗਾ ਮਿਲਦਾ ਪਰ,
ਮੌਕੇ ਦਾ ਲਾਭ ਉਠਾਉਂਦਾ ਹੈ ਟਾਂਵਾ ਟਾਂਵਾ।

ਚਾਹੇ ਚੰਗੀ ਕਵਿਤਾ ਨੂੰ ਜੱਗ ਸਲ੍ਹਾਉਂਦਾ ਹੈ,
ਫਿਰ ਵੀ ਤਾਂ ਮਾੜਾ ਲਿਖੀ ਜਾਂਦਾ ਹੈ ਟਾਂਵਾ-ਟਾਂਵਾ।

ਅਸੀਂ ਵੀ ਤੇ ਹਾਂ ਆਲਮ ਦਾ ਹਿੱਸਾ ਲੋਕੋ,
ਇਹ ਗੱਲ ਮੀਲ ਪੱਥਰ ਕਹਿੰਦਾ ਹੈ ਟਾਂਵਾ-ਟਾਂਵਾ।

ਹਰੇਕ ਦੀਵਾ ਜਗਦਾ ਸੂਰਜ ਦੇ ਮਗਰੋਂ 'ਕਮਲ'
ਨਾਲੇ ਜੁਗਨੂੰ ਵੀ ਚਮਕਦਾ ਹੈ ਟਾਂਵਾ ਟਾਂਵਾ।


## ਧੀਆਂ ਦੀ ਲੋਹੜੀ

ਆਪ ਸਭ ਨੂੰ ਜਾਣਕੇ ਖੁਸ਼ੀ ਹੋਵੇਗੀ ਕਿ ਪੰਜਾਬੀ ਮਲਟੀਕਲਚਰ ਸੁਸਾਇਟੀ ਆਫ ਪਿਟਸਬਰਗ ਵੱਲੋਂ ਪਹਿਲਾ ਲੋਹੜੀ ਦਾ ਮੇਲਾ ਮਨਾਇਆ ਜਾ ਰਿਹਾ ਹੈ।

ਪ੍ਰੋਗਰਾਮ 01-16-2016 ਦਿਨ ਸ਼ਨਿਚਰਵਾਰ
ਸ਼ਾਮ 1:00 ਵਜੇ ਤੋਂ 4 ਵਜੇ ਤੱਕ

**Buchnan Park
4150 Harbor ST
Pittsburg. CA 94565**

ਇਸ ਮੇਲੇ ਵਿਚ ਭੰਗੜਾ, ਡਾਂਸ, ਹਿਪ ਹੋਪ, ਗਿੱਧਾ, ਬਾਲੀਵੁੱਡ ਲਾਈਵ ਡੀ. ਜੇ. ਅਤੇ ਹੋਰ ਮਨੋਰੰਜਕ ਪ੍ਰੋਗਰਾਮ ਹੋਣਗੇ।

ਇਹ ਸਿਰਫ ਔਰਤਾਂ ਅਤੇ ਬੱਚਿਆਂ ਲਈ ਹੀ ਹੋਵੇਗਾ।
ਐਂਟਰੀ 5 ਡਾਲਰ ਹੋਵੇਗੀ। 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਐਂਟਰੀ ਫਰੀ ਹੋਵੇਗੀ।
ਸਕਿਊਰਟੀ ਦਾ ਖਾਸ ਪ੍ਰਬੰਧ ਹੋਵੇਗਾ ਅਤੇ ਪਾਰਕਿੰਗ ਮੁਫਤ ਹੋਵੇਗੀ।

ਹੋਰ ਜਾਣਕਾਰੀ ਲਈ ਸੰਪਰਕ ਕਰੋ:

ਪਰਮਜੀਤ ਕੌਰ
925-473-9417
925-642-5953

ਬਲਬੀਰ ਕੌਰ
925-864-3855
ਕਸ਼ਮੀਰ ਕੌਰ
925-384-9740

ਰੂਬੀ ਰਾਜੂ
925-550-1088

**ਮਾਤਾ ਸਵਿੱਤਰੀ ਬਾਈ ਫੂਲੇ ਜੀ ਦੇ ਜਨਮ ਦਿਹਾੜੇ ਦੀਆਂ ਅਦਾਰਾ 'ਦੇਸ਼ ਦੁਆਬਾ' ਵੱਲੋਂ ਹਾਰਦਿਕ ਵਧਾਈ**

## (ਬਾਬਾਣੀਆਂ ਕਹਾਣੀਆਂ ਪੁੱਤ ਸਪੁਤ ਕਰੇਨਿ)

# ਗ਼ੁਲਾਮਗਿਰੀ

**(ਪ੍ਰਸੰਗ ਲਿਖਤ 1872 ਈ: ਅਤੇ ਮਹਾਤਮਾ ਜੋਤੀ ਰਾਉ ਫੂਲੇ ਧਨੰਜੇ ਕੀਰ) 'ਜੋਤੀ ਰਾਉ ਫੂਲੇ ਦਰਸ਼ਨ' ਵਿੱਚੋਂ**

## ਜੋਤੀ ਰਾਉ ਦੇ ਇਤਿਹਾਸਕ ਪ੍ਰਵਰਤਨ ਦੀ ਮਹਾਨ ਕਥਾ



ਪ੍ਰੋ: ਗੁਰਨਾਮ ਸਿੰਘ ਮੁਕਤਸਰ
91-94178-92333

ਜੋਤੀ ਰਾਉ ਫੂਲੇ ਆਧੁਨਿਕ ਭਾਰਤ ਦੇਸ਼ ਦਾ ਪਹਿਲਾ ਸਮਾਜਿਕ ਕ੍ਰਾਂਤੀਕਾਰੀ ਸੀ, ਅਫ਼ਸੋਸ ਕਿ ਜਿਸਨੂੰ ਭਾਰਤ ਦੇ ਲੋਕ ਨਹੀਂ ਜਾਣਦੇ, ਜਿਸਨੂੰ ਭਾਰਤ ਦੇ ਸਕੂਲਾਂ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਪੜ੍ਹਾਇਆ ਨਹੀਂ ਜਾਂਦਾ, ਜਿਸਦਾ ਨਾਮ ਕਿਸੇ ਮਜ਼ਬੂਰੀਵਸ, ਕਦੀ ਕਦਾਈਂ ਵਰ੍ਹਿਆਂ ਬਾਅਦ ਹਿੰਦੁਸਤਾਨੀ ਟੀ.ਵੀ. 'ਤੇ ਆ ਜਾਂਦਾ ਹੈ। ਪਰ ਉਸਨੂੰ ਕੋਈ ਨਹੀਂ ਜਾਣਦਾ, ਕੋਈ ਨਹੀਂ ਪਛਾਣਦਾ, ਕਿਉਂਕਿ ਉੱਚੀਆਂ ਜਾਤਾਂ ਵਾਲ਼ਿਆਂ ਨੇ ਕਿਸੇ ਸਮਾਜਿਕ ਕ੍ਰਾਂਤੀਕਾਰੀ ਤੋਂ ਕੀ ਲੈਣਾ ਹੈ ਤੇ ਨੀਵੀਆਂ ਜਾਤਾਂ ਵਾਲ਼ਿਆਂ ਲਈ ਇੰਦਰਪੁਰੀ ਦੀਆਂ ਅਪੱਸਰਾਵਾਂ ਬਣਾਈਆਂ ਹੀਰੋਇਨਾਂ ਤੇ ਚੌਵੀ ਘੰਟੇ ਜੱਫੀਆਂ ਭਰਦੇ ਹੀਰੋਆਂ ਤੇ ਚਿੱਤਰਹਾਰਾਂ ਤੋਂ ਵੱਧ ਕਿਹੜੀ ਚੀਜ ਹੈ ਜੋ ਉਹਨਾਂ ਨੂੰ ਮੋਹ ਸਕੇ। ਉਹਨਾਂ ਲਈ ਤਾਂ ਕੁੱਲੀ ਯਾਰ ਦੀ, ਚੰਦਰਕਾਂਤਾ, ਮਹਾਂਭਾਰਤ, ਰਮਾਇਣ ਰੱਬੀ ਨਿਹਮਤਾਂ ਹਨ। ਹੀਰੋ ਨੂੰ ਰਿਕਸ਼ਾ ਚਲਾਉਣਾ ਪਵੇ ਤਾਂ ਭਾਰਤ ਦੇ ਰਿਕਸ਼ਿਆਂ ਵਾਲ਼ੇ ਸਾਰੇ ਦੇ ਸਾਰੇ ਧਾਹੀਂ ਰੋਂਦੇ ਹਨ ਕਿ ਉਹਨਾਂ ਦੇ ਹੀਰੋ ਦੇ ਨਾਲ਼ ਰੱਬ ਨੇ ਮਾੜੀ ਕੀਤੀ। ਕਿਸੇ ਧੰਨਾ ਸੇਠ ਦੀ ਕੁੜੀ ਲਿਸ਼ਕਦੇ ਪੁਸ਼ਕਦੇ ਤੇ ਛੱਤੀ ਪਦਾਰਥ ਖਾ ਕੇ ਮਲਾਈ ਬਣੇ ਬਦਨ ਦੀ ਪ੍ਰਦਰਸ਼ਨੀ ਕਰਦੀ, ਹੈਲੋ ਹੈਲੋ ਬੋਲਦੀ, ਸੜਕਾਂ ਤੇ ਬਾਗਾਂ ਅੰਦਰ ਫੁਦਕ-ਫੁਦਕ ਉੱਡਦੀ, ਜਣੇ ਖਣੇ ਦੀਆਂ ਲਾ਼ਲਾਂ ਸੁਟਾਉਂਦੀ ਕਿਸੇ ਅਰਬਪਤੀ ਸ਼ਰੀਫ ਘਰਾਣੇ ਦੀ ਸ਼ਰੀਫ ਕੁੜੀ ਨੂੰ, ਕਿਸੇ ਹੋਰ ਧੰਨਾ ਸੇਠ ਦਾ ਸ਼ਰੀਫਜਾਦਾ ਜਾਂ ਉਸਦਾ ਪਿਆਦਾ ਚੁੱਕ ਕੇ ਲੈ ਜਾਵੇ, ਉਸ ਦੀਆਂ ਚੀਕਾਂ ਕਢਾਵੇ ਤਾਂ ਜ਼ਿੰਦਗੀ ਦੀਆਂ ਧੱਕੀਆਂ, ਭਾਗਾਂ ਦੀਆਂ ਮਾਰੀਆਂ, ਬੋਝ ਢੋਂਦੀਆਂ ਤਰੀਮਤਾਂ ਦੀਆਂ ਵੀ ਢਾਹਾਂ ਨਿੱਕ਼ਲ ਜਾਂਦੀਆਂ ਹਨ ਕਿ ਉਹਨਾਂ ਦੀ ਪਿਆਰੀ ਤੇ ਵਿਚਾਰੀ ਹੀਰੋਇਨ ਨਾ਼ਲ ਐਨਾ ਜ਼ੁਲਮ ਆਖਰ ਕਿਉਂ? ਜਿੰਨ੍ਹਾਂ ਨੇ ਪਿਛਲੇ ਕਰੋੜਾਂ ਮਰਦ ਔਰਤ, ਜਿੰਨ੍ਹਾਂ ਨੂੰ ਹਜ਼ਾਰਾਂ ਵਰ੍ਹਿਆਂ ਤੱਕ ਕਿਸੇ ਨੇ ਅੱਖਰ ਵੇਖਣ ਪੜ੍ਹਨ ਸੁਣਨ ਨਹੀਂ ਦਿੱਤਾ, ਉਹ ਕਰੋੜਾਂ ਲੋਕ ਜਿੰਨ੍ਹਾਂ ਨੂੰ ਜੋਤੀ ਰਾਉ ਫੂਲੇ ਨੇ ਵਿੱਦਿਆ ਪ੍ਰਾਪਤ ਕਰਨ ਦਾ ਪਹਿਲਾ ਦਰਵਾਜਾ 1848 ਵਿੱਚ ਖੋਲ੍ਹਿਆ, ਉਹ ਸਾਰੇ ਦੇ ਸਾਰੇ ਢੇਰਾਂ ਦੇ ਢੇਰ ਸਾਹਿਤ ਦੇ ਵਰਕਿਆਂ ਦੀਆਂ ਵੱਡੀਆਂ ਤੈਹਾਂ ਵਿੱਚੋਂ ਵੀ ਕਦੀ ਜੋਤੀ ਰਾਉ ਫੂਲੇ ਦਾ ਨਾਮ ਨਹੀਂ ਪੜ੍ਹ ਸਕੇ। ਉਸਦੀ ਸੂਰਤ ਨਹੀਂ ਵੇਖ ਸਕੇ। ਕਿੰਨਾ ਅਜੀਬ ਆਲਮ ਹੈ ਇਸ ਮੁਲਕ ਦਾ, ਜਿੱਥੇ ਹਰ ਵਸਤੂ ਦਾ, ਹਰ ਬੰਦੇ ਦੀ ਮਾਨਸਿਕਤਾ ਦਾ ਹਿੰਦੂਕਰਣ ਹੋ ਜਾਂਦਾ ਹੈ ਤੇ ਉਹ ਜਨਮ ਤੋਂ ਮਰਨ ਤੀਕ ਝੂਠ ਦੇ ਪੁਲੰਦਿਆਂ, ਜੋ ਜਬਾਨੀ ਜਾਂ ਲਿਖਤੀ ਉਸ ਦੇ ਸਿਰ 'ਤੇ ਟਿਕੀ ਜਾਂਦੇ ਹਨ, ਦਾ ਭਾਰ ਢੋਂਦਾ ਰਹਿੰਦਾ ਹੈ। ਝੂਠ ਦੇ ਪੁਲੰਦੇ ਜਿੰਨੇ ਕੋਈ ਜ਼ਿਆਦਾ ਚੁੱਕ ਲਵੇ ਉਹ ਜ਼ਿਆਦਾ ਵੱਡਾ ਗਿਆਨੀ ਤੇ ਮਹਾਂ ਪੰਡਤ ਵਿਦਵਾਨ ਵੱਜਦਾ ਹੈ ਤੇ ਸਾਰੀਆਂ ਸਿਫ਼ਤਾਂ ਉਸ ਕਿਸਮ ਦੇ ਲੋਕਾਂ ਲਈ ਹਾਜਰ ਨਾਜਰ ਰਹਿੰਦੀਆਂ ਹਨ। ਸਾਹਿਤ ਕਥਾ ਵਿੱਚ ਉਸ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ ਤੇ ਫੁੱਲ ਵਰਸਾਏ ਜਾਂਦੇ ਹਨ।

ਭਾਰਤੀ ਆਮ ਮਨੁੱਖ ਦਾ ਤਾਂ ਜਿਵੇਂ ਮੱਚ ਹੀ ਮਰ ਗਿਆ ਹੈ। ਅਗਿਆਨਤਾ, ਅਨਪੜ੍ਹਤਾ ਤਾਂ ਉਸਦੇ ਪੱਲੇ ਪੈਂਦੀ ਹੀ ਰਹੀ ਪਰ ਜੋ ਗਿਆਨ ਮਿਲਿਆ ਉਹ ਵੀ ਇੱਕ ਵਿਸ਼ੇਸ਼ ਜਮਾਤ ਦੁਆਰਾ, ਵਿਸ਼ੇਸ਼ ਜਮਾਤ ਲਈ, ਵਿਸ਼ੇਸ਼ ਤੌਰ 'ਤੇ ਲਿਖਿਆ ਮਿਲਿਆ। ਘਰ ਦੀ ਮੰਜੀ ਤੋਂ ਲੈ ਕੇ ਦਿੱਲੀ ਦੇ ਸਿੰਘਾਸ਼ਣ ਤੇ ਲਾਲ ਕਿਲ੍ਹੇ ਤੱਕ ਇਹੋ ਗਿਆਨ ਵਰਤਦਾ ਹੈ। ਵਰਤਾਉਣ ਵਾ਼ਲੇ ਪੂਰੇ ਭਾਰਤ ਦੇ ਸਕੂਲਾਂ, ਕਾਲਜਾਂ, ਯੂਨੀ-ਵਰਸਿਟੀਆਂ, ਮੰਦਰ, ਗੁਰਦੁਆਰਿਆਂ, ਡੇਰਿਆਂ ਵਿੱਚ ਹਰ ਜਗ੍ਹਾ ਬੈਠੇ ਹਨ ਤੇ ਇਹ ਗਿਆਨ ਪਾ ਕੇ ਭੁੰਚਨ ਭਾਵ ਹਜਮ ਕਰ ਲੈਣ ਵਾ਼ਲੇ ਭਾਰਤ ਦੀ ਹਰ ਗਲੀ ਦੇ ਹਰ ਘਰ, ਹਰ ਝੌਂਪੜੀ ਵਿੱਚ ਬੇਸ਼ੁਮਾਰ ਬੈਠੇ ਹਨ। ਪਹਿਲਾਂ ਇਹ ਗਿਆਨ ਕਿਤਾਬਾਂ, ਅਖ਼ਬਾਰਾਂ ਤੇ ਕਥਾ ਕਹਾਣੀਆਂ ਜਾਂ ਭਾਸ਼ਨਾਂ ਰਾਹੀਂ ਵਰਤਦਾ ਸੀ ਤੇ ਹੁਣ ਇਹ ਹਿੰਦੋਸਤਾਨੀ ਟੀ.ਵੀ. ਰਾਹੀਂ ਖੁੱਲ੍ਹਿਆਂ ਗੱਫਿਆਂ ਵਿੱਚ ਵਰਤਦਾ ਹੈ। ਇਸ ਕੂੜ ਕੁਸੱਤ ਤੇ ਗੁਲਾਮ ਮਾਨਸਿਕਤਾ ਪੈਦਾ ਕਰਨ ਵਾ਼ਲੇ ਗਿਆਨ ਨਾ਼ਲ ਕੂੜੇ ਕਰਕਟ ਦੇ ਗੰਦਗੀ ਦੇ ਭਰੇ ਢੇਰ ਤੋਂ ਕਚਰਾ ਤੇ ਲੀਰਾਂ ਚੁਗਣ ਵਾ਼ਲੇ ਮੁੰਡੇ ਕੁੜੀਆਂ ਦਾ ਦਿਮਾਗ ਵੀ ਇੰਨਾ ਭਰ ਗਿਆ ਹੈ ਕਿ ਉਹਨਾਂ ਨੂੰ ਜ਼ਿੰਦਗੀ ਦਾ ਸੱਚ ਉਸੇ ਤਰ੍ਹਾਂ ਚੰਗਾ ਨਹੀਂ ਲੱਗਦਾ, ਜਿਵੇਂ ਗੰਦਗੀ ਦੇ ਕੀੜੇ ਨੂੰ ਗੰਦਗੀ 'ਚੋਂ ਨਿੱਕ਼ਲ ਜਾਣ ਨਾ਼ਲ ਮੌਤ ਨਜ਼ਰ ਆਉਂਦੀ।

ਜੋਤੀ ਰਾਉ ਫੂਲੇ ਆਧੁਨਿਕ ਭਾਰਤ ਦੀ ਸਿਰਜਣਾ ਦਾ ਪਹਿਲਾ ਅਧਿਆਪਕ, ਪਹਿਲਾ ਵਿਦਵਾਨ, ਪਹਿਲੀ ਤਰਕਜੋਤੀ, ਪਹਿਲੀ ਕ੍ਰਾਂਤੀ ਸੀ, ਜਿਸ ਨੂੰ ਪਹਿਲੀ ਵਾਰ 1937 ਵਿੱਚ ਸਮਾਜ ਵਿਗਿਆਨੀਆਂ ਸਾਹਮਣੇ ਰੱਖਿਆ ਗਿਆ। ਫਿਰ 1943 ਵਿੱਚ ਤੇ ਫਿਰ ਲਗਾਤਾਰ ਮਰਾਠੀ, ਹਿੰਦੀ, ਅੰਗਰੇਜ਼ੀ ਵਿੱਚ ਲਿਖੀਆਂ ਗਈਆਂ ਇਕਵੰਜਾ (51) ਪੁਸਤਕਾਂ ਰਾਹੀਂ, ਸਾਹਮਣੇ ਲਿਆਉਣ ਦਾ ਯਤਨ ਕੀਤਾ ਗਿਆ। ਆਧੁਨਿਕ ਭਾਰਤ ਦੇ ਨਿਰਮਾਤਾ ਬਾਬਾ ਸਾਹਿਬ ਡਾ: ਅੰਬੇਡਕਰ ਨੇ ਜਿਸ ਨੂੰ ਮਹਾਤਮਾ ਬੁੱਧ ਤੇ ਸੰਤ ਕਬੀਰ ਤੋਂ ਬਾਅਦ ਆਪਣਾ ਤੀਜਾ ਗੁਰੂ ਮੰਨਿਆ, ਦੇਸ਼ ਦੇ ਸਕੂਲਾਂ, ਯੂਨੀਵਰਸਿਟੀਆਂ ਤੇ ਕਾਲਜਾਂ ਵਿੱਚ ਮੋਹਰੀ ਬਣੇ ਹਿੰਦੂਆਂ ਨੇ, ਹਿੰਦੂ ਵਿਦਵਾਨਾਂ ਤੇ ਲੇਖਕਾਂ ਨੇ, ਸਮਾਜ ਵਿਗਿਆਨੀਆਂ ਤੇ ਸ਼ਾਸਕਾਂ, ਪ੍ਰਸ਼ਾਸਕਾਂ ਨੇ, ਅੱਜ ਤੱਕ,



ਜਦੋਂ ਕਿ ਵੀਹਵੀਂ ਸਦੀ ਦਾ ਅੰਤ ਹੋ ਰਿਹਾ ਹੈ, ਜੋਤੀ ਰਾਉ ਫੂਲੇ ਨੂੰ, ਕਿਸੇ ਵੀ ਵਰਕੇ ਦਾ ਹਿੱਸੇਦਾਰ ਨਹੀਂ ਬਣਨ ਦਿੱਤਾ।

ਮੈਂ ਜੋ ਪੰਜਾਬੀ ਸਿੱਖ ਅਛੂਤ ਹਾਂ, ਜਿਸ ਨੂੰ ਬਾਬਾ ਸਾਹਿਬ ਡਾ: ਅੰਬੇਡਕਰ ਨੇ ਵਿੱਦਿਆ ਹਾਸਲ ਕਰਨ ਦਾ ਮੌਲਿਕ ਅਧਿਕਾਰ, ਭਾਰਤੀ ਪਰਜਾਤੰਤਰ ਦੇ ਸੰਵਿਧਾਨ ਰਾਹੀਂ ਦਿੱਤਾ, ਨੂੰ ਅੱਸੀਵਿਆਂ ਵਿੱਚ, ਵੀਹਵੀਂ ਸਦੀ ਦੇ ਅੰਤਲੇ ਦਹਾਕਿਆਂ ਦੇ ਸਮਾਜਿਕ ਕ੍ਰਾਂਤੀਕਾਰੀ ਮਹਾਂਪੁਰਸ਼ ਕਾਂਸ਼ੀ ਰਾਮ ਨੇ ਜੋਤੀ ਰਾਉ ਫੂਲੇ ਦੀ ਜਾਣਕਾਰੀ ਦਿੱਤੀ। ਅੱਜ ਮੈਂ ਉਸ ਮਹਾਂਪੁਰਸ਼ ਦੀ ਪੁਸਤਕ 'ਗੁਲਾਮਗਿਰੀ' ਨੂੰ ਪੜ੍ਹ ਕੇ ਬ੍ਰਾਹਮਣੀ ਗ਼ੁਲਾਮੀ ਵੱਡੀ 'ਅਣਹੋਣੀ' ਨੂੰ ਸਮਝਿਆ ਹੈ। ਇੱਕ ਜ਼ਰੂਰੀ ਗਿਆਨ ਹਾਸਲ ਕੀਤਾ ਹੈ। ਇਹ ਪੁਸਤਕ 1873 ਵਿੱਚ ਛਪੀ। ਪੂਰੇ 123 ਵਰ੍ਹੇ ਪਹਿਲਾਂ, ਇੱਕ ਸ਼ੂਦਰ ਤੇ ਚੇਤੰਨ ਵਿਦਵਾਨ ਨੇ ਬ੍ਰਾਹਮਣਵਾਦ ਦੇ ਖਿਲਾਫ ਇੰਨਾ ਤਕੜਾ ਸ਼ਾਹਕਾਰ ਦਿੱਤਾ ਕੋਈ ਨਹੀਂ ਜਾਣਦਾ। ਨਾ ਅਨਪੜ੍ਹ ਲੋਕ, ਨਾ ਪੜ੍ਹੇ ਲਿਖੇ। ਕੋਈ ਨਹੀਂ ਜਾਣਦਾ ਕਿ 1848 ਵਿੱਚ ਭਾਰਤ ਦੀ ਆਮ ਜਨਤਾ ਲਈ ਪਹਿਲਾਂ ਸਕੂਲ ਖੋਲ੍ਹਣ ਵਾ਼ਲਾ ਤੇ ਇਸ ਉਪਰੰਤ ਘਰੋਂ ਕੱਢੇ ਜਾਣ ਵਾ਼ਲਾ ਤੇ ਫਿਰ ਵੀ ਵਿੱਦਿਆ ਨੂੰ ਅਛੂਤ ਸ਼ੂਦਰ ਮੁੰਡੇ ਕੁੜੀਆਂ ਤੱਕ ਲੈ ਜਾਣ ਵਾ਼ਲਾ ਮਹਾਤਮਾ ਤੇ ਪਹਿਲਾ ਵਿਅਕਤੀ ਜੋਤੀ ਰਾਉ ਫੂਲੇ ਹੈ। ਕੋਈ ਨਹੀਂ ਜਾਣਦਾ ਕਿ 1848 ਵਿੱਚ ਅੱਜ ਤੋਂ 148 ਵਰ੍ਹੇ ਪਹਿਲਾਂ, ਭਾਰਤ ਦੀ ਆਮ ਜਨਤਾ ਵਿੱਚੋਂ, ਪੂਰੇ ਇਸਤਰੀ ਸਮਾਜ ਵਿੱਚੋਂ, ਜਿਹੜੀ ਕੁੜੀ ਘਰੇ ਪੜ੍ਹ ਕੇ ਭਾਰਤ ਦੀ ਪਹਿਲੀ ਅਧਿਆਪਕਾ ਬਣੀ ਤੇ ਜਿਸ ਨੇ ਕੁੜੀਆਂ ਲਈ ਪਹਿਲਾ ਸਕੂਲ ਖੋਲ੍ਹਿਆ, ਉਹ ਇਸੇ ਜੋਤੀ ਰਾਉ ਫੂਲੇ ਦੀ ਪਤਨੀ ਸਵਿੱਤਰੀ ਬਾਈ ਫੂਲੇ ਸੀ। ਕੀ ਇਸੇ ਗੱਲ ਦਾ ਗਰਬ ਹੈ ਹਿੰਦੂ ਆਰੀਅਨਾਂ ਨੂੰ, ਕਿ ਉਹਨਾਂ ਨੇ ਮਾਲੀਆਂ ਸੈਣੀਆਂ ਦੀ ਜਾਤ ਵਿੱਚ ਪੈਦਾ ਹੋਏ ਐਨੇ ਮਹਾਨ ਕ੍ਰਾਂਤੀਕਾਰੀ ਦੀ, ਲੋਕਾਂ ਨੂੰ ਭਿਣਕ ਤੱਕ ਨਹੀਂ ਪੈਣ ਦਿੱਤੀ? ਸ਼ਾਇਦ ਹਿੰਦੂਆਂ ਦੇ ਰਾਸ਼ਟਰਵਾਦ ਦਾ ਇਹੋ ਅਰਥ ਹੈ। ਉਹਨਾਂ ਨੇ ਪੂਰਾ ਮਹਾਤਮਾ ਬੁੱਧ ਹਜ਼ਮ ਕਰ ਲਿਆ। ਉਹਨਾਂ ਨੇ ਨਾਮਦੇਵ, ਕਬੀਰ, ਰਵੀਦਾਸ ਹਜਮ ਕਰ ਲਏ। ਉਹਨਾਂ ਨੇ ਸੰਵਿਧਾਨ ਦੇ ਨਿਰਮਾਤਾ, ਦੁਨੀਆਂ ਦੇ ਦਿਓ ਕੱਦ ਫਿਲਾਸਫਰ ਡਾ: ਅੰਬੇਡਕਰ ਨੂੰ ਹਜਮ ਕਰ ਲਿਆ। ਉਹਨਾਂ ਨੇ ਜੋਤੀ ਰਾਉ ਫੂਲੇ ਤੇ ਸਵਿੱਤਰੀ ਬਾਈ ਨੂੰ ਹਜਮ ਕਰ ਲਿਆ। ਉਹਨਾਂ ਨੇ ਮਾਰਕਸ ਹਜਮ ਕਰ ਲਿਆ ਤੇ ਕੋਈ ਡੇਢ ਸੌ ਵਰ੍ਹਿਆਂ ਤੋਂ ਹੀ ਉਹ ਬੁੱਧ ਤੋਂ ਬਾਅਦ ਦੂਸਰੀ ਕ੍ਰਾਂਤੀ ਗੁਰਬਾਣੀ ਨੂੰ ਹਜਮ ਕਰਨ ਦੇ ਰਾਹੇ ਚੜ੍ਹੇ ਆ ਰਹੇ ਹਨ।

ਉਹ ਕਸੂਰਵਾਰ ਇਸ ਲਈ ਹਨ ਕਿ ਉਹਨਾਂ ਨੇ ਮਾਨਵਵਾਦੀ ਤੇ ਮਨੁੱਖ ਹਿਤੂ ਫਲਸਫਿਆਂ ਤੇ ਮਹਾਨ ਮਨੁੱਖਾਂ ਨੂੰ ਅਲੋਪ ਕਰ ਦਿੱਤਾ। ਪਰ ਇਸ ਕੰਮ ਲਈ ਉਹ ਕਸੂਰਵਾਰ ਵੀ ਨਹੀਂ ਹਨ, ਕਿਉਂਕਿ ਉਹਨਾਂ ਨੇ ਆਪਣੀ ਜਮਾਤ ਦੇ ਬਚਾਅ ਲਈ ਓਹੀ ਕੁੱਝ ਕੀਤਾ ਜੋ ਉਹਨਾਂ ਦਾ ਕਰਨਾ ਬਣਦਾ ਸੀ। ਉਹਨਾਂ ਓਹੀ ਕੀਤਾ ਜੋ ਉਹਨਾਂ ਦਾ ਧਰਮ ਕਹਿੰਦਾ ਹੈ। ਉਹ ਆਪਣੇ ਧਰਮ ਦੇ ਪੱਕੇ ਲੋਕ ਹਨ। ਭਾਵੇਂ ਉਹ ਮੁੱਠੀ ਭਰ ਹਨ। ਉਹਨਾਂ ਦੀ ਗਿਣਤੀ ਅੱਜ ਵੀ 15 ਪ੍ਰਤੀਸ਼ਤ ਤੋਂ ਘੱਟ ਹੈ। ਪਰ ਉਹ ਕੋਈ ਪੈਂਤੀ ਸੌ ਵਰ੍ਹੇ ਪਹਿਲਾਂ ਇਸ ਦੇਸ਼ ਵਿੱਚ ਆਏ ਤੇ ਆਪਣੇ ਧਰਮ, ਆਪਣੀ ਅਕਲ ਦੇ ਸਹਾਰੇ 'ਤੇ ਇਸ ਦੇਸ਼ ਦੇ



ਸਦੀਵੀ ਮਾਲਕ ਬਣੇ ਰਹੇ। ਬਹੁਤ ਰਾਜ ਆਏ ਤੇ ਚਲੇ ਗਏ। ਬਹੁਤ ਸਲਤਨਤਾਂ ਬਣੀਆਂ ਤੇ ਮਿਟ ਗਈਆਂ। ਬੜੇ ਰਾਜਸੀ ਸੂਰਜ ਚੜ੍ਹੇ ਤੇ ਅਲੋਪ ਹੋ ਗਏ ਪਰ ਆਰੀਆਂ ਦਾ ਇੱਕ ਵਾਰ ਚੜ੍ਹਿਆ ਸੂਰਜ ਅੱਜ ਤੱਕ ਅਡੋਲ ਚਮਕ ਰਿਹਾ ਹੈ ਤੇ ਉਹ ਓਹੀ ਕੁੱਝ ਕਰ ਰਹੇ ਹਨ, ਜੋ ਉਹਨਾਂ ਦਾ ਕਰਨਾ ਬਣਦਾ ਹੈ। ਉਹ ਦੇਸ਼ ਦੇ ਮੂਲ ਵਾਸੀਆਂ ਨੂੰ ਗੁਲਾਮ ਦਰ ਗੁਲਾਮ ਬਣਾ ਕੇ ਰੱਖਣ ਵਿੱਚ ਕਾਮਯਾਬ ਹਨ। ਪੂਰੇ ਕਾਮਯਾਬ। ਉਹ ਸੰਸਾਰ ਦੇ ਸਭ ਤੋਂ ਵੱਡੇ ਛੜਯੰਤਰਕਾਰੀ ਅਤੇ ਅੱਤਿਆਚਾਰੀ ਹਨ। ਵੱਡੇ ਅੱਤਵਾਦੀ।

ਆਪਣਾ ਧਰਮ ਪਾਲਦਿਆਂ ਉਹਨਾਂ ਨੂੰ ਕਸੂਰਵਾਰ ਜਾਂ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਉਹਨਾਂ ਦੇ ਧਰਮ ਵਿੱਚ ਬਾਕੀਆਂ ਨਾ਼ਲ ਬਰਬਰਤਾ ਕਰਨਾ ਸਪੱਸ਼ਟ ਲਿਖਿਆ ਹੈ। ਉਹਨਾਂ ਦੇ ਭਗਵਾਨ ਵੀ ਇਹੋ ਕੁੱਝ ਕਰਨ ਲਈ ਅਵਤਾਰ ਧਾਰਦੇ ਹਨ। ਸਭ ਦੱਸਕੇ ਕਰਦੇ ਹਨ। ਮੂਰਖ ਤਾਂ ਉਹ ਲੋਕ ਹਨ ਜਿੰਨ੍ਹਾਂ ਨਾ਼ਲ ਹੁੰਦੀ ਹੈ ਪਰ ਜਾਣਦੇ ਤੱਕ ਨਹੀਂ। ਪ੍ਰੰਤੂ ਬਾਕੀ ਪਚਾਸੀ ਪ੍ਰਤੀਸ਼ਤ ਸਮਾਜ, ਜਿਸ ਨੇ ਦੁਨੀਆਂ ਦੇ ਸਭ ਤੋਂ ਖਤਰਨਾਕ ਸਰੀਰਕ ਤੇ ਮਾਨਸਿਕ ਤਸੀਹੇ ਝੱਲੇ ਹਨ, ਅੱਜ ਵੀ ਉਹ ਇਸ ਹਾਕਮ ਜਮਾਤ ਦੇ ਤਾਬਿਆਦਾਰ ਹਨ। ਕੀ ਹਿੰਦੂ, ਕੀ ਮੁਸਲਮਾਨ, ਕੀ ਸਿੱਖ ਸਾਰੇ ਹਿੰਦੂਆਂ ਦੀ ਜਮਾਤ ਦੇ ਰਖਵਾਲੇ ਹਨ ਤੇ ਉਸਦੇ ਪੈਰੋਕਾਰ ਹਨ। ਆਰੀਅਨ ਹਿੰਦੂਆਂ ਦਾ ਧਰਮ ਹੈ, ਪੰਦਰਾਂ ਦੀ ਸਰਦਾਰੀ ਨੂੰ ਹਰ ਹਾਲ ਕਾਇਮ ਰੱਖਣਾ ਤੇ ਪਚਾਸੀਆਂ ਦਾ ਧਰਮ ਹੈ ਉਸ ਸਰਦਾਰੀ ਨੂੰ ਭੋਰਾ ਆਂਚ ਨਾ ਆਉਣ ਦੇਣਾ। ਇਹੀ ਕਾਰਣ ਹੈ ਕਿ ਸ਼ਾਸਨ, ਪ੍ਰਸ਼ਾਸਨ ਤੇ ਵਿੱਦਿਅਕ ਅਦਾਰਿਆਂ 'ਤੇ ਕਾਬਜ਼ ਹਿੰਦੂਆਂ ਨੇ, ਜੋਤੀ ਰਾਉ ਫੂਲੇ ਵਰਗੇ ਕ੍ਰਾਂਤੀਕਾਰੀ ਨੂੰ ਜੇ ਅੱਗੇ ਨਹੀਂ ਆਉਣ ਦਿੱਤਾ ਤਾਂ ਪਚਾਸੀਆਂ ਵਿੱਚੋਂ ਪੈਦਾ ਹੋਏ ਲੱਖਾਂ ਵਿਦਵਾਨਾਂ ਤੇ ਲੇਖਕਾਂ ਨੇ ਮਹਾਤਮਾ ਗਾਂਧੀ ਜਾਂ ਮਾਰਕਸ ਤੇ ਮਾਓ ਨੂੰ ਹਜ਼ਾਰਾਂ ਮੀਲਾਂ ਦੂਰ ਤੋਂ ਲਿਆ ਕੇ ਤਾਂ ਰੱਜ ਕੇ ਵਰਤਾ ਦਿੱਤਾ ਪ੍ਰੰਤੂ ਜੋਤੀ ਰਾਉ ਫੂਲੇ, ਜਿਸ ਨੇ ਸਮਾਨ ਵਿੱਦਿਆ ਦੀ ਨੀਂਹ ਰੱਖੀ ਤੇ ਵੱਡੀ ਕ੍ਰਾਂਤੀ ਨੂੰ ਜਨਮ ਦਿੱਤਾ ਨੂੰ ਸ਼ਾਇਦ ਇਸ ਕਰਕੇ ਪ੍ਰਵਾਨ ਨਹੀਂ ਕੀਤਾ, ਨਹੀਂ ਜਾਣਿਆ ਕਿ ਮਾਲੀ ਜਾਤ ਦਾ ਕੀ ਸੁਣਨਾ ਤੇ ਕੀ ਪੜ੍ਹਨਾ। ਸ਼ਾਇਦ ਇਸੇ ਕਰਕੇ ਦੁੱਕੀ ਤਿੱਕੀ ਚੱਕ ਦਿਆਂਗੇ ਦਾ ਨਾਅਰਾ ਅੱਜ ਵੀ ਪੂਰੇ ਜ਼ੋਰ ਨਾ਼ਲ ਲੱਗਦਾ ਸੁਣਾਈ ਦਿੰਦਾ ਹੈ। ਦੁੱਕੀਆਂ ਤਿੱਕੀਆਂ ਦਾ ਜ਼ੋਰ ਤਾਂ ਦੁੱਕੀਆਂ ਤਿੱਕੀਆਂ 'ਤੇ ਹੀ ਚੱਲ ਸਕਦਾ ਹੈ। ਇਹੀ ਕਾਰਨ ਹੈ ਕਿ 1827 ਵਿੱਚ ਜਨਮੇ ਤੇ 1848 ਵਿੱਚ ਕ੍ਰਿਸ਼ਮਾ ਕਰਨ ਵਾ਼ਲੇ ਸ਼ੂਦਰ ਮਾਲੀ ਸੈਣੀ ਜੋਤੀ ਰਾਉ ਫੂਲੇ ਨੂੰ ਵੀਹਵੀਂ ਸਦੀ ਦੇ ਅੰਤ ਤੱਕ ਭਾਰਤ ਦੇ ਮਹਾਨ ਵਿਦਵਾਨਾਂ ਨੇ ਨਹੀਂ ਛੂਹਿਆ। ਬ੍ਰਾਹਮਣਾਂ ਦਾ ਬਣਾਇਆ ਭਿੱਟ ਦਾ ਸਿਧਾਂਤ ਅੱਜ ਵੀ ਭਾਰੂ ਜਾਪਦਾ ਹੈ।

ਪਰ ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨਿ॥

ਅਸੀਂ ਅੱਜ ਆਪਣੇ ਪਿਆਰੇ ਬਾਬਾ ਦੀ ਕਹਾਣੀ ਕਹਿਣ ਲਈ ਰਾਹ 'ਤੇ ਆਏ ਹਾਂ। ਇਸ ਲਈ ਕਿ ਹਜ਼ਾਰਾਂ ਸਾਲਾਂ ਦੀ ਮਾਨਸਿਕ ਗੁਲਾਮੀ ਦੇ ਜੂ਼ਲੇ ਹੇਠੋਂ ਨਿੱਕ਼ਲ ਸਕੀਏ ਤੇ ਅਜ਼ਾਦੀ ਦਾ ਮੂੰਹ ਵੇਖ ਸਕੀਏ। ਜੋਤੀ ਰਾਉ ਫੂਲੇ ਦੀ ਬੇਡਰ ਬੇਖੌਫ ਬਹਾਦਰੀ ਦਾ ਪਹਿਲਾ ਪ੍ਰਮਾਣ ਪੇਸ਼ ਹੈ :-

ਪਹਿਲੀ ਅਗਸਤ 1872 ਨੂੰ ਜੋਤੀ ਰਾਉ ਫੂਲੇ ਨੂੰ ਕਿਸੇ ਨੇ ਪ੍ਰਸ਼ਨ ਕੀਤਾ ਕਿ ਹਿੰਦੂਆਂ ਦਾ ਪਰਸੂ ਰਾਮ, ਆਦਿ ਨਰਾਇਣ ਦਾ ਅਵਤਾਰ ਹੈ ਅਤੇ ਉਹ ਚਿਰੰਜੀਵੀ ਹੈ। ਇਹ ਗੱਲ ਬ੍ਰਾਹਮਣਾਂ ਨੇ ਆਪਣੇ ਗ੍ਰੰਥਾਂ 'ਚ ਲਿਖੀ ਅਤੇ ਲੋਕਾਂ ਨੂੰ ਰਟਾਈ ਹੈ। ਇਸ ਬਾਰੇ ਜੋਤੀ ਰਾਉ ਫੂਲੇ ਦਾ ਕੀ ਵਿਚਾਰ ਹੈ? ਤਾਂ ਜੋਤੀ ਰਾਉ ਫੂਲੇ ਨੇ ਚਿਰੰਜੀਵੀ ਅਵਤਾਰ ਪਰਸੂ ਰਾਮ ਦੇ ਨਾਂਅ ਹੇਠ ਲਿਖਿਆ ਪੱਤਰ ਜਾਰੀ ਕੀਤਾ :

ਚਿਰੰਜੀਵੀ ਪਰਸੂ ਰਾਮ ਭਾਵ ਆਦਿ ਨਰਾਇਣ ਦੇ ਅਵਤਾਰ, ਵੱਲ। ਠਿਕਾਣਾ! ਸਰਬੱਤ ਸਥਾਨ। "ਤਾਤ (ਪਿਆਰੇ) ਪਰਸੂ ਰਾਮ ਤੂੰ ਬ੍ਰਾਹਮਣਾਂ ਦੇ ਗ੍ਰੰਥਾਂ ਦੇ ਕਾਰਨ ਚਿਰੰਜੀਵ ਹੈਂ। ਕਰੇਲਾ ਕੌੜਾ ਕਿਉਂ ਨਾ ਹੋਵੇ ਪਰ ਤੂੰ ਵਿਧੀ ਪੂਰਵਕ ਕਰੇਲਾ ਖਾਣ ਦਾ ਵਿਰੋਧ ਨਹੀਂ ਕੀਤਾ। ਪਰਸੂ ਰਾਮ ਤੈਨੂੰ ਪਹਿਲਾਂ ਵਾਂਗ, ਮੱਛਾਂ ਦੀ ਲਾਸ਼ ਤੋਂ ਹੋਰ ਨਵੇਂ ਬ੍ਰਾਹਮਣ ਪੈਦਾ ਕਰਨ ਦੀ ਲੋੜ ਨਹੀਂ ਪਵੇਗੀ। ਕਿਉਂਕਿ ਅੱਜ ਤੇਰੇ ਰਾਹੀਂ ਲਾਸ਼ ਤੋਂ ਪੈਦਾ ਕੀਤੇ ਜੋ ਬ੍ਰਾਹਮਣ ਹਨ, ਉਹਨਾਂ ਵਿੱਚੋਂ ਕਈ ਬ੍ਰਾਹਮਣ ਵਿਵਧਗਿਆਨੀ (ਬ੍ਰਹਮ ਗਿਆਨੀ) ਹੋ ਗਏ ਹਨ। ਤੈਨੂੰ ਹੁਣ ਉਹਨਾਂ ਨੂੰ ਹੋਰ ਗਿਆਨ ਦੇਣ ਦੀ ਜ਼ਰੂਰਤ ਨਹੀਂ ਰਹੇਗੀ। ਇਸ ਲਈ ਹੇ ਪਰਸੂ ਰਾਮ! ਤੂੰ ਇੱਥੇ ਆ ਤੇ ਜਿੰਨ੍ਹਾਂ ਬ੍ਰਾਹਮਣਾਂ ਤੇ ਸ਼ੂਦਰ ਮਾਲੀਆਂ ਦੁਆਰਾ ਖੇਤਾਂ ਵਿੱਚ ਬੀਜੀਆਂ ਗਾਜਰਾਂ ਨੂੰ ਖੂਬ ਖਾਧਾ ਹੈ, ਉਹਨਾਂ ਸ ਮ ਤ ਬ੍ਰਾਹਮਣਾਂ ਨੂੰ ਚੰਦਰਾਇਣ ਵਰਤ ਕਰਵਾ ਕੇ, ਉਹਨਾਂ 'ਤੇ ਵੇਦ ਮੰਤਰਾਂ ਦੇ ਜਾਦੂ ਦੀ ਤਾਕਤ ਦਾ ਪਹਿਲਾਂ ਵਰਗਾ ਕੋਈ ਚਮਤਕਾਰ ਕਰਕੇ, ਅੰਗਰੇਜ਼ ਅਤੇ ਫਰਾਂਸੀਸੀ ਲੋਕਾਂ ਨੂੰ ਦਿਖਾ ਦੇ। ਉਹ ਵੱਸ ਵਿੱਚ ਆ ਜਾਣਗੇ। ਹੇ ਪਰਸੂ ਰਾਮ! ਤੂੰ ਇਸ ਤਰ੍ਹਾਂ ਮੂੰਹ ਛਿਪਾ ਕੇ ਭਗੌੜਾ ਬਣ ਕੇ ਨਾ ਘੁੰਮਿਆ ਕਰ। ਤੂੰ ਇਸ ਨੋਟਿਸ ਦੀ ਤਾਰੀਖ ਤੋਂ ਛੇ ਮਹੀਨਿਆਂ ਦੇ ਅੰਦਰ ਅੰਦਰ ਇੱਥੇ ਹਾਜ਼ਰ ਹੋ ਜਾਵੇਂ ਤਾਂ ਮੈਂ ਹੀ ਨਹੀਂ ਸਾਰੀ ਦੁਨੀਆਂ ਦੇ ਲੋਕ ਤੈਨੂੰ ਆਦਿ ਨਰਾਇਣ ਦਾ ਅਵਤਾਰ ਸਮਝਣਗੇ ਤੇ ਲੋਕ ਤੇਰਾ ਸਨਮਾਨ ਕਰਨਗੇ। ਲੇਕਿਨ ਜੇ ਤੂੰ ਅਜਿਹਾ ਨਾ ਕਰ ਸਕਿਆ ਤਾਂ ਇੱਥੋਂ ਦੇ ਮਹਾਰ, ਮਤੰਗ ਜੋ ਸਾਰੇ ਮਹਿਖਾਸੁਰ ਦੇ ਪਿੱਛੇ ਲੁਕੇ ਬੈਠੇ ਹਨ (ਮਹਾਰਾਂ ਤੇ ਮਤੰਗਾਂ 'ਤੇ ਪਰਸੂ ਰਾਮ ਨੇ ਇੱਕੀ ਵਾਰ ਹਮਲੇ ਕਰਕੇ ਉਹਨਾਂ ਦਾ ਬੀਜ ਨਾਸ਼ ਕੀਤਾ ਸੀ ਤੇ ਮਹਿਖਾਸੁਰ, ਜੋ ਮੈਸੂਰ ਦਾ ਰਾਜਾ ਸੀ, ਉਸਨੂੰ ਦੁਰਗਾ ਦੇਵੀ ਨੇ ਕਤਲ ਕੀਤਾ ਸੀ) ਇਸ ਲਈ ਉਹ ਡਰੇ ਬੈਠੇ ਹਨ, ਉਹ ਲੋਕ ਤੇਰੇ ਵਿਵਧ ਗਿਆਨੀ ਕਹਾਉਣ ਵਾ਼ਲੇ ਬ੍ਰਾਹਮਣ ਬੱਚਿਆਂ ਨੂੰ ਖਿੱਚ ਕੇ ਬਾਹਰ ਲੈ ਆਉਣਗੇ ਤੇ ਬੇਹਾਲ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਨਤੀਜਾ ਇਹ ਹੋਵੇਗਾ ਕਿ ਇਹਨਾਂ ਭੰਡਾਂ (ਝੂਠਿਆਂ ਪਾਜੀਆਂ) ਦੇ ਇਕਤਾਰੇ (ਤੂੰਬੇ) ਦੀ ਤਾਰ ਟੁੱਟ ਜਾਵੇਗੀ। ਜਿਸ 'ਤੇ ਉਹ ਤੇਰੇ ਭਜਨ ਗਾਉਂਦੇ ਹਨ। ਉਹਨਾਂ ਦੀ ਝੋ਼ਲੀ (ਦਾਨ ਨਾ਼ਲ ਨਹੀਂ) ਪੱਥਰਾਂ ਨਾ਼ਲ ਭਰ ਜਾਵੇਗੀ, ਫਿਰ ਉਹਨਾਂ ਨੂੰ ਦਸ਼ਰਥ ਦੇ ਗੁਰੂ ਵਿਸ਼ਵਾਮਿੱਤਰ (ਬ੍ਰਾਹਮਣ) ਵਾਂਗ ਭੁੱਖੇ ਤੇ ਕੰਗਾਲ ਰਹਿਣ ਦੀ ਇੰਨੀ ਮਜ਼ਬੂਰੀ ਦਾ ਸਾਹਮਣਾ ਕਰਨਾ ਪਵੇਗਾ ਕਿ ਉਹਨਾਂ ਨੂੰ ਕੁੱਤਿਆਂ ਦਾ ਮਾਸ ਖਾਣਾ ਪਵੇਗਾ। (ਕਿਉਂਕਿ ਵਿਸ਼ਵਾਮਿੱਤਰ ਨੂੰ ਵੀ ਇੱਕ ਵਾਰ ਭੁੱਖ ਕਾਰਨ, ਸ਼ੂਦਰ ਦੇ ਘਰੋਂ ਮਾਸ ਦੀ ਹੱਡੀ ਚੁਰਾ ਕੇ ਖਾਣੀ ਪਈ ਸੀ, ਕਥਾ ਰਮਾਇਣ ਵਾਲਮੀਕ) ਇਸ ਲਈ ਹੇ ਪਰਸੂ ਰਾਮ ਤੂੰ ਆਪਣੇ ਬ੍ਰਹਮ ਗਿਆਨੀ ਬ੍ਰਾਹਮਣਾਂ ਨੂੰ ਅਜਿਹੀ ਹਾਲਤ ਵਿੱਚ ਨਾ ਪਾ।

**ਤੇਰਾ ਸੱਤ ਰੂਪ ਦੇਖਣ ਵਾ਼ਲਾ,**
**ਤਾਰੀਖ 1, ਮਹੀਨਾ ਅਗਸਤ, ਸੰਨ 1872**
**ਜੋਤੀ ਰਾਵ ਗੋਬਿੰਦ ਰਾਵ ਫੂਲੇ,**
**(ਮਕਾਨ ਨੰ: 427, ਜੂਨਾ ਗੰਜ, ਪੂਨਾ**

*(ਲੜੀਵਾਰ ਚਲਦਾ)*












# ਮੂਲਵਾਸੀ ਪੰਜਾਬੀ ਕਾਵਿ ਚਿੰਤਨ-ਇੱਕ ਦ੍ਰਿਸ਼ਟੀਕੋਣ

## ਮੂਲ ਸਮੱਸਿਆ ਅਤੇ ਭਵਿੱਖ



ਫਤਿਹਜੰਗ ਸਿੰਘ
91-98726-70278

**(ਚੌਥੀ ਕਿਸਤ)**

ਸਾਡੇ ਉੱਪਰ ਹੁਣ ਕੋਈ
ਝੰਡਾ ਲਹਿਰਾਉਣ ਦੀ ਕੋਸ਼ਿਸ਼ ਨਾ ਕਰਿਓ।
(ਸੰਤੋਖ ਸਿੰਘ ਸੁੱਖੀ)

----------------

ਇੱਕ ਦੂਜੇ ਦੇ ਮੂੰਹ ਵੱਲ ਦੇਖਦੇ ਨੇ,
ਤਿੰਨ ਦਿਨ ਲਾ ਬੇੜਾਂ ਨੂੰ ਵੱਟਦੇ ਨੇ।
ਰੁੱਖੀ ਮਿੱਸੀ ਜੋ ਰੋਟੀ ਫ਼ਰੀਦ ਵਾਲੀ,
ਘਰੋਂ ਖਾ ਦਿਹਾੜੀਆਂ ਕੱਟਦੇ ਨੇ।
ਹੱਥ ਦਾਤੀਆਂ ਖੇਤ ਵਿੱਚ ਆ ਬੈਠੇ,
ਲਹਿੰਦੇ ਪਾਸੇ ਮੁਰੱਬੇ ਵੀ ਜੱਟ ਦੇ ਨੇ।
(ਸੋਹਣ ਸਹਿਜਲ)

------------

ਮਿਲ ਗਿਆ ਹੈ ਵੋਟ ਦਾ ਲੂੰਜਾ ਜਿਹਾ ਅਧਿਕਾਰ ਤਦ
ਪੁੱਛ ਰਿਹਾ ਹੈ ਪ੍ਰਸ਼ਨ ਨਿਰਬਲ ਇਨਕਲਾਬ
ਕੀ ਨਿਗੂਣਾ ਵੋਟ ਦਾ ਅਧਿਕਾਰ ਕਰ ਸਕਦੈ ਇਲਾਜ
ਹੀਣਤਾ ਦਾ, ਭੁੱਖਮਰੀ, ਬੀਮਾਰੀਆਂ ਦਾ।
ਸਾਧਨਾਂ ਤੋਂ ਹੀਣ, ਧਨ, ਧਰਤੀ, ਸਰੋਤਾਂ ਤੋਂ ਬਿਨਾਂ
ਕਿੰਝ ਹੋ ਸਕਦੇ ਨੇ ਧਨਵਾਨ ਬਰਾਬਰ, ਦੀਨ ਲੋਕ
ਜੂਝਦੇ ਹਨ ਜ਼ਿੰਦਗੀ ਤੇ ਮੌਤ ਵਿਚਕਾਰ ਜੋ
ਕੌਣ ਹਨ ਉਹ? (ਸ਼੍ਰੀ ਰਾਮ ਅਰਸ਼)

------------

ਅਸੀਂ ਮੁਨਕਰ ਹਾਂ, ਹੁਣ ਤੁਹਾਡੀਆਂ ਬਲਾਵਾਂ ਲੈਣ ਤੋਂ
ਇਹ ਕਿਹੜਾ ਸਮਾਜ, ਕਿਹੜਾ ਧਰਮ ਹੈ
ਜਿਸ 'ਚ ਆਪਣੇ ਦੁੱਖ
ਤੁਸੀਂ ਸਾਡੀ ਝੋਲੀ ਪਾਉਂਦੇ ਹੋ।
ਸਾਡੇ ਵਜੂਦ ਨੂੰ ਖੋਰਾ ਲਾਉਂਦੇ ਹੋ।
ਪੁਸ਼ਤਾਂ ਤੋਂ ਤੁਸੀਂ ਆਪਣੀ ਜੂਠ
ਸਾਡੀ ਝੋਲੀ ਪਾਉਂਦੇ ਰਹੇ ਹੋ
ਤੇ ਆਪਣੇ ਆਪ ਨੂੰ
ਵੱਡਾ ਅਖਵਾਉਂਦੇ ਰਹੇ ਹੋ। (ਜੈ ਪਾਲ)

---------------


ਪੜ੍ਹਨ ਜੁੜਨ ਤੇ ਗੱਲ ਜੋ ਕਰਨ ਸੰਘਰਸ਼ਾਂ ਦੀ
ਬਣ ਜਾਂਦੇ ਨੇ ਮਾਲਕ ਉਹ ਸਰਕਾਰਾਂ ਦੇ।
ਇੱਕ ਸੁਰ ਹੋ ਕੇ ਜਦ ਵੀ ਕਾਮਾ ਬੋਲ ਪਿਆ,
ਟੁੱਟੇ ਜਾਂਦੇ ਨੇ ਸਭੇ ਰੋਗ ਬੀਮਾਰਾਂ ਦੇ।
(ਹਰਬਿੰਦਰਪਾਲ ਸਿੰਘ ਲੈਕਚਰਾਰ)

ਇੰਜ ਕਿਹਾ ਜਾ ਸਕਦਾ ਹੈ ਕਿ ਦਲਿਤ ਕਾਵਿ ਦਾ ਆਪਣਾ ਬਾਕਾਇਦਾ ਤਿੰਨ ਪੜਾਵੀ ਇੱਕ ਇਤਿਹਾਸ ਹੈ ਜੋ ਹਾਲੇ ਲਿਖਣਾ ਬਾਕੀ ਹੈ। ਆਪਣਾ ਫਲਸਫ਼ਾ ਹੈ, ਉੱਚ ਪੱਧਰ ਦੀਆਂ ਵਿਦਵਤਾ ਭਰਪੂਰ ਕਥਾ ਕਹਾਣੀਆਂ ਕਹਿਣ ਵਾਲੀਆਂ ਕਲਮਾਂ ਹਨ, ਸੰਘਰਸ਼ਮਈ ਸਮਾਜਕ ਘਟਨਾਵਾਂ, ਵਿਤਕਿਰਿਆਂ ਦੀ ਇੰਨੀ ਬਹੁਲਤਾ ਹੈ ਕਿ ਦਰਦ ਉਲੀਕਣ ਲਈ ਹੋਰ ਵੀ ਕਲਮਾਂ ਦੀ ਉਡੀਕ ਬੇਸਬਰੀ ਨਾਲ ਹੋ ਰਹੀ ਹੈ। ਫਿਰ ਕਿਉਂ ਗਿਲਾ ਹੈ, ਕਿਉਂ ਸ਼ਿਕਾਇਤ ਹੈ, 'ਮੁੱਖ ਧਾਰਾ' ਵਿੱਚ ਸ਼ਾਮਲ ਨਾ ਹੋਣ ਦੀ? ਲੋੜ ਕੀ ਹੈ, ਮਜਬੂਰੀ ਕੀ ਹੈ ਇਸ ਵਿੱਚ ਸ਼ਾਮਲ ਹੋਣ ਦੀ? ਅਸਲ ਵਿੱਚ ਦਲਿਤ ਸਾਹਿਤ ਦੀ ਉਤਪਤੀ ਅਤੇ ਵਿਕਾਸ ਦਾ ਸਫ਼ਰ ਹੀ ਮੁੱਖ ਧਾਰਾ ਹੈ ਜੋ ਗੁਰੂਆਂ ਦੇ ਕਾਲ ਤੋਂ ਵਗਦੀ ਹੋਈ ਆਧੁਨਿਕ ਕਾਲ ਵਿੱਚੋਂ ਗੁਜ਼ਰਦੀ ਹੋਈ ਅੱਜ ਦੇ ਮੁਕਾਮ 'ਤੇ ਪੁੱਜੀ ਹੈ। ਅੱਜ ਲੋੜ ਹੈ ਇਸ ਨੂੰ ਲੜੀਬੱਧ ਕਰਨ ਦੀ, ਇਸਦਾ ਇਤਿਹਾਸਕ ਸਫ਼ਰ ਉਲੀਕਣ ਦੀ, ਅਣਗੌਲੇ ਕੀਤੇ ਸਾਹਿਤਕਾਰਾਂ ਦੀ ਖੋਜ ਕਰਕੇ ਪ੍ਰਗਟ ਕਰਨ ਦੀ ਤਾਂ ਜੋ ਇਹ ਧਾਰਾ ਨਾ ਟੁੱਟੇ, ਨਾ ਕਮਜ਼ੋਰ ਪਵੇ ਸਗੋਂ ਅੱਗੇ ਤੋਂ ਅੱਗੇ ਵਧਦੀ ਰਹੇ।

### ''ਮੂਲਵਾਸੀ ਪੰਜਾਬੀ ਕਾਵਿ ਚਿੰਤਨ''
### --ਪੁਸਤਕ ਬਾਰੇ

ਉਪਰੋਕਤ ਚਰਚਾ ਅਨੁਸਾਰ ਨਿਸ਼ਚਿਤ ਕੀਤੇ ਮਾਪਦੰਡ ਅਤੇ ਪੈਮਾਨੇ ਨਾਲ ਨਾਪਦਿਆਂ ਦਲਿਤ ਸਾਹਿਤ ਦੀ ਨਿਸ਼ਾਨ ਦੇਹੀ ਅਤੇ ਅਲੋਚਨਾ ਕੀਤੀ ਜਾ ਸਕਦੀ ਹੈ। ਸਾਗਰ ਸਿੰਘ ਸਾਗਰ ਨੇ ਜਿਨ੍ਹਾਂ ਛੇ ਕਵੀਆਂ ਨੂੰ ਪੁਸਤਕ 'ਮੂਲਵਾਸੀ ਪੰਜਾਬੀ ਕਾਵਿ ਚਿੰਤਨ' ਦਾ ਹਿੱਸਾ ਬਣਾਇਆ ਹੈ, ਉਹ ਵਧੀਆ ਕਵੀ ਹੋਣ ਦੇ ਬਾਵਜੂਦ ਵੀ ਕਥਿਤ ਮੁੱਖ ਧਾਰਾ ਵੱਲੋਂ ਅਣਗੌਲੇ ਕੀਤੇ ਗਏ ਹਨ। ਉਪਰੋਕਤ ਦ੍ਰਿਸ਼ਟੀ ਨਾਲ ਹੀ ਇਨ੍ਹਾਂ ਕਵੀਆਂ ਦੀਆਂ ਰਚਨਾਵਾਂ ਦੀ ਪਰਖ ਕਰਦੇ ਹਾਂ। ਸਾਗਰ ਸਿੰਘ ਸਾਗਰ ਨੇ ਭਾਵੇਂ ਕਈ ਵਿਦਵਾਨਾਂ ਦੇ ਵਿਚਾਰ ਨਾਲੋ ਨਾਲ ਦੇ ਕੇ ਇਹ ਕਮੀ ਰਹਿਣ ਨਹੀਂ ਦਿੱਤੀ ਪਰ ਫਿਰ ਵੀ ਉਪਰੋਕਤ ਰੌਸ਼ਨੀ ਵਿੱਚ ਨਵੇਂ ਸਿਰਿਉਂ ਪਰਖ ਦੀ ਕਸਵੱਟੀ 'ਤੇ ਲਾਉਂਦੇ ਹਾਂ। ਪੁਸਤਕ ਵਿੱਚ ਸ਼ਾਮਲ ਕਵੀਆਂ ਵਿੱਚੋਂ ਦੋ- ਗੁਰਦਾਸ ਰਾਮ ਆਲਮ ਅਤੇ ਸੰਤ ਰਾਮ ਉਦਾਸੀ ਆਧੁਨਿਕ ਯੁੱਗ ਦੇ ਹਨ ਅਤੇ ਬਾਕੀ ਚਾਰ ਕਵੀ ਪ੍ਰੋ. ਗੁਰਨਾਮ ਸਿੰਘ ਮੁਕਤਸਰ, ਸਾਗਰ ਸਿੰਘ ਸਾਗਰ, ਹਾਕਮ ਸਿੰਘ ਨੂਰ ਅਤੇ ਲਸ਼ਮੀਰ ਸਿੰਘ ਰਾਇ ਸਮਕਾਲੀ ਧਾਰਾ ਅਤੇ ਸਮਕਾਲੀ ਯੁਗ ਦੇ ਹਨ। ਇਹ ਕਵੀ ਆਪਣੇ ਆਪਣੇ ਸਮੇਂ ਦੇ ਪ੍ਰਤੀਨਿਧ ਕਵੀ ਹਨ। ਇਹਨਾਂ ਦੀ ਚੋਣ ਕਰਕੇ ਸਾਗਰ ਨੇ ਵਧੀਆ ਸੰਪਾਦਕ ਹੋਣ ਦਾ ਸਬੂਤ ਦਿੱਤਾ ਹੈ। ਹੋਰ ਵੀ ਵਧੀਆ ਕਵੀ ਨਿਸ਼ਚੇ ਹੀ ਮੈਦਾਨ ਵਿੱਚ ਹਨ ਪਰ ਇਹ ਪਹਿਲੀ ਕੜੀ ਦੇ ਤੌਰ 'ਤੇ ਅਧਿਐਨ ਕਰਨ ਲਈ ਠੀਕ ਹਨ। ਆਸ ਹੈ ਕਿ ਇਹ ਲੜੀ ਅੱਗੇ ਤੋਂ ਅੱਗੇ ਤੁਰਦੀ ਰਹੇਗੀ।


ਪੁਸਤਕ ਦੇ ਪਹਿਲੇ ਦਲਿਤ ਕਵੀ ਗੁਰਦਾਸ ਰਾਮ ਆਲਮ ਦਾ ਸਮਾਂ ਉਹ ਸੀ ਜਦੋਂ ਪੁਰਾਣੇ ਪੰਜਾਬ ਦੇ ਵੱਡੇ ਹਿੱਸੇ ਵਿੱਚ ਦਲਿਤ ਜਾਗ੍ਰਿਤੀ ਅੰਗੜਾਈਆਂ ਲੈ ਰਹੀ ਸੀ। ਸਿੱਖ ਚੇਤਨਾ ਲਹਿਰ ਨੇ ਚੌਧਵੀਂ ਸਦੀ ਤੋਂ ਲੈ ਕੇ ਅਠਾਰਵੀਂ ਸਦੀ ਦੇ ਅੱਧ ਤੱਕ ਬ੍ਰਾਹਮਣਵਾਦ ਦਾ ਜ਼ਹਿਰ ਘੱਟ ਤਾਂ ਕੀਤਾ ਸੀ ਪਰ ਫਿਰ ਜਦੋਂ ਜਾਤੀ ਪੱਧਰ 'ਤੇ ਮਿਸਲਾਂ ਕਾਇਮ ਹੋਈਆਂ ਮੁੜਕੇ ਇਹ ਬ੍ਰਾਹਮਣਵਾਦ ਦੀ ਜਕੜ ਵਿੱਚ ਆ ਚੁੱਕੀ ਸੀ। ਰਣਜੀਤ ਸਿੰਘ ਦੇ ਰਾਜ ਵੇਲੇ ਜਾਤਪਾਤ ਦੀਆਂ ਅੰਦਰੋਂ ਅੰਦਰੀ ਪੱਕੀਆਂ ਜੜ੍ਹਾਂ ਫੈਲ ਚੁੱਕੀਆਂ ਸਨ। ਹੁਣ ਫਿਰ ਜਾਤ ਪਾਤ ਦਾ ਬੋਲਬਾਲਾ ਸ਼ਿਖਰ 'ਤੇ ਸੀ। ਸਿੱਖ ਆਪਣੇ ਗੁਰਦੁਆਰਿਆਂ ਦੀ ਆਜ਼ਾਦੀ ਦੀ ਜੰਗ ਲੜ ਰਹੇ ਸਨ ਪਰ ਦਲਿਤ ਸਿੱਖ ਅਲੱਗ ਥਲੱਗ ਪੈਣ ਕਰਕੇ ਘੁਟਣ ਮਹਿਸੂਸ ਕਰ ਰਹੇ ਸਨ। ਪੰਜਾਬ ਅੰਗਰੇਜ਼ਾਂ ਦੇ ਕਬਜ਼ੇ ਹੇਠ ਆ ਚੁੱਕਾ ਸੀ ਤੇ ਦਲਿਤਾਂ ਨੂੰ ਇਸਾਈ ਮਿਸ਼ਨਰੀ ਈਸਾਈ ਬਣਾਉਣ ਵਿੱਚ, ਆਰੀਆ ਸਮਾਜੀ ਹਿੰਦੂ ਬਣਾਉਣ ਵਿੱਚ ਅਤੇ




ਮੁਸਲਿਮ ਲੀਗ ਮੁਸਲਮਾਨ ਬਣਾ ਕੇ ਆਪਣੀ ਆਪਣੀ ਗਿਣਤੀ ਵਧਾਉਣ ਵਿੱਚ ਲੱਗੇ ਹੋਏ ਸਨ। ਦਲਿਤ ਸਿੱਖ ਵਿਦਵਾਨ ਗਿਆਨੀ ਦਿੱਤ ਸਿੰਘ ਅਤੇ ਗਿਆਨੀ ਗੁਰਮੁਖ ਸਿੰਘ ਨੇ ਆਪਣੀਆਂ ਅਣਥੱਕ ਕੋਸ਼ਿਸ਼ਾਂ ਨਾਲ ਡੁੱਬਦੀ ਜਾਂਦੀ ਸਿੱਖੀ ਨੂੰ ਬਚਾਇਆ ਪਰ ਜਾਤਪਾਤੀਆਂ ਨੇ ਉਹਨਾਂ ਨੂੰ ਮੁਕੱਦਮਿਆਂ ਅਤੇ ਹੁਕਮਨਾਮਿਆਂ ਵਿੱਚ ਉਲਝਾ ਕੇ ਅਖ਼ੀਰ ਤੱਕ ਸੂਲੀ 'ਤੇ ਟੰਗੀ ਰੱਖਿਆ। ਇਹਨਾਂ ਹਾਲਤਾਂ ਵਿੱਚ ਆਦਿ ਧਰਮ ਮੰਡਲ ਰਾਹੀਂ ਬਾਬੂ ਮੰਗੂ ਰਾਮ ਮੁੱਗੋਵਾਲੀਆਂ ਦੀ ਰਹਿਨੁਮਾਈ ਵਿੱਚ ਦਲਿਤ ਜਾਗ੍ਰਿਤੀ ਦਾ ਆਗਾਜ਼ ਹੋਇਆ। ਦਲਿਤਾਂ ਨੇ ਆਪਣੀਆਂ ਜਾਤੀਆਂ ਭੁਲਾ ਕੇ ਇੱਕ ਝੰਡੇ ਹੇਠ ਇਕੱਠੇ ਹੋਣ ਦਾ ਪ੍ਰਣ ਲਿਆ। ਇਸ ਨਵੀਂ ਲਹਿਰ ਨੇ ਦਲਿਤਾਂ ਵਿੱਚ ਇੱਕ ਨਵੀਂ ਰੂਹ ਫੂਕ ਦਿੱਤੀ। ਇਸੇ ਲਹਿਰ ਦੀ ਦੇਣ ਸੀ ਗੁਰਦਾਸ ਰਾਮ ਆਲਮ, ਚਰਨ ਦਾਸ ਨਿਧੱੜਕ, ਪ੍ਰੀਤਮ ਰਾਮਦਾਸਪੁਰੀ, ਮੰਗੂ ਰਾਮ ਮੁੱਗੋਵਾਲੀਆ ਵਰਗੇ ਕਵੀ। ਇਸ ਸਮੇਂ ਅੰਬੇਡਕਰੀ ਲਹਿਰ ਵੀ ਪੰਜਾਬ ਵਿੱਚ ਪੂਰਾ ਜ਼ੋਰ ਪਕੜ ਰਹੀ ਸੀ। ਇਹਨਾਂ ਕਵੀਆਂ ਵਿੱਚੋਂ ਗੁਰਦਾਸ ਰਾਮ ਆਲਮ ਦਾ ਸਥਾਨ ਸਭ ਤੋਂ ਉੱਪਰ ਹੈ। ਉਹਨਾਂ ਨੇ ਬਹੁਤ ਉੱਚ ਦਰਜੇ ਦੀ ਕਾਵਿ ਸਿਰਜਣਾ ਕੀਤੀ। ਜਾਤਪਾਤੀ ਸਮਾਜ ਵਿੱਚ ਮੂਲਵਾਸੀ ਦੀ ਤਰਸਯੋਗ ਹਾਲਤ ਨੂੰ ਆਲਮ ਨੇ ਹੂਬਹੂ ਚਿਤਰਿਆ, ਉਸਦਾ ਦਰਦ ਆਪਣੇ ਸੀਨੇ ਵਿੱਚ ਮਹਿਸੂਸ ਕੀਤਾ ਤੇ ਫਿਰ ਦਲਿਤ ਨੂੰ ਹੱਲਾਸ਼ੇਰੀ ਦੇ ਕੇ ਉਠਾਉਣ ਦੇ ਭਰਪੂਰ ਜਤਨ ਕੀਤੇ। ਇਹ ਸੱਚ ਦਾ ਰਾਹ ਸੀ, ਕਲਮ ਦਾ ਧਰਮ ਸੀ ਮਨੁੱਖਤਾ ਦਾ ਤਕਾਜ਼ਾ ਸੀ, ਜਿਸ 'ਤੇ ਆਲਮ ਪੂਰਾ ਉੱਤਰਿਆ। ਇਸੇ ਲਈ ਉਸਦਾ ਕਾਵਿ ਸਮਾਜ ਦਾ ਦਰਪਣ ਬਣਿਆ ਅਤੇ ਉਸ ਵੇਲੇ ਦੇ ਸਮੁੱਚੇ ਕਵੀਆਂ ਵਿੱਚੋਂ ਮੀਰੀ ਸਥਾਨ ਪ੍ਰਾਪਤ ਕੀਤਾ।

(ਬਹੁਤ ਦੇਰ ਕਰ ਦੇਣ ਤੋਂ ਬਾਅਦ) ਕਮਿਊਨਿਸਟਾਂ ਨੇ ਇੱਕੀਵੀਂ ਸਦੀ (ਮਾਰਚ 2002-ਕੇਰਲਾ ਕਾਨਫਰੰਸ) ਵਿੱਚ ਆ ਕੇ ਮੰਨਿਆ ਕਿ ਵਾਕਈ ਜਾਤ ਦਾ ਮੁੱਦਾ ਬਹੁਤ ਗੁੰਝਲਦਾਰ ਅਤੇ ਗੰਭੀਰ ਹੈ। ਉਹਨਾਂ ਮੰਨਿਆ ਕਿ "ਦਲਿਤ ਆਪਣੇ ਆਪ ਨੂੰ ਸਮਾਜਿਕ ਅਤੇ ਰਾਜਨੀਤਕ ਸ਼ਕਤੀ ਦੇ ਤੌਰ 'ਤੇ ਜਥੇਬੰਦ ਕਰ ਰਹੇ ਹਨ। ਇਹ ਜਾਗ੍ਰਿਤੀ ਦੀ ਨਿਸ਼ਾਨੀ ਹੈ। ਕਮਿਊਨਿਸਟਾਂ ਨੂੰ ਉਹਨਾਂ ਦੀਆਂ ਮੰਗਾਂ ਅਤੇ ਕਾਜ਼ ਲਈ ਲੜਨਾ ਪਵੇਗਾ। ਇਹ ਜਰੂਰੀ ਹੈ ਕਿ ਹਰ ਕਿਸਮ ਦੇ ਸਮਾਜੀ ਦਮਨ ਵਿਰੁੱਧ ਲੜਿਆ ਜਾਵੇ ਜਿਸ ਨੂੰ ਸਦੀਆਂ ਦੇ ਜਾਤੀ ਵਿਤਕਰੇ ਨੇ ਪੱਕਿਆਂ ਕੀਤਾ ਹੈ। ਜੇ ਇਹ ਕੰਮ ਨਾ ਕੀਤਾ ਗਿਆ ਤਾਂ ਜਾਤੀ ਵੰਡ ਨੇ ਜਮਾਤੀ ਏਕੇ ਨੂੰ ਵੀ ਤੋੜ ਦੇਣਾ ਹੈ। ਇਹ ਮਾਮਲਾ ਵਿੱਦਿਆ ਜਾਂ ਨੌਕਰੀਆਂ ਵਿੱਚ ਰਾਖਵੇਂਕਰਣ ਦਾ ਹੀ ਨਹੀਂ ਸਗੋਂ ਉਹਨਾਂ ਮਨੁੱਖੀ ਅਧਿਕਾਰਾਂ ਦਾ ਵੀ ਹੈ ਜਿਨ੍ਹਾਂ ਤੋਂ ਇਹਨਾਂ ਨੂੰ ਵਾਂਝਿਆਂ ਰੱਖਿਆ ਗਿਆ, ਸੱਤਾ ਵਿੱਚ ਬਣਦਾ ਹਿੱਸਾ ਦੇਣ ਦਾ ਵੀ ਹੈ ਅਤੇ ਆਤਮ ਸਨਮਾਨ ਦਾ ਵੀ ਹੈ। ਜਾਤ, ਧਰਮ, ਲਿੰਗ ਜਾਂ ਨਸਲੀ ਵਿਤਕਰੇ ਦੇ ਪ੍ਰਗਟਾਵੇ ਅਤੇ ਸਮਾਜਕ ਦਮਨ ਵਿਰੁੱਧ ਸੰਘਰਸ਼ ਦੇ ਪੱਖ ਵੱਲ ਉਨ੍ਹਾਂ ਧਿਆਨ ਨਹੀਂ ਦਿੱਤਾ ਗਿਆ ਜਿੰਨਾਂ ਇਸ ਨੂੰ ਮਿਲਣਾ ਚਾਹੀਦਾ ਸੀ।"

ਮਾਰਕਸੀਆਂ ਦਾ ਕਾਫ਼ੀ ਵੱਡਾ ਧੜਾ ਇਸ ਹੱਕ ਵਿੱਚ ਵੀ ਹੋ ਗਿਆ ਕਿ ਅੰਬੇਡਕਰਵਾਦ ਨਾਲ ਮਾਰਕਸਵਾਦ ਰਲਾ ਕੇ ਸਾਂਝਾ ਫਰੰਟ ਕਾਇਮ ਕੀਤਾ ਜਾਵੇ। ਮਤਲਬ ਕਿ ਡਾ. ਅੰਬੇਡਕਰ ਜਾਂ ਉਸਦੀ ਸੋਚ ਹੁਣ ਕਮਿਊਨਿਸਟਾਂ ਲਈ ਅਛੂਤ ਨਹੀਂ ਰਹੀ। ਜਿਵੇਂ ਕਿ ਪਹਿਲਾਂ ਉਹਨਾਂ ਵੱਲੋਂ ਡਾ. ਅੰਬੇਡਕਰ ਨੂੰ ਪੜ੍ਹਨਾ ਤਾਂ ਦੂਰ ਉਸਦੀ ਗੱਲ ਵੀ ਨਹੀਂ ਸੀ ਕੀਤੀ ਜਾਂਦੀ। ਇਹ ਸਾਂਝਾ ਫਰੰਟ ਬਣ ਸਕਦਾ ਹੈ ਜਾਂ ਨਹੀਂ, ਬਣਨਾ ਚਾਹੀਦਾ ਹੈ ਜਾਂ ਨਹੀਂ ਇਹ ਅਲੱਗ ਸਵਾਲ ਹਨ ਪਰ ਮਾਰਕਸਵਾਦੀਆਂ ਦੀ ਸੋਚ ਵਿੱਚ ਇਸ ਤਬਦੀਲੀ ਤੋਂ ਇਹ ਤਾਂ ਸਾਬਤ ਹੋ ਗਿਆ ਨਤੀਜਾ ਕੱਢਿਆ ਹੀ ਜਾ ਸਕਦਾ ਹੈ ਕਿ ਮਾਰਕਸੀ ਵਿਦਵਾਨ, ਚਿੰਤਕ, ਸਾਹਿਤਕਾਰ, ਲੰਬਾ ਸਮਾਂ ਇਹ ਸੱਚ ਨੂੰ ਜਾਣ ਬੁੱਝ ਕੇ ਅੱਖੋਂ ਪਰੋਖੇ ਕਰਦੇ ਰਹੇ। ਉਹਨਾਂ ਦੀ ਸਮਾਜ ਪ੍ਰਤੀ ਇਹ ਬੇਈਮਾਨੀ ਹੀ ਆਖੀ ਜਾ ਸਕਦੀ ਹੈ ਜੋ ਅਨਜਾਣਪੁਣੇ ਵਿੱਚ ਨਹੀਂ ਸੋਚ ਸਮਝ ਕੇ ਕੀਤੀ




ਗਈ ਸੀ। ਜੇ ਕੋਈ ਸਾਹਿਤਕਾਰ ਸਮਾਜ ਵਿੱਚ ਵਾਪਰ ਰਹੇ ਭਿਆਨਕ ਦੁਖਾਂਤ ਨੂੰ ਨਹੀਂ ਚਿਤਰਦਾ, ਡਾਢਿਆਂ ਦਾ ਸਾਥ ਛੱਡ ਮਜ਼ਲੂਮਾਂ ਨਾਲ ਨਹੀਂ ਖਲੋਂਦਾ ਤਾਂ ਉਹ ਧੋਖੇਬਾਜ਼ ਤਾਂ ਹੋ ਸਕਦਾ ਹੈ ਸਾਹਿਤਕਾਰ ਨਹੀਂ। ਸਗੋਂ ਉਹ ਅਜਿਹਾ ਕਰਕੇ ਮਜ਼ਲੂਮਾਂ ਦੀਆਂ ਦੁਸ਼ਵਾਰੀਆਂ ਵਿੱਚ ਵਾਧਾ ਕਰਨ ਦੇ ਇਲਜ਼ਾਮ ਤੋਂ ਵੀ ਬਰੀ ਨਹੀਂ ਹੋ ਸਕਦਾ। ਆਧੁਨਿਕ ਕਾਲ ਦੇ 'ਮੁੱਖ ਧਾਰਾ' ਦੇ ਕਵੀਆਂ ਦਾ ਮਾਰਕਸ ਨੂੰ ਅੰਗੀਕਾਰ ਕਰਨ ਤੋਂ ਪਹਿਲਾਂ ਕਵਿਤਾ ਦਾ ਦਾਇਰਾ ਧਰਮ, ਕੁਦਰਤ, ਪਿਆਰ ਹੀ ਨਹੀਂ ਸੀ ਸਗੋਂ ਉਹ ਕਵਿਤਾ ਨੂੰ ਹੁਸਨ, ਇਸ਼ਕ ਦੀ ਉਪਜ ਮੰਨਦੇ ਰਹੇ। ਜਦੋਂ ਕਿ ਭਾਰਤ ਦੀ ਆਮ ਜਨਤਾ ਵਰਨ ਜਾਤੀ ਉਚ ਨੀਚ ਦੀ ਭਿਆਨਕ ਵਿਵਸਥਾ ਦੇ ਪੁੜਾਂ ਹੇਠ ਹਜ਼ਾਰਾਂ ਸਾਲ ਤੋਂ ਕਰਾਹੁੰਦੀ ਰਹੀ। ਜਿਸਦਾ ਚੇਤਾ ਆਉਣਾ ਤੇ ਰਹਿਣਾ ਕਿਤੇ ਵੱਡੇ ਇਸ਼ਕ ਦੀ ਗੱਲ ਸੀ। ਮਨੁੱਖਾਂ ਦੀ ਬਰਾਬਰੀ ਅਤੇ ਅਜ਼ਾਦੀ ਲਈ ਇਸ਼ਕ। ਮਰ ਮਿਟਣ ਦਾ ਚਾਅ। ਜੋ ਨਹੀਂ ਜਾਗਿਆ।

ਪਰ ਇਸ ਕਾਲ (ਆਧੁਨਿਕ) ਦੇ ਦਲਿਤ ਕਵੀ ਸਮਾਜ ਦੇ ਜਾਤਪਾਤੀ ਕੋਹੜ ਨੂੰ ਪਛਾਣ ਗਏ ਸਨ ਤੇ ਇਸ ਦੇ ਹਰ ਪਹਿਲੂ 'ਤੇ ਫਰੰਟ ਖੋਲ੍ਹੀ ਬੈਠੇ ਸਨ। ਗੁਰਦਾਸ ਰਾਮ ਆਲਮ ਸਮੇਤ ਸਾਰੇ ਦਲਿਤ ਕਵੀ ਇਸ ਪਰਪਾਟੀ ਨੂੰ ਨਿਭਾਉਂਦੇ ਰਹੇ। ਜਾਤਪਾਤ ਦੇ ਲੁੱਟੇ ਪੁੱਟੇ ਅਛੂਤ ਨੂੰ ਆਲਮ ਇੰਜ ਜਗਾਉਂਦਾ ਹੈ ਤੇ ਅੱਗੇ ਵੱਧਣ ਲਈ ਨਸੀਹਤ ਕਰਦਾ ਹੈ-

ਅੱਖਾਂ ਖੋਲ੍ਹ ਅਛੂਤ ਤੇ ਵੇਖ ਏਧਰ,
ਲਿਖ ਦੇਨੇ ਆਂ ਗੱਲ ਤੇ ਚੋਰੀ ਦੀ ਏ।
ਤਿੰਨੇ ਕੋਲ ਰੱਖਣੇ ਬਲ, ਇਤਫ਼ਾਕ, ਵਿੱਦਿਆ,
ਨਾ ਪਰਵਾਹ ਕਰਨੀ ਕਿਸੇ ਹੋਰ ਦੀ ਏ।
ਸ਼ਰ੍ਹਾ ਛਿੱਤਰਾਂ ਦੀ, ਮਜ਼ੂਬ ਡੰਡਿਆਂ ਦੇ,
ਜਾਤ ਜੁੱਤੀਆਂ ਦੀ ਜ਼ੋਰਾ ਜੋਰੀ ਦੀ ਏ।
ਨਾ ਕੋਈ ਉਚ ਏ ਤੇ ਨਾ ਕੋਈ ਨੀਚ ਏਥੇ,
ਛੂਤਛਾਤ ਤੇਰੀ ਕਮਜ਼ੋਰੀ ਦੀ ਏ।
ਤੂੰ ਵੀ ਹੋਰਨਾਂ ਜਿਹਾ ਇਨਸਾਨ ਹੀ ਹੈਂ,
ਮਤਲਬ ਪ੍ਰਸਤੀਆਂ ਵਿਤਕਰੇ ਪਾਏ ਹੋਏ ਨੇ।
ਆਲਮ ਮੰਦਰਾਂ ਮਸੀਤਾਂ ਦੀ ਥੌਰ ਲਾ ਕੇ,
ਤੇਰੇ ਜਿਹੇ ਵਿੱਚ ਬੁੱਧੂ ਫਸਾਏ ਹੋਏ ਨੇ।

ਆਲਮ ਦੀ ਤਿੱਖੀ ਨਜ਼ਰ ਨੇ ਕਮਿਊਨਿਸਟਾਂ ਦੀਆਂ ਚਾਲਾਂ ਨੂੰ ਵੀ ਐਕਸਰੇ ਰਾਹੀਂ ਪਛਾਣ ਲਿਆ ਸੀ। ਉਹਨਾਂ ਦੇ ਲੋਕਾਂ ਨਾਲ ਕੀਤੇ ਧੋਖੇ ਨੂੰ ਮੁਖ ਰੱਖ ਕੇ ਉਹ ਇੰਜ ਖਰੀਆਂ ਖਰੀਆਂ ਸੁਣਾਉਂਦਾ ਹੈ :-

ਨਾਲੇ ਜੇਹਲ ਜੁਰਮਾਨੇ ਤੋਂ ਬਚੇ ਰਹਿਣਾ,
ਕਮਿਊਨਿਸਟ ਵੀ ਨਾਲੇ ਕਹਾਈ ਜਾਣਾ।
ਤੂੰ ਨਹੀਂ ਜਾਣਦਾ ਥੋਹੜਿਆਂ ਦਿਨਾਂ ਤੀਕਰ,
ਆਲਮ ਤੈਥੋਂ ਹਿਸਾਬ ਵੀ ਮੰਗਣਾ ਏ।

ਉਹ ਲੇਖਕਾਂ/ਕਵੀਆਂ ਨੂੰ ਵੀ ਸਾਵਧਾਨ ਕਰਦਾ ਹੈ ਕਿ ਸੋਚੋ ਕਿ ਤੁਸੀਂ ਕਿਸਦੇ ਹੱਕ ਵਿਚ ਭੁਗਤ ਰਹੇ ਹੋ :-

ਕੀ ਲਿਖਦੇ, ਕਿਸ ਲਈ ਲਿਖਦੇ, ਇਸ ਗੱਲ ਨੂੰ ਗਹੁ ਨਾਲ ਸੋਚ ਜ਼ਰਾ,
ਤੇਰੀ ਲਿਖਤ ਸਹਾਇਤਾ ਕਰਦੀ ਏ, ਲਿੱਸੇ ਦੀ ਜਾਂ ਜਰਵਾਣੇ ਦੀ।

ਅਤੇ ਉਸ ਨੇ ਉਸੇ ਨੂੰ ਲੇਖਕ ਮੰਨਿਆ ਹੈ ਜੋ ਸੱਚ ਨੂੰ ਸੱਚ ਤੇ ਝੂਠ ਨੂੰ ਝੂਠ ਆਖਣ ਦੀ ਦਲੇਰੀ ਕਰ ਸਕਦਾ ਹੋਵੇ-

ਸ਼ਾਇਰ ਉਹ ਜਹਾਨ ਤੇ ਹੋ ਸਕਦਾ,
ਜੋ ਸੋਨੇ ਨੂੰ ਸੋਨਾ, ਕੱਚ ਨੂੰ ਕੱਚ ਆਖੇ।
ਕਰੇ ਲੋਕਾਂ ਦੇ ਦਿਲਾਂ ਦੀ ਤਰਜ਼ਮਾਨੀ,
ਠੀਕ ਠੀਕ ਤੇ ਖੱਚ ਨੂੰ ਖੱਚ ਆਖੇ।
ਕੁੱਝ ਕੁੱਝ ਕਹਿਣਾ, ਉਹ ਕਦੇ ਨਿਧੱੜਕ ਹੋ ਕੇ
ਟੱਪ ਟੱਪ ਆਖੇ, ਨੱਚ ਨੱਚ ਆਖੇ।
ਆਲਮ ਉਸ ਦੀ ਰਹੇਗੀ ਅਮਰ ਕਵਿਤਾ,
ਜੋ ਝੂਠ ਨੂੰ ਝੂਠ ਤੇ ਸੱਚ ਨੂੰ ਸੱਚ ਆਖੇ।

ਆਲਮ ਨੇ ਬਾਬਾ ਸਾਹਬ ਅੰਬੇਡਕਰ ਦੇ ਦਲਿਤਾਂ/ਅਛੂਤਾਂ ਦੇ ਉਥਾਨ ਲਈ ਕੀਤੇ ਸੰਘਰਸ਼ ਅਤੇ ਪ੍ਰਾਪਤੀਆਂ ਨੂੰ ਵੀ ਦਿਲੋਂ ਸਲਾਹਿਆ ਅਤੇ ਸਵੀਕਾਰ ਕੀਤਾ-:

ਲੂਹ ਕੇ ਸਿਮ੍ਰਿਤੀ ਨਵਾਂ ਵਿਧਾਨ ਲਿਖਿਆ,
ਅੱਗ ਬਾਲਕੇ ਸਾਗਰਾਂ ਦੇ ਪਾਣੀਆਂ 'ਤੇ।
ਰਸਤੇ ਹਿੰਦ ਦੇ ਨਵੇਂ ਉਲੀਕ ਦਿੱਤੇ,
ਪੈਰ ਫੇਰ ਕੇ ਨੀਂਹਾਂ ਪੁਰਾਣੀਆਂ 'ਤੇ।
ਰੁਲਦੇ ਖੁਲਦੇ ਬੇਘਰੇ ਲਵਾਰਸਾਂ ਨੂੰ,
ਫੜਕੇ ਬੰਦਿਆਂ ਵਿੱਚ ਬਿਠਾ ਗਿਆ ਉਹ।
ਬੁਝੇ ਹੋਏ ਅਛੂਤਾਂ ਦੇ ਦਿਲਾਂ ਅੰਦਰ,
'ਆਲਮ' ਜੋਤ ਅਹਿਸਾਸ ਜਗਾ ਗਿਆ ਉਹ।

ਗੁਰਦਾਸ ਰਾਮ ਆਲਮ ਨੇ ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇ ਵਿਚਾਰਾਂ ਦੀ ਹਾਮੀ ਭਰਕੇ ਜਿੱਥੇ ਉਹਨਾਂ ਦੀ ਵਿਚਾਰਧਾਰਾ ਨੂੰ ਮੰਨਿਆ ਵੀ ਹੈ ਉੱਥੇ ਉਸ ਨੇ ਆਪਣੇ ਆਪ ਨੂੰ ਉਸ ਵਿਚਾਰਧਾਰਾ ਦਾ ਵਾਰਸ ਵੀ ਸਾਬਤ ਕਰ ਲਿਆ ਹੈ। ਇਹ ਵਿਚਾਰਧਾਰਾ ਦੱਬਿਆਂ ਕੁਚਲਿਆਂ ਅਤੇ ਨਪੀੜਿਆਂ ਦੀ ਦਾਸਤਾਨ ਹੈ-:

ਹੇਠਾਂ ਲਾਹੁਣ ਲਈ ਵੱਡੇ ਹੰਕਾਰੀਆਂ ਨੂੰ,
ਚੁੱਕਣ ਵਾਸਤੇ ਦਬਿਆਂ ਪਿਸਿਆਂ ਨੂੰ।
ਉੱਚੀ ਨੀਵੀਂ ਜਮਾਤ ਦੀ ਵੰਡ ਕਰਕੇ,
ਜਥੇਬੰਦ ਕੀਤੈ ਲੋਕਾਂ ਲਿਸਿਆਂ ਨੂੰ।
ਗੱਲ ਕੀ ਰਵਿਦਾਸ ਨੇ ਇਸ ਦੁਨੀਆਂ,
ਰਚਨਾ ਜਿੱਥੇ ਵੀ ਪਲ ਪਲ ਕੀਤਾ।
ਅਵਲੋ ਆਖ਼ਰੀ, ਅਲਫ਼ ਤੋਂ ਬੇ ਤੀਕਰ,
ਪੱਖ ਕੰਮੀ ਸ਼ਰੇਣੀ ਦੇ ਵੱਲ ਕੀਤਾ।

ਅਤੇ ਗੁਰੂ ਨਾਨਕ ਦੇ ਮਲਕ ਭਾਗੋ ਵਾਲੇ ਪ੍ਰਸੰਗ ਨੂੰ ਇੰਜ ਦੁਹਰਾਇਆ ਹੈ-

ਭੈੜੇ ਦਿਸਣ ਧਨਾਡ ਦੇ ਮਾਹਲ ਪੂੜੇ,
ਮੇਹਨਤਕਸ਼ ਦੇ ਟੁਕੜਿਆਂ ਬਾਸਿਆਂ ਤੋਂ।
ਚਾਂਦੀ, ਸੋਨੇ ਦੇ ਥਾਲ ਗਲਾਸ ਮੈਨੂੰ,
ਲਗਦੇ ਬੁਰੇ ਮਜ਼ਦੂਰ ਦੇ ਕਾਸਿਆਂ ਤੋਂ।

ਇੰਜ ਕਰਕੇ ਗੁਰਦਾਸ ਰਾਮ ਆਲਮ ਨੇ ਪ੍ਰਚੱਲਤ ਸਮਾਜਕ ਕੁਰੀਤੀਆਂ, ਇਤਿਹਾਸ-ਮਿਥਿਹਾਸ, ਦਲਿਤਾਂ ਦੀਆਂ ਦੁਸ਼ਵਾਰੀਆਂ, ਅਨਿਆਂ, ਭੁੱਖ-ਨੰਗ, ਗ਼ਰੀਬੀ, ਇਹਨਾਂ ਲਈ ਕੰਮ ਕਰ ਰਹੀਆਂ ਲਹਿਰਾਂ, ਉਨ੍ਹਾਂ ਦੇ ਆਗੂ, ਸਾਹਿਤਕਾਰ, ਕੁੱਝ ਵੀ ਅਜਿਹਾ ਨਹੀਂ ਛੱਡਿਆ ਜਿਸ ਨੂੰ ਛੂਹਿਆ ਨਾ ਹੋਵੇ। ਉਨ੍ਹਾਂ ਨੂੰ ਵਿਗਿਆਨਕ ਦ੍ਰਿਸ਼ਟੀਕੋਣ, ਸਚਾਈ ਅਤੇ ਤਰਕ ਦੀ ਕਸਵੱਟੀ 'ਤੇ ਰੱਖ ਕੇ ਬੜੇ ਉੱਚ ਦਰਜੇ ਦੀ ਕਵਿਤਾ ਰਾਹੀਂ ਨਿਭਾਇਆ ਗਿਆ ਹੈ। ਉਸ ਦੇ ਕਹਿਣ ਦਾ ਢੰਗ, ਉਸਦੀ ਬੇਬਾਕੀ, ਦਲੇਰੀ, ਸਚਾਈ ਉਸ ਨੂੰ ਨਿਸ਼ਚੇ ਹੀ ਸਿਰਮੌਰ ਕਵੀਆਂ ਵਿੱਚ ਖਿਲਾਰਦੀ ਹੈ। ਸਾਗਰ ਸਿੰਘ ਸਾਗਰ ਨੇ ਆਧੁਨਿਕ ਕਾਲ ਦੇ ਮੋਢੀ ਮੂਲਵਾਸੀ ਕਵੀ ਦੀ ਚੋਣ ਕਰਕੇ ਇਹ ਬੜੀ ਸਿਆਣਪ ਤੋਂ ਕੰਮ ਲਿਆ ਹੈ।

ਸਾਗਰ ਸਿੰਘ ਸਾਗਰ ਨੇ ਅਗਲਾ ਕਵੀ ਸੰਤ ਰਾਮ ਉਦਾਸੀ ਲਿਆ ਹੈ। ਸੰਤ ਰਾਮ ਉਦਾਸੀ ਆਪਣੇ ਸਮੇਂ ਦਾ ਉੱਚ ਕੋਟੀ ਦਾ ਸ਼ਾਇਰ ਅਤੇ ਗਾਇਕ ਰਿਹਾ ਹੈ। ਉਸ ਨੇ ਆਪ ਹੀ ਲਿਖਿਆ ਅਤੇ ਉਸ ਨੂੰ ਆਪ ਹੀ ਗਾਇਆ ਅਤੇ ਉਸ ਦੇ ਵਿਚਲੀ ਸਚਾਈ ਨੂੰ ਦੂਜਿਆਂ ਤੱਕ ਪਹੁੰਚਾਣ ਤੋਂ ਪਹਿਲਾਂ ਆਪਣੇ ਆਪ 'ਤੇ ਹੰਢਾਇਆ ਵੀ। ਇਸੇ ਲਈ ਉਹ ਜੋ ਵੀ ਸੀ ਪ੍ਰੈਕਟਿਕਲ ਮਨੁੱਖ ਸੀ। ਉਸਦੇ ਸ਼ਬਦਾਂ ਵਿੱਚ ਸ਼ਿੱਦਤ ਸੀ, ਡੂੰਘਾਈ ਸੀ, ਲਲਕਾਰ ਸੀ, ਦਹਾੜ ਸੀ, ਦਲਿਤਾਂ ਦੀ ਬੇਬਸੀ ਸੀ, ਗ਼ਰੀਬ ਦੀ ਲਾਚਾਰੀ ਸੀ, ਸਿਆਣਪ ਸੀ, ਵਿਗਿਆਨ ਸੀ, ਤਰਕ ਸੀ, ਕੀ ਕੁੱਝ ਨਹੀਂ ਸੀ? ਇਸੇ ਲਈ ਉਸ ਤੋਂ ਸਮੇਂ ਦੀਆਂ ਸਰਕਾਰਾਂ ਡਰਦੀਆਂ ਸਨ, ਉਸ ਦੇ ਬੋਲਾਂ ਤੋਂ ਤਰਾਹੁੰਦੀਆਂ ਸਨ, ਉਸਦੀ ਲਲਕਾਰ ਤੋਂ ਕੰਬਦੀਆਂ ਸਨ ਪਰ ਲੋਕੀਂ ਉਸ ਨੂੰ ਅਥਾਹ ਪਿਆਰ ਕਰਦੇ ਸਨ, ਉਸ ਤੋਂ ਵਾਰੇ ਵਾਰੇ ਜਾਂਦੇ ਸਨ। ਉਸ ਦੇ ਸਟੇਜ 'ਤੇ ਗਾਏ ਇੱਕ ਇੱਕ ਸ਼ਬਦ ਧੁਰ ਅੰਦਰੋਂ ਹੂਕ ਬਣ ਬਣ ਨਿੱਕਲਦੇ ਤੇ ਸਾਹਮਣੇ ਬੈਠੇ ਹਜ਼ਾਰਾਂ ਸਰੋਤਿਆਂ ਨੂੰ ਕੀਲ ਲੈਂਦੇ, ਮੰਤਰ ਮੁਗਧ ਕਰ ਦਿੰਦੇ, ਸਨਾਟਾ ਛਾ ਜਾਂਦਾ, ਅਸ਼ ਅਸ਼ ਕਰ ਉਠਦੇ। ਉਸ ਨੂੰ ਸੁਣਨ ਲੋਕੀਂ ਵਹੀਰਾਂ ਘੱਤ ਆਉਂਦੇ। ਕਿਸੇ ਕਵੀ, ਗਾਇਕ, ਲਈ ਇਸ ਤੋਂ ਵੱਡੀ ਹੋਰ ਕੀ ਮਾਨਤਾ ਹੋਵੇਗੀ? ਅਸਲੀ ਮਾਅਨਿਆਂ ਵਿੱਚ ਲੋਕ ਕਵੀ ਸੀ ਉਹ।

**(ਚਲਦਾ)**

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ

**ਰਿਓਲਿੰਡਾ (ਸੈਂਕਰਾਮੈਂਟੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋਂ) ਵਿਖੇ ਬੀਤੀ 3 ਜਨਵਰੀ ਦਿਨ ਐਤਵਾਰ ਨੂੰ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਦਿਨ ਸਨਿ-ਚਰਵਾਰ ਰਾਤ ਨੂੰ ਨਵੇਂ ਸਾਲ ਨੂੰ ਜੀ ਆਇਆਂ ਕਹਿਣ ਲਈ ਕੀਰਤਨ ਦਰਬਾਰ ਸਜਾਏ ਗਏ।

ਇਸ ਮੌਕੇ ਮਾਰਚ ਵਿਚ ਕੱਢੇ ਜਾ ਰਹੇ ਨਗਰ ਕੀਰਤਨ ਦੇ ਸਬੰਧ ਵਿਚ ਚੱਲ ਰਹੀ ਅਖੰਡ ਪਾਠਾਂ ਦੀ ਲੜੀ ਵਿਚ ਸ਼ੁੱਕਰਵਾਰ ਨੂੰ ਰੱਖੇ ਗਏ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਜਿਸ ਦੀ ਸੇਵਾ ਜਤਿੰਦਰ ਥਿੰਦ ਪਰਿਵਾਰ, ਪੰਮੀ ਰੱਤੂ ਪਰਿਵਾਰ ਅਤੇ ਪਵਨ ਕੁਮਾਰ ਵਿਰਦੀ ਵੱਲੋਂ ਕੀਤੀ ਗਈ। ਇਸ ਸੇਵਾ ਬਦਲੇ ਪਰਿਵਾਰਾਂ ਨੂੰ ਸਿਰੋਪਾ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਭਾਈ ਜਸਪਾਲ ਸਿੰਘ ਦੇ ਜਥੇ ਅਤੇ ਭਾਈ ਗੁਰਪ੍ਰੀਤ ਸਿੰਘ ਜਥੇ ਵੱਲੋਂ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕੀਤਾ। ਅੰਤ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਿਆ।

ਸਨਿਚਰਵਾਰ ਰਾਤ ਨੂੰ ਨਵੇਂ ਸਾਲ ਦੀ ਆਮਦ ਤੇ ਕੀਰਤਨ ਦਰਬਾਰ ਸਜਾਏ ਗਏ। ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈ ਕੇ ਅਰਦਾਸਾਂ ਬੇਨਤੀਆਂ ਕੀਤੀਆਂ ਗਈਆਂ ਕਿ ਪ੍ਰਮ-ਾਤਮਾ ਸੰਸਾਰ ਤੇ ਸ਼ਾਂਤੀ ਲੈ ਕੇ ਆਵੇ ਅਤੇ ਨਵਾਂ ਸਾਲ ਚੜ੍ਹਦਿਆਂ ਹੀ ਜੈਕਾਰੇ ਛੱਡੇ ਗਏ। ਭਾਈ ਜਸਪਾਲ ਸਿੰਘ ਜਥਾ ਅਤੇ ਭਾਈ ਗੁਰਪ੍ਰੀਤ ਸਿੰਘ ਜਥੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦਿਨ ਸੋਵੀਨਾਰ ਅਤੇ 2016 ਦਾ ਕੈਲੰਡਰ ਵੀ ਜਾਰੀ ਕੀਤਾ ਗਿਆ। ਗੁਰੂ ਘਰ ਦੇ ਪੈਟਰਨ ਬਣਨ ਤੇ ਮੋਤੀ ਰਾਮ ਕਰਨ-ਾਣਾ, ਕਰਨੈਲ ਬੱਧਣ ਅਤੇ ਸੋਹਣ ਬੱਧਣ ਨੂੰ ਸਿਰੋਪਾ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਇਸ ਦਿਨ ਪ੍ਰੇਮ ਚੁੰਬਰ ਸੰਪਾਦਕ (ਦੇਸ਼ ਦੁਆਬਾ), ਜੀਵਨ ਰੱਤੂ, ਜਸਵੰਤ ਜੱਸੀ ਸ਼ੀਮਾਰ, ਸੇਵਕ ਦਾਸ ਰੱਲੂ ਨੇ ਸੰਗਤਾਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ। ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ ਅਤੇ ਲੰਗਰ ਦੀ ਸੇਵਾ ਵੀ ਜਤਿੰਦਰ ਥਿੰਦ, ਪਵਨ ਕੁਮਾਰ ਵਿਰਦੀ, ਪੰਮੀ ਰੱਤੂ ਪਰਿਵਾਰਾਂ ਵੱਲੋਂ ਕੀਤੀ ਈ। ਖੁਸ਼ੀ ਰੱਤੂ ਨੇ ਵੀ ਇਕ ਸ਼ਬਦ ਨਾਲ ਹਾਜ਼ਰੀ ਲਗਵਾਈ। ਅੰਤ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਿਆ। ਆਉਂਦੇ ਸ਼ੁੱਕਰਵਾਰ 8 ਜਨਵਰੀ ਨੂੰ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਸ ਦੇ ਧੋਗ 10 ਜਨਵਰੀ ਦਿਨ ਐਤਵਾਰ ਨੂੰ ਪਾਏ ਜਾਣਗੇ। ਸੇਵਾ ਦਰਸ਼ਨ ਵਿਰਕ ਅਤੇ ਕਰਨੈਲ ਵਿਰਕ ਪਰਿਵਾਰਾਂ ਵੱਲੋਂ ਹੋਵੇਗੀ। ਸੰਗਤਾਂ ਨੂੰ ਪਰਿਵਾਰ ਵੱਲੋਂ ਬੇਨਤੀ ਹੈ ਕਿ ਗੁਰੂ ਘਰ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ। ਗੁਰੂ ਘਰ ਦੀ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਨਵੇਂ ਸਾਲ ਦੀ ਲੱਖ-ਲੱਖ ਵਧਾਈ।



















# ਮਹਾਂਰਿਸ਼ੀ ਵਾਲਮੀਕ ਟੈਂਪਲ ਵਿਚ ਨਵਾਂ ਸਾਲ ਧੂਮ ਧਾਮ ਨਾਲ ਮਨਾਇਆ ਗਿਆ






**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਦੇ ਸੱਦੇ 'ਤੇ ਮਹਾਂਰਿਸ਼ੀ ਵਾਲਮੀਕ ਟੈਂਪਲ 84-86 ਪਰਸੀ ਐਵਨਿਊ, ਯੂਬਾ ਸਿਟੀ ਵਿਖੇ ਐਤਵਾਰ ਨੂੰ ਨਵੇਂ ਸਾਲ ਦੀ ਆਮਦ 'ਤੇ ਸੰਗਤਾਂ ਵੱਲੋਂ ਖੁਸ਼ੀਆਂ ਦੇ ਜਸ਼ਨ ਮਨਾਏ ਗਏ। ਸਭ ਤੋਂ ਪਹਿਲਾਂ ਭਗਵਾਨ ਵਾਲਮੀਕ ਜੀ ਦੇ ਰਚੇ ਗ੍ਰੰਥ ਸ੍ਰੀ ਯੋਗ ਵਸ਼ਿਸ਼ਟ ਜੀ ਦੇ ਪਾਠ ਦੇ ਭੋਗ ਪਾਏ ਗਏ, ਜਿਸ ਉਪਰੰਤ ਅਰਦਾਸ ਤੇ ਆਰਤੀ ਕੀਤੀ ਗਈ। ਜਿਸ ਉਪਰੰਤ ਸਭਾ ਦੇ ਵਾਈਸ ਪ੍ਰਧਾਨ ਸੰਤੋਖ ਸਿੰਘ ਗਿੱਲ ਵੱਲੋਂ ਨਵੇਂ ਵਰ੍ਹੇ ਦੀ ਆਮਦ ਤੇ ਸੰਗਤਾਂ ਵੱਲੋਂ ਮੰਦਰ ਵਿਚ ਆਉਣ 'ਤੇ ਜੀ ਆਇਆਂ ਕਿਹਾ ਅਤੇ ਸਭਾ ਵੱਲੋਂ ਦੁਨੀਆਂ ਭਰ ਦੀਆਂ ਸਮੂਹ ਸੰਗਤਾਂ ਨੂੰ ਨਵੇਂ ਸਾਲ ਦੀ ਮੁਬਾਰਕਬਾਦ ਦਿੰਦਿਆਂ ਹੋਇਆਂ ਕਿਹਾ ਕਿ ਨਵਾਂ ਵਰ੍ਹਾ (2016) ਖੁਸ਼ੀਆਂ-ਖੇੜੇ ਤੇ ਤਰ-ੱਕੀਆਂ ਦੇ ਮੌਕੇ ਲੈ ਕੇ ਆਵੇ। ਉਪਰੰਤ ਕਲਾਕਾਰਾਂ ਭੁਪਿੰਦਰ ਭਿੰਦਾ, ਬਲਵੀਰ ਧਾਰੀਵਾਲ, ਵਿਸ਼ਾਲ ਸ਼ਰਬਤੀ, ਜੋਗਿੰਦਰ ਕੌਰ ਗਿੱਲ, ਲਤਾ ਸੌਂਧੀ ਆਦਿ ਵੱਲੋਂ ਭਗਵਾਨ ਵਾਲਮੀਕ ਜੀ ਦੇ ਸ਼ਬਦ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਸਵੇਰ ਤੋਂ ਹੀ ਚਾਹ, ਪਕੌੜੇ ਤੇ ਮਿਠਾਈਆਂ ਦੇ ਦੁਪਹਿਰੇ ਰੋਟੀਆਂ, ਨਾਨ, ਦਾਲਾਂ, ਸਬਜ਼ੀਆਂ, ਸਾਗ, ਖੀਰ ਅਤੇ ਜਲੇਬੀਆਂ ਦਾ ਅਤੁੱਟ ਲੰਗਰ ਵਰਤਿਆ। ਸਭਾ ਦੇ ਸਕੱਤਰ ਸ੍ਰੀ ਸੋਹਣ ਲਾਲ ਸਹੋਤਾ ਜੀ ਵੱਲੋਂ ਸੰਗਤਾਂ ਨਾਲ ਬਹੁਤ ਗਿਆਨ ਭਰਪੂਰ ਗੱਲਾਂ ਕਰਕੇ ਸਾਂਝ ਪਾਈ ਗਈ। ਸਭਾ ਦੇ ਚੇਅਰਮੈਨ ਗੁਰਪਾਲ ਸਿੰਘ ਤੇ ਵਾਈਸ ਚੇਅਰਮੈਨ ਬਲਵੀਰ ਥਾਪਰ ਵੱਲੋਂ ਵੀ ਸੰਗਤਾਂ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ ਗਈ। ਅਖੀਰ ਵਿਚ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਜੀ ਵੱਲੋਂ ਸਮੂਹ ਸੰਗਤਾਂ, ਬੁਲਾਰਿਆਂ ਅਤੇ ਕਲਾਕਾਰਾਂ ਦਾ ਧੰਨਵਾਦ ਕੀਤਾ। ਸ਼ਹੀਦ ਬਾਬਾ ਜੀਵਨ ਸਿੰਘ ਨੌਜਵਾਨ ਸਭਾ ਦੇ ਅਹੁਦੇਦਾਰ ਵਿਸ਼ੇਸ਼ ਤੌਰ ਤੇ ਨਵੇਂ ਸਾਲ ਦੇ ਪ੍ਰੋਗਰਾਮ ਵਿਚ ਸ਼ਾਮਲ ਹੋਏ। ਉਹਨਾਂ ਦਾ ਵੀ ਪ੍ਰਧਾਨ ਜੀ ਵੱਲੋਂ ਧੰਨਵਾਦ ਕੀਤਾ ਗਿਆ। ਪ੍ਰੈਸ ਨੂੰ ਇਹ ਸਾਰੀ ਜਾਣਕਾਰੀ ਸਭਾ ਦੇ ਕੈਸ਼ੀਅਰ ਵਿਨੋਦ ਗਿੱਲ ਵੱਲੋਂ ਦਿੱਤੀ ਗਈ। ਗੁਰੂ ਘਰ ਦੀ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਨਵੇਂ ਸਾਲ ਦੀ ਲੱਖ-ਲੱਖ ਵਧਾਈ।

# Grant Line Insurance Agency, Inc.

## DBA Sky High Insurance Agency

**One stop shop for all your Insurance needs**

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

**209-263-0860**

3244 W. Grant Line Rd., Tracy, CA 95304

Email:- Jas@Skyhighinsuranceagency.com
Website: www.skyhighinsuranceagency.com



ਜਸਵੀਰ ਕੌਰ
ਬਰੋਕਰ
925-895-8140

ਹਰਮਨ ਸਿੰਘ
ਏਜੰਟ
510-415-8154



## ਟਰੱਕ ਡਰਾਇਵਰ ਵੀਰਾਂ ਲਈ

# ਪੈਸੇ ਬਚਾਉਣ ਅਤੇ ਕਮਾਉਣ ਦਾ ਸੁਨਹਿਰੀ ਮੌਕਾ

ਅੱਜ ਹੀ ਕਾਲ ਕਰੋ

TOLL FREE
1-800-381-0107



* ਘਰ ਵਾਪਸੀ 'ਤੇ ਲੋਡ ਨਹੀਂ ਮਿਲ ਰਿਹਾ ਤਾਂ ਸਾਨੂੰ ਕਾਲ ਕਰੋ
* ਡਿਸਪੈਚਰਾਂ ਤੋਂ ਤੁਹਾਡੇ ਪੈਸਿਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰਾਂਗੇ
* ਸਾਨੂੰ, ਡਿਸਪੈਚਰ ਤਜਰਬੇ ਜਾਂ ਬਿਨਾਂ ਤਜਰਬੇ ਦੇ ਹੋਣ, ਲੋੜ ਹੈ
* ਤੇਲ ਐਡਵਾਂਸ ਅਤੇ ਤੁਰੰਤ ਪੇਅ ਉਪਲੱਬਧ

# SKZ LLC. BROKERAGE

* CAN'T FIND A LOAD TO COME HOME?
* TIRED OF DISPATCHERS TAKING YOUR MONEY?
* We are looking for freight dispatchers with or without exprience
* Fuel ADVANCE AND QUICKPAY AVAILABLE!!

CALL Todal :-

DEEPA: 925-354-8122
R.G. : 408-896-1234
RAVI: 925-978-3674
SKZDUBLIN@GMAIL.COM